ਮੰਗਲਵਾਰ, 12 ਅਗਸਤ, 2025
28 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 72

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • TUESDAY, 12 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਵਾਪਸ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਸੋਮਵਾਰ 'ਲੈਂਡ ਪੂਲਿੰਗ ਨੀਤੀ' ਵਾਪਸ ਲੈ ਲਈ। ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਇਸ ਬਾਰੇ ਲਿਖਤੀ ਰੂਪ ਵਿੱਚ ਦੱਸਿਆ ਹੈ ਕਿ ਪੰਜਾਬ ਸਰਕਾਰ 14 ਮਈ 2025 ਨੂੰ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਂਦੀ ਹੈ। ਚੇਤੇ ਰਹੇ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲੈਂਡ ਪੂਲਿੰਗ ਨੀਤੀ 'ਤੇ 10 ਸਤੰਬਰ ਤੱਕ ਰੋਕ ਲਗਾਈ ਹੋਈ ਹੈ।

ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਨੂੰ 4 ਜੂਨ ਨੂੰ ਪ੍ਰਵਾਨਗੀ ਦਿੱਤੀ ਸੀ ਅਤੇ 25 ਜੁਲਾਈ ਨੂੰ ਕੈਬਨਿਟ ਨੇ ਇਸ ਨੀਤੀ ਵਿੱਚ ਸੋਧਾਂ ਕੀਤੀਆਂ ਸਨ। 'ਆਪ' ਸਰਕਾਰ ਵੱਲੋਂ ਹੁਣ ਤੱਕ ਇਸ ਨੀਤੀ ਨੂੰ ਕਿਸਾਨ ਹਿਤੈਸ਼ੀ ਦੱਸਿਆ ਜਾ ਰਿਹਾ ਸੀ। ਉਧਰ ਸੰਯੁਕਤ ਕਿਸਾਨ ਮੋਰਚਾ ਨੇ ਇਸ ਨੀਤੀ ਖਿਲਾਫ ਬਿਗਲ ਵਜਾਇਆ ਹੋਇਆ ਸੀ। ਵਿਰੋਧੀ ਧਿਰਾਂ ਨੇ ਇਸ ਨੀਤੀ ਖਿਲਾਫ ਪ੍ਰੋਗਰਾਮ ਉਲੀਕੇ ਹੋਏ ਸਨ।

ਕਿਸਾਨਾਂ ਦੇ ਰੋਹ ਨੂੰ ਭਾਂਪਦਿਆਂ ਸਰਕਾਰ ਨੇ ਇਹ ਫ਼ੈਸਲਾ ਲਿਆ ਹੈ। ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਤਹਿਤ 65,533 ਏਕੜ ਜ਼ਮੀਨ ਐਕੁਆਇਰ ਕਰਨ ਦਾ ਫੈਸਲਾ ਕੀਤਾ ਗਿਆ ਸੀ।

# 'ਇੰਡੀਆ' ਵੱਲੋਂ ਚੋਣ ਕਮਿਸ਼ਨ 'ਤੇ ਚੜ੍ਹਾਈ



**ਨਵੀਂ ਦਿੱਲੀ** : ਵਿਰੋਧੀ ਧਿਰਾਂ ਦੇ ਇੰਡੀਆ ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (ਐੱਸ ਆਈ ਆਰ) ਤੇ ਵੋਟ ਚੋਰੀ ਖਿਲਾਫ ਸੋਮਵਾਰ ਸੰਸਦ ਭਵਨ ਤੋਂ ਚੋਣ ਕਮਿਸ਼ਨ ਦੇ ਹੈੱਡ ਕੁਆਰਟਰ ਤੱਕ ਆਪਣਾ ਮਾਰਚ ਕੀਤਾ। ਮਾਰਚ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਤ੍ਰਿਣਮੂਲ ਕਾਂਗਰਸ, ਡੀ ਐੱਮ ਕੇ ਅਤੇ ਖੱਬੀਆਂ ਪਾਰਟੀਆਂ ਸਣੇ ਕਈ ਹੋਰ ਪਾਰਟੀਆਂ ਦੇ ਆਗੂ ਸ਼ਾਮਲ ਸਨ। ਸੰਸਦ ਮੈਂਬਰਾਂ ਨੇ ਆਪਣੇ ਸਿਰਾਂ 'ਤੇ ਚਿੱਟੀਆਂ ਟੋਪੀਆਂ ਪਾਈਆਂ ਹੋਈਆਂ ਹਨ, ਜਿਨ੍ਹਾਂ 'ਤੇ 'ਐੱਸ ਆਈ ਆਰ' ਅਤੇ 'ਵੋਟ ਚੋਰੀ' ਲਿਖਿਆ ਹੋਇਆ ਸੀ ਅਤੇ ਉਨ੍ਹਾਂ 'ਤੇ ਲਾਲ ਕਰਾਸ ਦਾ ਨਿਸ਼ਾਨ ਸੀ। ਪੁਲਸ ਨੇ ਉਨ੍ਹਾਂ ਨੂੰ ਰਾਹ ਵਿਚ ਟਰਾਂਸਪੋਰਟ ਭਵਨ ਕੋਲ ਰੋਕ ਲਿਆ ਅਤੇ ਖੜਗੇ ਤੇ ਰਾਹੁਲ ਗਾਂਧੀ ਸਣੇ ਸੈਂਕੜੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਸੰਸਦ ਭਵਨ ਦੇ ਬਾਹਰ ਗ੍ਰਿਫਤਾਰ ਕਰਕੇ ਪਾਰਲੀਮੈਂਟਰੀ ਸਟਰੀਟ ਪੁਲਸ ਸਟੇਸ਼ਨ ਲੈ ਗਈ, ਜਿੱਥੇ ਬਾਅਦ 'ਚ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਜਿਵੇਂ ਹੀ ਪੁਲਸ ਨੇ ਸੰਸਦ ਮੈਂਬਰਾਂ ਨੂੰ ਅੱਗੇ ਵਧਣ ਤੋਂ ਰੋਕਿਆ, ਉਨ੍ਹਾਂ ਵਿੱਚੋਂ ਕਈ ਸੜਕ 'ਤੇ ਬੈਠ ਗਏ ਅਤੇ ਨਾਅਰੇਬਾਜ਼ੀ ਕੀਤੀ। ਰੋਸ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਸੰਸਦ ਮੈਂਬਰਾਂ ਨੇ ਮਕਰ ਦੁਆਰ ਵਿਖੇ ਰਾਸ਼ਟਰੀ ਗੀਤ ਵੀ ਗਾਇਆ। ਪੁਲਸ ਨੇ ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਸੰਸਦ ਮਾਰਗ 'ਤੇ ਟਰਾਂਸਪੋਰਟ ਭਵਨ ਕੋਲ ਬੈਰੀਕੇਡ ਲਗਾਏ ਹੋਏ ਸਨ। ਪੁਲਸ ਨੇ ਸੰਸਦ ਮੈਂਬਰਾਂ ਨੂੰ ਅੱਗੇ ਨਾ ਵਧਣ ਤੋਂ ਰੋਕਣ ਲਈ ਲਾਊਡ ਸਪੀਕਰ ਰਾਹੀਂ ਐਲਾਨ ਕੀਤਾ। ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਅਤੇ ਸੁਸ਼ਮਿਤਾ ਦੇਵ ਅਤੇ ਕਾਂਗਰਸ ਦੇ ਸੰਜਨਾ ਜਾਟਵ ਤੇ ਜੋਤੀਮਣੀ ਟਰਾਂਸਪੋਰਟ ਭਵਨ ਵਿਖੇ ਬੈਰੀਕੇਡਾਂ 'ਤੇ ਚੜ੍ਹ ਗਏ ਅਤੇ ਚੋਣ ਕਮਿਸ਼ਨ ਵਿਰੁੱਧ ਨਾਅਰੇਬਾਜ਼ੀ ਕੀਤੀ।

# ਬਿਜਲੀ ਕਾਮਿਆਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਟੇ-ਖਾਤੇ ਪਾਉਣ ਖਿਲਾਫ਼ ਤਿੰਨ ਦਿਨਾ ਹੜਤਾਲ ਸ਼ੁਰੂ

## 15 ਅਗਸਤ ਨੂੰ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਕਾਲੇ ਝੰਡਿਆਂ ਨਾਲ ਰੋਸ ਮਾਰਚ



**ਚੰਡੀਗੜ੍ਹ** : ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ 'ਤੇ ਅਧਾਰਤ ਬਣੇ ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ :24) ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਆਗੂਆਂ ਦੀ 2 ਜੂਨ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਪ੍ਰਧਾਨਗੀ ਹੇਠ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਪੀ ਐੱਸ ਟੀ ਸੀ ਐੱਲ ਗੈਸਟ ਹਾਊਸ ਮੁਹਾਲੀ ਵਿਖੇ ਹੋਈ ਮੀਟਿੰਗ ਵਿੱਚ ਮੰਨੀਆਂ ਮੰਗਾਂ ਲਾਗੂ ਨਾ ਕਰਨ ਖਿਲਾਫ਼ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਨਿਊ ਅੰਮ੍ਰਿਤਸਰ ਰਿਹਾਇਸ਼ 'ਤੇ ਰੋਸ ਧਰਨਾ ਲਗਾਉਣ ਉਪਰੰਤ 11 ਅਗਸਤ ਤੋਂ 13 ਅਗਸਤ ਤੱਕ ਸਮੁੱਚੇ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਦਫਤਰਾਂ ਵਿੱਚ ਰੋਸ ਪ੍ਰਦਰਸ਼ਨ ਕਰਨ ਅਤੇ 15 ਅਗਸਤ ਨੂੰ ਜ਼ਿਲ੍ਹਾ ਪੱਧਰ 'ਤੇ ਕਾਲੇ ਝੰਡਿਆਂ ਨਾਲ ਰੋਸ ਮਾਰਚ ਕਰਨ ਦੇ ਦਿੱਤੇ ਸੰਘਰਸ਼ ਦੇ ਸੱਦੇ ਦੇ ਮੱਦੇਨਜ਼ਰ ਬਿਜਲੀ ਮੰਤਰੀ ਅਤੇ ਪਾਵਰ ਮੈਨੇਜਮੈਂਟ ਨਾਲ 6 ਅਗਸਤ ਨੂੰ ਮੁਹਾਲੀ ਗੈਸਟ ਹਾਊਸ ਵਿਖੇ ਹੋਈ ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ 8 ਅਗਸਤ ਨੂੰ ਪਾਵਰ ਮੈਨੇਜਮੈਂਟ ਨਾਲ ਮੁੱਖ ਦਫਤਰ ਪਟਿਆਲਾ ਵਿਖੇ ਤਿੰਨ ਘੰਟੇ ਚੱਲੀ ਮੀਟਿੰਗ ਵਿੱਚ ਵੀ ਮੰਗਾਂ 'ਤੇ ਸਹਿਮਤੀ ਨਾ ਬਣਨ ਕਾਰਨ ਪੈਦਾ ਹੋਏ ਡੈੱਡਲਾਕ ਤੋਂ ਬਾਅਦ 10 ਅਗਸਤ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਖਜ਼ਾਨਾ ਮੰਤਰੀ, ਬਿਜਲੀ ਮੰਤਰੀ ਅਤੇ ਪਾਵਰ ਮੈਨੇਜਮੈਂਟ ਦੀ ਮੁੜ ਮੁਲਾਜ਼ਮ ਜਥੇਬੰਦੀਆਂ ਨਾਲ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਸਾਂਝੇ ਧੜੇ ਦੇ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ 6 ਅਤੇ 8 ਅਗਸਤ ਦੀਆਂ ਦੋ ਮੀਟਿੰਗਾਂ ਬੇਸਿੱਟਾ ਰਹਿਣ ਤੋਂ ਬਾਅਦ ਅੱਜ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਨੀਆਂ ਹੋਈਆਂ ਵਾਜਿਬ ਮੰਗਾਂ ਲਾਗੂ ਕਰਨ ਸੰਬੰਧੀ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਬਿਜਲੀ ਮੰਤਰੀ ਹਰਭਜਨ ਸਿੰਘ ਦੀ ਹਾਜ਼ਰੀ ਵਿੱਚ ਅਦਾਰੇ ਦੇ ਸੀ ਐੱਮ ਡੀ ਅਤੇ ਮੈਨੇਜਮੈਂਟ ਨਾਲ ਮੰਨੀਆਂ ਮੰਗਾਂ ਲਾਗੂ ਕਰਨ ਸੰਬੰਧੀ ਪਾਵਰ ਮੈਨੇਜਮੈਂਟ ਵੱਲੋਂ ਅਪਣਾਏ ਨਾਂਹ-ਪੱਖੀ ਰਵੱਈਏ ਕਾਰਨ ਐਤਵਾਰ ਦੀ ਅੱਧੀ ਰਾਤ ਨੂੰ ਗੱਲਬਾਤ ਟੁੱਟ ਜਾਣ ਤੋਂ ਬਾਅਦ ਸਮੁੱਚੇ ਬਿਜਲੀ ਮੁਲਾਜ਼ਮਾਂ ਦੇ ਤਿੰਨ ਦਿਨ ਹੜਤਾਲ 'ਤੇ ਜਾਣ ਬਾਰੇ ਆਗੂਆਂ ਨੇ ਕਿਹਾ ਕਿ 2 ਜੂਨ ਦੀ ਮੀਟਿੰਗ ਵਿੱਚ ਕਾਫੀ ਮੰਗਾਂ 'ਤੇ ਸਹਿਮਤੀ ਬਣੀ ਸੀ, ਜਿਸ ਨੂੰ ਲਾਗੂ ਕਰਨ ਲਈ ਪਾਵਰ ਮੈਨਜਮੈਂਟ ਨੇ 10 ਦਿਨ ਦਾ ਸਮਾਂ ਤਹਿ ਕੀਤਾ ਸੀ, ਪਰ ਲਗਭਗ 2 ਮਹੀਨੇ ਬੀਤ ਜਾਣ ਦੇ ਬਾਵਜੂਦ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ। ਆਗੂਆਂ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਏ ਜਾਣ ਕਰਕੇ ਮੁਲਾਜ਼ਮਾਂ ਨੇ ਸੂਬਾ ਪੱਧਰ 'ਤੇ 70 ਪ੍ਰਤੀਸ਼ਤ ਹੜਤਾਲ ਵਿੱਚ ਹਿੱਸਾ ਲੈ ਕੇ ਬਿਜਲੀ ਦਫਤਰਾਂ ਵਿੱਚ ਮੈਨੇਜਮੈਂਟ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ। ਆਗੂਆਂ ਕਿਹਾ ਕਿ ਬੇਸ਼ੱਕ ਮੀਟਿੰਗ ਚੰਗੇ ਮਾਹੌਲ ਵਿੱਚ ਹੋਈ, ਪਰ ਮੀਟਿੰਗ ਦੇ ਮਿੰਟਸ ਲਿਖਣ ਸਮੇਂ ਮੰਤਰੀਆਂ ਦੀ ਹਾਜ਼ਰੀ ਵਿੱਚ ਹੋਈਆਂ ਸਹਿਮਤੀਆਂ ਲਾਗੂ ਕਰਨ ਤੋਂ ਮੈਨੇਜਮੈਂਟ ਨੇ ਟਾਲਾ ਵੱਟ ਲਿਆ। ਆਗੂਆਂ

• ਬਾਕੀ ਸਫਾ 2 'ਤੇ

### ਬਿਜਲੀ ਮੰਤਰੀ ਦੀ ਅਪੀਲ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਪਾਵਰਕਾਮ ਦੇ ਹੜਤਾਲੀ ਕਰਮਚਾਰੀਆਂ ਨੂੰ ਆਪਣੀ ਹੜਤਾਲ ਖ਼ਤਮ ਕਰਨ ਅਤੇ ਜਨਤਕ ਹਿੱਤਾਂ ਖਾਸ ਕਰਕੇ ਮੌਜੂਦਾ ਗਰਮੀਆਂ ਦੇ ਮੌਸਮ ਦੌਰਾਨ ਬਿਜਲੀ ਦੀ ਵਧੀ ਮੰਗ ਨੂੰ ਮੁੱਖ ਰੱਖਦਿਆਂ ਤੁਰੰਤ ਕੰਮ 'ਤੇ ਵਾਪਸ ਪਰਤਣ ਦੀ ਅਪੀਲ ਕੀਤੀ ਹੈ। ਉਨ੍ਹਾ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਉਨ੍ਹਾਂ ਦੇ ਮਸਲਿਆਂ ਨੂੰ ਇਮਾਨਦਾਰੀ ਨਾਲ ਹੱਲ ਕਰਨ ਲਈ ਯਤਨਸ਼ੀਲ ਹੈ।

# ਗਿਆਨੀ ਹਰਪ੍ਰੀਤ ਸਿੰਘ ਬਣੇ ਨਵੇਂ ਅਕਾਲੀ ਦਲ ਦੇ ਪ੍ਰਧਾਨ



**ਅੰਮ੍ਰਿਤਸਰ** : ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਗਠਿਤ ਸ਼੍ਰੋਮਣੀ ਅਕਾਲੀ ਦਲ ਦਾ ਸੋਮਵਾਰ ਸਰਬਸੰਮਤੀ ਤੇ ਬਿਨਾਂ ਕਿਸੇ ਵਿਰੋਧ ਦੇ ਪ੍ਰਧਾਨ ਐਲਾਨਿਆ ਗਿਆ। ਇਸ ਦਾ ਐਲਾਨ ਨਿਗਰਾਨ ਬਣਾਏ ਸੰਤਾ ਸਿੰਘ ਉਮੈਦਪੁਰੀ ਵੱਲੋਂ ਕੀਤਾ ਗਿਆ।

ਇਸ ਦੇ ਨਾਲ ਹੀ ਬੀਬੀ ਸਤਵੰਤ ਕੌਰ ਪੁੱਤਰੀ ਭਾਈ ਅਮਰੀਕ ਸਿੰਘ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਚੁਣਿਆ ਗਿਆ ਹੈ। ਅਕਾਲੀ ਦਲ ਦੇ ਪ੍ਰਧਾਨ ਵਜੋਂ ਗਿਆਨੀ ਹਰਪ੍ਰੀਤ ਸਿੰਘ ਦੇ ਨਾਂਅ ਦੀ ਤਜਵੀਜ਼ ਬਾਬਾ ਸਰਬਜੋਤ ਸਿੰਘ ਬੇਦੀ ਨੇ ਰੱਖੀ, ਜਦੋਂਕਿ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਦੀ ਤਾਈਦ ਕੀਤੀ।

ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਭਰਤੀ ਕਮੇਟੀ ਵੱਲੋਂ ਇੱਥੇ ਡੈਲੀਗੇਟ ਅਜਲਾਸ ਦੌਰਾਨ ਪੰਥਕ ਕੌਂਸਲ ਬਣਾਈ ਗਈ ਅਤੇ ਬੀਬੀ ਸਤਵੰਤ ਕੌਰ ਨੂੰ ਉਸ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ। ਇਹ ਅਜਲਾਸ ਇਥੇ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਗੁਰਦੁਆਰਾ ਅਕਾਲੀ ਫੂਲਾ ਸਿੰਘ ਵਿਖੇ ਹੋਇਆ।

ਡੈਲੀਗੇਟ ਅਜਲਾਸ ਵੱਲੋਂ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਵਾਪਸ ਕੀਤੇ ਜਾਣ, ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਰਿਪੇਰੀਅਨ ਕਾਨੂੰਨ ਮੁਤਾਬਕ ਹੱਲ ਕੀਤਾ ਜਾਵੇ। ਪੰਜਾਬ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਲੈਂਡ ਪੂਲਿੰਗ ਨੀਤੀ ਦੀ ਸਖਤ ਵਿਰੋਧਤਾ ਕਰਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ। ਭਾਰਤੀ ਸੰਵਿਧਾਨ ਨੂੰ ਫੈਡਰਲ ਰੂਪ ਦੇਣ, ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਅਤੇ ਦੇਸ਼ ਦੀ ਤਰੱਕੀ ਵਾਸਤੇ ਵਪਾਰ ਲਈ ਅਟਾਰੀ ਸਰਹੱਦ ਤੇ ਹੁਸੈਨੀਵਾਲਾ ਸਰਹੱਦ ਖੋਲ੍ਹਣ ਦੀ ਮੰਗ ਵੀ ਕੀਤੀ ਗਈ।

# ਮੈਡੀਕਲ ਸਟੋਰ ਮਾਲਕ 'ਤੇ ਫਾਇਰਿੰਗ

**ਬਟਾਲਾ** : ਸੋਮਵਾਰ ਦੁਪਹਿਰ ਡੇਢ ਵਜੇ ਦੇ ਕਰੀਬ ਬਟਾਲਾ ਦੇ ਨਜ਼ਦੀਕੀ ਅੱਡਾ ਦਾਲਮ ਨੰਗਲ ਵਿਖੇ ਗੁਰੂ ਨਾਨਕ ਮੈਡੀਕਲ ਸਟੋਰ ਦੇ ਮਾਲਕ ਡਾਕਟਰ ਜੋਗਾ ਸਿੰਘ ਨੂੰ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਤੋਂ ਪਹਿਲਾਂ ਸਵੇਰੇ 9 ਵਜੇ ਦੇ ਕਰੀਬ ਅੱਡਾ ਵਡਾਲਾ ਬਾਂਗਰ ਵਿਖੇ ਖਹਿਰਾ ਮੈਡੀਕਲ ਸਟੋਰ 'ਤੇ ਗੋਲੀਆਂ ਚੱਲੀਆਂ ਸਨ।

ਡਾਕਟਰ ਜੋਗਾ ਸਿੰਘ ਮੈਡੀਕਲ ਸਟੋਰ 'ਤੇ ਬੈਠੇ ਹੋਏ ਸਨ ਕਿ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ 'ਚੋਂ ਇੱਕ ਨੌਜਵਾਨ ਮੈਡੀਕਲ ਸਟੋਰ ਦੇ ਅੰਦਰ ਆਇਆ ਤੇ ਆਉਂਦਿਆਂ ਹੀ ਉਸ ਨੇ ਡਾਕਟਰ ਜੋਗਾ ਸਿੰਘ 'ਤੇ ਸਿੱਧੀਆਂ ਦੋ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਮੋਢੇ ਅਤੇ ਬਾਂਹ 'ਚ ਲੱਗੀਆਂ। ਘਟਨਾ ਦੀ ਸੂਚਨਾ ਮਿਲਦਿਆਂ ਹੀ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਿਵਲ ਹਸਪਤਾਲ ਪਹੁੰਚ ਗਏ ਅਤੇ ਜੋਗਾ ਸਿੰਘ ਦੇ ਇਲਾਜ ਬਾਰੇ ਡਾਕਟਰਾਂ ਕੋਲੋਂ ਜਾਣਕਾਰੀ ਲਈ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਦਿਨੋਂ-ਦਿਨ ਵਿਗੜ ਰਹੇ ਹਨ।

## ਕੁੱਤਿਆਂ ਨੂੰ ਆਸਰਾ ਸਥਾਨਾਂ 'ਚ ਲਿਜਾਣ ਦੇ ਹੁਕਮ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੇ ਖਤਰੇ ਨੂੰ ਬਹੁਤ ਹੀ ਭਿਆਨਕ ਕਰਾਰ ਦਿੰਦੇ ਹੋਏ ਸੋਮਵਾਰ ਦਿੱਲੀ ਸਰਕਾਰ ਅਤੇ ਨਗਰ ਨਿਗਮਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਜਲਦੀ ਤੋਂ ਜਲਦੀ ਸਾਰੇ ਇਲਾਕਿਆਂ 'ਚੋਂ ਆਵਾਰਾ ਕੁੱਤਿਆਂ ਨੂੰ ਚੁੱਕਣਾ ਸ਼ੁਰੂ ਕਰਨ ਅਤੇ ਉਨ੍ਹਾਂ ਨੂੰ ਕੁੱਤਿਆਂ ਲਈ ਬਣਾਏ ਆਸਰਾ ਸਥਾਨਾਂ 'ਤੇ ਰੱਖਣ। ਕੁੱਤਿਆਂ ਵੱਲੋਂ ਆਮ ਲੋਕਾਂ ਨੂੰ ਵੱਢਣ ਦੀਆਂ ਵਧਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਕਈ ਨਿਰਦੇਸ਼ ਦਿੰਦੇ ਹੋਏ ਅਦਾਲਤ ਨੇ ਚੇਤਾਵਨੀ ਦਿੱਤੀ ਕਿ ਜੇ ਕੋਈ ਵਿਅਕਤੀ ਜਾਂ ਸੰਗਠਨ ਅਧਿਕਾਰੀਆਂ ਵੱਲੋਂ ਆਵਾਰਾ ਕੁੱਤਿਆਂ ਨੂੰ ਚੁੱਕਣ ਦੇ ਰਾਹ ਵਿੱਚ ਅੜਿੱਕਾ ਬਣਦਾ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਆਰ ਮਹਾਦੇਵਨ ਦੀ ਬੈਂਚ ਨੇ ਕਿਹਾ ਕਿ ਹਾਲ ਦੀ ਘੜੀ ਕਰੀਬ 5,000 ਆਵਾਰਾ ਕੁੱਤਿਆਂ ਦੇ ਰਹਿਣ ਲਈ ਆਸਰਾ ਸਥਾਨ ਬਣਾਏ ਜਾਣ ਅਤੇ ਕੁੱਤਿਆਂ ਦੀ ਨਸਬੰਦੀ ਤੇ ਟੀਕਾਕਰਨ ਲਈ ਉੱਥੇ ਲੋੜੀਂਦੇ ਕਰਮਚਾਰੀ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ।

## ਡੇਅ ਕੇਅਰ ਸੈਂਟਰ 'ਚ ਬੱਚੀ 'ਤੇ ਤਸ਼ੱਦਦ

**ਨੋਇਡਾ** : ਇਥੇ ਸੈਕਟਰ-137 ਦੇ ਡੇਅ ਕੇਅਰ ਸੈਂਟਰ ਵਿੱਚ 15 ਮਹੀਨਿਆਂ ਦੀ ਬੱਚੀ ਨਾਲ ਅਣਮਨੁੱਖੀ ਵਤੀਰੇ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਮਹਿਲਾ ਅਟੈਂਡੈਂਟ ਨੂੰ ਮਾਸੂਮ 'ਤੇ ਤਸ਼ੱਦਦ ਢਾਹੁਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਘਟਨਾ ਪਾਰਸ ਟੀਏਰਾ ਰਿਹਾਇਸ਼ੀ ਕੰਪਲੈਕਸ ਸਥਿਤ ਡੇਅ ਕੇਅਰ ਦੀ ਦੱਸੀ ਜਾਂਦੀ ਹੈ। ਬੱਚੀ ਦੇ ਮਾਤਾ-ਪਿਤਾ ਨੇ ਉਸ ਦੇ ਪੱਟ 'ਤੇ ਦੰਦਾਂ ਦੇ ਨਿਸ਼ਾਨ ਦੇਖ ਦੇ ਜਾਂਚ ਕਰਵਾਈ। ਡਾਕਟਰ ਨੇ ਪੁਸ਼ਟੀ ਕੀਤੀ ਕਿ ਇਹ ਕਿਸੇ ਵਿਅਕਤੀ ਵੱਲੋਂ ਕੱਟਣ ਦੇ ਨਿਸ਼ਾਨ ਹਨ। ਇਸ ਮਗਰੋਂ ਪਰਵਾਰਕ ਮੈਂਬਰਾਂ ਨੇ ਸੁਸਾਇਟੀ ਪ੍ਰਬੰਧਨ ਤੋਂ ਡੇਅ ਕੇਅਰ ਦੀ ਸੀ ਸੀ ਟੀ ਵੀ ਫੁਟੇਜ ਮੰਗੀ, ਜਿਸ ਵਿਚ ਲੂੰ ਕੰਡੇ ਖੜ੍ਹੇ ਕਰਨ ਵਾਲੇ ਦ੍ਰਿਸ਼ ਸਾਹਮਣੇ ਆਏ। ਅਟੈਂਡੈਂਟ ਨੂੰ ਮਾਸੂਮ ਬੱਚੀ ਦੇ ਚਿਹਰੇ 'ਤੇ ਮਾਰਦਿਆਂ ਤੇ ਜਾਣਬੁੱਝ ਕੇ ਜ਼ਮੀਨ 'ਤੇ ਸੁੱਟਦਿਆਂ ਦੇਖਿਆ ਗਿਆ। ਪੂਰੀ ਫੁਟੇਜ ਵਿਚ ਬੱਚੀ ਨੂੰ ਦਰਦ ਨਾਲ ਰੋਂਦਿਆਂ ਸੁਣਿਆ ਜਾ ਸਕਦਾ ਹੈ। ਪੀੜਤ ਪਰਵਾਰ ਨੇ ਸੈਕਟਰ 149 ਥਾਣੇ ਵਿੱਚ ਸ਼ਿਕਾਇਤ ਦਰਜ ਕੀਤੀ, ਜਿਸ ਮਗਰੋਂ ਪੁਲਸ ਨੇ ਕੇਸ ਦਰਜ ਕਰਕੇ ਮਹਿਲਾ ਨੂੰ ਹਿਰਾਸਤ ਵਿਚ ਲੈ ਲਿਆ। ਇਸ ਘਟਨਾ ਕਰਕੇ ਸਥਾਨਕ ਲੋਕਾਂ ਵਿਚ ਗੁੱਸਾ ਹੈ।

# ਇਜ਼ਰਾਈਲ ਨੇ ਗਾਜ਼ਾ 'ਚ ਛੇ ਪੱਤਰਕਾਰ ਮਾਰੇ



ਅਨਾਸ ਅਲ ਸ਼ਰੀਫ

**ਕਾਹਿਰਾ** : ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਕੀਤੇ ਹਵਾਈ ਹਮਲੇ 'ਚ ਅਲ ਜਜ਼ੀਰਾ ਦੇ ਦੋ ਨਾਮਾਨਿਗਾਰ, ਤਿੰਨ ਕੈਮਰਾਮੈਨ ਅਤੇ ਇੱਕ ਫਲਸਤੀਨ ਆਜ਼ਾਦ ਪੱਤਰਕਾਰ ਮਾਰੇ ਗਏ ਹਨ। ਇਨ੍ਹਾਂ ਵਿੱਚ ਅਨਾਸ ਅਲ ਸ਼ਰੀਫ ਦੀ ਸ਼ਾਮਲ ਹੈ, ਜਿਸ ਨੂੰ ਇਜ਼ਰਾਈਲ ਹਮਾਸ ਸੈੱਲ ਦਾ ਆਗੂ ਮੰਨਦਾ ਹੈ।

ਇਜ਼ਰਾਇਲੀ ਫੌਜ ਨੇ ਵੀ ਅਲ ਜਜ਼ੀਰਾ ਦੇ ਪੱਤਰਕਾਰ ਨੂੰ ਮਾਰ-ਮੁਕਾਉਣ ਦਾ ਦਾਅਵਾ ਕੀਤਾ ਹੈ। ਉਧਰ ਮਨੁੱਖੀ ਹੱਕਾਂ ਬਾਰੇ ਕਾਰਕੁਨਾਂ ਨੇ ਕਿਹਾ ਕਿ ਸ਼ਰੀਫ ਨੂੰ ਗਾਜ਼ਾ ਜੰਗ ਬਾਰੇ ਕੀਤੀ ਰਿਪੋਰਟਿੰਗ ਲਈ ਨਿਸ਼ਾਨਾ ਬਣਾਇਆ ਗਿਆ ਹੈ ਤੇ ਇਜ਼ਰਾਈਲ ਦੇ ਦਾਅਵੇ ਖੋਖਲੇ ਹਨ।

ਗਾਜ਼ਾ ਦੇ ਅਧਿਕਾਰੀਆਂ ਅਤੇ ਅਲ ਜਜ਼ੀਰਾ ਨੇ ਦੱਸਿਆ ਕਿ 28 ਸਾਲਾ ਅਨਸ ਅਲ ਸ਼ਰੀਫ ਤੇ ਹੋਰ ਪੂਰਬੀ ਗਾਜ਼ਾ ਸ਼ਹਿਰ ਵਿੱਚ ਸ਼ਿਫਾ ਹਸਪਤਾਲ ਨੇੜੇ ਇੱਕ ਤੰਬੂ 'ਤੇ ਹੋਏ ਹਮਲੇ ਵਿੱਚ ਮਾਰੇ ਗਏ। ਅਲ ਜਜ਼ੀਰਾ ਨੇ ਅਲ ਸ਼ਰੀਫ ਨੂੰ ਗਾਜ਼ਾ ਦੇ ਸਭ ਤੋਂ ਬਹਾਦਰ ਪੱਤਰਕਾਰਾਂ ਵਿੱਚੋਂ ਇੱਕ ਦੱਸਦੇ ਹੋਏ ਕਿਹਾ ਕਿ ਇਹ ਹਮਲਾ ਗਾਜ਼ਾ 'ਤੇ ਕਬਜ਼ੇ ਦੀ ਉਮੀਦ ਵਿੱਚ ਆਵਾਜ਼ਾਂ ਨੂੰ ਚੁੱਪ ਕਰਾਉਣ ਦੀ ਇੱਕ ਬੇਚੈਨ ਕੋਸ਼ਿਸ਼ ਸੀ।

ਉਧਰ ਇਜ਼ਰਾਇਲੀ ਫੌਜ ਨੇ ਇੱਕ ਬਿਆਨ ਵਿੱਚ ਗਾਜ਼ਾ ਵਿੱਚੋਂ ਮਿਲੀ ਖੁਫੀਆ ਜਾਣਕਾਰੀ ਅਤੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਕਿ ਅਲ ਸ਼ਰੀਫ ਹਮਾਸ ਸੈੱਲ ਦਾ ਮੁਖੀ ਸੀ ਅਤੇ ਇਜ਼ਰਾਈਲੀ ਨਾਗਰਿਕਾਂ ਅਤੇ ਇਜ਼ਰਾਈਲੀ ਫੌਜਾਂ ਵਿਰੁੱਧ ਰਾਕੇਟ ਹਮਲੇ ਅੱਗੇ ਵਧਾਉਣ ਲਈ ਜ਼ਿੰਮੇਵਾਰ ਸੀ। ਪੱਤਰਕਾਰ ਸਮੂਹਾਂ ਅਤੇ ਅਲ ਜਜ਼ੀਰਾ ਨੇ ਹੱਤਿਆਵਾਂ ਦੀ ਨਿੰਦਾ ਕੀਤੀ ਹੈ। ਸੰਯੁਕਤ ਰਾਸ਼ਟਰ ਦੇ ਇੱਕ ਮਾਹਰ ਨੇ ਪਹਿਲਾਂ ਚੇਤਾਵਨੀ ਦਿੱਤੀ ਸੀ ਕਿ ਗਾਜ਼ਾ ਤੋਂ ਰਿਪੋਰਟਿੰਗ ਕੀਤੇ ਜਾਣ ਕਰਕੇ ਅਲ ਸ਼ਰੀਫ ਦੀ ਜਾਨ ਖਤਰੇ ਵਿੱਚ ਹੈ। ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਰਿਪੋਰਟਰ ਆਇਰੀਨ ਖਾਨ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਇਜ਼ਰਾਈਲ ਵੱਲੋਂ ਉਸ ਖਿਲਾਫ ਦਾਅਵੇ ਬੇਬੁਨਿਆਦ ਹਨ।

# ਏਅਰ ਇੰਡੀਆ ਦੀ ਤਿਰੂਅਨੰਤਪੁਰਮ-ਦਿੱਲੀ ਉਡਾਣ ਨੇ ਡਰਾਇਆ

**ਨਵੀਂ ਦਿੱਲੀ** : ਸੀਨੀਅਰ ਕਾਂਗਰਸ ਆਗੂ ਤੇ ਸੰਸਦ ਦੀ ਲੋਕ ਲੇਖਾ ਕਮੇਟੀ ਦੇ ਚੇਅਰਮੈਨ ਕੇ ਸੀ ਵੇਣੂਗੋਪਾਲ ਨੇ ਦਾਅਵਾ ਕੀਤਾ ਹੈ ਕਿ ਤਿਰੂਅਨੰਤਪੁਰਮ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਉਡਾਣ, ਜਿਸ ਵਿੱਚ ਉਹ ਖੁਦ ਤੇ ਕਈ ਹੋਰ ਸੰਸਦ ਮੈਂਬਰ ਸਵਾਰ ਸਨ, ਇੱਕ ਭਿਆਨਕ ਤੇ ਵੱਡੇ ਦੁਖਾਂਤ ਦੇ ਬਹੁਤੇ ਨੇੜਿਓਂ ਲੰਘੀ।

ਵੇਣੂਗੋਪਾਲ ਨੇ ਐਤਵਾਰ ਰਾਤੀਂ ਐੱਕਸ 'ਤੇ ਇਕ ਪੋਸਟ ਵਿੱਚ ਕਿਹਾ, 'ਏਅਰ ਇੰਡੀਆ ਦੇ ਜਹਾਜ਼ ਵਿੱਚ ਤਿਰੂਅਨੰਤਪੁਰਮ ਤੋਂ ਦਿੱਲੀ ਲਈ ਦੇਰੀ ਨਾਲ ਸ਼ੁਰੂ ਹੋਇਆ ਸਫਰ ਦੁਖਦਾਈ ਯਾਤਰਾ ਵਿੱਚ ਬਦਲ ਗਿਆ। ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਸਾਨੂੰ ਬੇਮਿਸਾਲ ਗੜਬੜ ਦਾ ਸਾਹਮਣਾ ਕਰਨਾ ਪਿਆ। ਕਰੀਬ ਇੱਕ ਘੰਟੇ ਬਾਅਦ ਕੈਪਟਨ ਨੇ ਫਲਾਈਟ ਸਿਗਨਲ ਵਿੱਚ ਖਰਾਬੀ ਦਾ ਐਲਾਨ ਕੀਤਾ ਅਤੇ (ਜਹਾਜ਼) ਚੇਨਈ ਵੱਲ ਮੋੜ ਦਿੱਤਾ...। ਕਰੀਬ ਦੋ ਘੰਟੇ ਤੱਕ ਅਸੀਂ ਹਵਾਈ ਅੱਡੇ ਦੇ ਆਲੇ-ਦੁਆਲੇ ਲੈਂਡਿੰਗ ਲਈ ਕਲੀਅਰੈਂਸ ਦੀ ਉਡੀਕ ਕਰਦੇ ਰਹੇ...ਜਦੋਂ ਤੱਕ

• ਬਾਕੀ ਸਫਾ 2 'ਤੇ

# ਗਦਰੀ ਬਾਬਿਆਂ ਦੇ ਮੇਲੇ ਨੂੰ ਭਰਪੂਰ ਹੁੰਗਾਰਾ



**ਜਸਵਿੰਦਰ ਕੌਰ ਪਤਨੀ ਨਿਰਮਲ ਸਿੰਘ ਸੰਘੇ ਖਾਲਸਾ ਬਰਮਿੰਘਮ 50,000 ਰੁਪਏ ਆਪਣੇ ਅਤੇ 50,000 ਰੁਪਏ ਪਿਆਰਾ ਸਿੰਘ ਸੰਘੇ ਖਾਲਸਾ ਦੇ ਗਦਰੀ ਬਾਬਿਆਂ ਦੇ ਮੇਲੇ ਦੇ ਲੰਗਰ ਲਈ ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੂੰ ਸੌਂਪਦੇ ਹੋਏ। ਫੋਟੋ ਵਿੱਚ ਨਾਲ ਖੜ੍ਹੇ ਹਨ ਉੱਘੇ ਕਾਲਮ ਨਵੀਸ ਜਤਿੰਦਰ ਪਨੂੰ।**



**ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਦੱਸਿਆ ਕਿ ਮੇਲਾ ਗ਼ਦਰੀ ਬਾਬਿਆਂ ਦਾ 30-31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਹੋ ਰਿਹਾ ਹੈ। ਉਹਨਾ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਵਿੱਚ ਫੰਡ ਦੀ ਅਪੀਲ ਕੀਤੀ ਸੀ ਤੇ ਕਮੇਟੀ ਮੈਂਬਰ ਅਤੇ ਇਤਿਹਾਸਕਾਰ ਸੁਵਰਨ ਸਿੰਘ ਵਿਰਕ ਨੇ ਮੌਕੇ 11000 ਰੁਪਏ ਤੇ ਸੋਮਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੀ ਟਰੱਸਟੀ ਭੈਣ ਜੀ ਸੁਰਿੰਦਰ ਕੁਮਾਰੀ ਕੋਛੜ ਨੇ 30000 ਰੁਪਏ ਦਾ ਪਰਵਾਰ ਵੱਲੋਂ ਚੈਕ ਦਿੱਤਾ ਹੈ। ਚੈੱਕ ਰਸੀਵ ਕਰਨ ਦੇ ਮੌਕੇ ਮਾੜੀਮੇਘਾ ਤੋਂ ਇਲਾਵਾ ਸੀਨੀਅਰ ਟਰੱਸਟੀ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ ਅਤੇ ਬਾਕੀ ਸਟਾਫ ਮੈਂਬਰ ਸਨ। ਮਾੜੀਮੇਘਾ ਨੇ ਦੋਵਾਂ ਸਾਥੀਆਂ ਦਾ ਕਮੇਟੀ ਵੱਲੋਂ ਧੰਨਵਾਦ ਕੀਤਾ ਹੈ।**

# ਮੁਨੀਰ ਵੱਲੋਂ ਟਰੰਪ ਦਾ ਧੰਨਵਾਦ



**ਵਾਸ਼ਿੰਗਟਨ** : ਪਾਕਿਸਤਾਨ ਦੇ ਫੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੇ ਕਿਹਾ ਹੈ ਕਿ ਉਨ੍ਹਾ ਦਾ ਮੁਲਕ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਬਹੁਤ ਧੰਨਵਾਦੀ ਹੈ, ਜਿਨ੍ਹਾ ਦੀ ਰਣਨੀਤਕ ਅਗਵਾਈ ਨੇ ਭਾਰਤ ਅਤੇ ਪਾਕਿਸਤਾਨ ਦੇ ਨਾਲ-ਨਾਲ ਦੁਨੀਆ ਦੀਆਂ ਕਈ ਹੋਰ ਜੰਗਾਂ ਨੂੰ ਟਾਲਿਆ। ਮੁਨੀਰ ਨੇ ਫਲੋਰਿਡਾ ਦੇ ਟੈਂਪਾ ਵਿੱਚ ਪਾਕਿਸਤਾਨੀ ਪ੍ਰਵਾਸੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀ ਕੀਤੀ। ਮੁਨੀਰ ਨੇ ਇਸ ਮੌਕੇ ਇੱਕ ਵਾਰ ਫਿਰ ਭਾਰਤ ਵਿਰੋਧੀ ਰਾਗ ਅਲਾਪਦਿਆਂ ਕਸ਼ਮੀਰ ਨੂੰ ਪਾਕਿਸਤਾਨ ਦੇ 'ਗਲੇ ਦੀ ਨਸ' ਦੱਸਿਆ। ਮੁਨੀਰ ਨੇ ਕਿਹਾ ਕਿ ਕਸ਼ਮੀਰ ਭਾਰਤ ਦਾ ਅੰਦਰੂਨੀ ਮਾਮਲਾ ਨਹੀਂ, ਬਲਕਿ ਇਕ ਅਧੂਰਾ ਕੌਮਾਂਤਰੀ ਏਜੰਡਾ ਹੈ। ਜਿਵੇਂ ਕਿ ਕਾਇਦੇ ਆਜ਼ਮ ਨੇ ਕਿਹਾ ਸੀ ਕਿ ਕਸ਼ਮੀਰ ਪਾਕਿਸਤਾਨ ਦੇ ਗਲੇ ਦੀ ਨਸ ਹੈ।

# ਪਾਕਿਸਤਾਨੀ ਪ੍ਰਮਾਣੂ ਬਲੈਕਮੇਲਿੰਗ ਅੱਗੇ ਨਹੀਂ ਝੁਕਾਂਗੇ : ਭਾਰਤ

**ਨਵੀਂ ਦਿੱਲੀ** : ਭਾਰਤ ਨੇ ਪਾਕਿਸਤਾਨ ਦੇ ਫੌਜ ਮੁਖੀ ਆਸਿਮ ਮੁਨੀਰ ਦੀ ਤਾਜ਼ਾ ਧਮਕੀ ਦੇ ਹਵਾਲੇ ਨਾਲ ਕਿਹਾ ਹੈ ਕਿ ਉਹ ਕਿਸੇ ਵੀ ਪ੍ਰਮਾਣੂ ਬਲੈਕਮੇਲ ਅੱਗੇ ਨਹੀਂ ਝੁਕੇਗਾ। ਅਮਰੀਕਾ ਦੌਰੇ 'ਤੇ ਗਏ ਪਾਕਿਸਤਾਨ ਦੇ ਫੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੇ ਇਸਲਾਮਾਬਾਦ ਦੀ ਪ੍ਰਮਾਣੂ ਤਾਕਤ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ 'ਜੇ ਅਸੀਂ ਆਪਣੀ ਆਈ 'ਤੇ ਆ ਗਏ ਤਾਂ ਅੱਧੀ ਦੁਨੀਆ ਨੂੰ ਤਬਾਹ ਕਰ ਦੇਵਾਂਗੇ।' ਭਾਰਤ ਨੇ ਕੌਮਾਂਤਰੀ ਭਾਈਚਾਰੇ ਨੂੰ ਅਜਿਹੀਆਂ ਧਮਕੀਆਂ ਤੋਂ ਪੈਦਾ ਹੋਣ ਵਾਲੀ ਗੈਰ-ਜ਼ਿੰਮੇਵਾਰੀ ਵੱਲ ਧਿਆਨ ਦੇਣ ਦਾ ਸੱਦਾ ਦਿੱਤਾ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਮੁਨੀਰ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਕਿਹਾ, 'ਭਾਰਤ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹੈ ਕਿ ਉਹ ਪ੍ਰਮਾਣੂ ਬਲੈਕਮੇਲ ਅੱਗੇ ਨਹੀਂ ਝੁਕੇਗਾ।' ਉਨ੍ਹਾ ਕਿਹਾ, 'ਅਸੀਂ ਆਪਣੀ ਕੌਮੀ ਸੁਰੱਖਿਆ ਦੀ ਰੱਖਿਆ ਲਈ ਜ਼ਰੂਰੀ ਸਾਰੇ ਕਦਮ ਚੁੱਕਦੇ ਰਹਾਂਗੇ।'

ਜੈਸਵਾਲ ਨੇ ਕਿਹਾ, 'ਪ੍ਰਮਾਣੂ ਹਥਿਆਰਾਂ ਨਾਲ ਭਰੀ ਜੰਗ ਪਾਕਿਸਤਾਨ ਦਾ ਵਪਾਰ ਹੈ।' ਉਨ੍ਹਾ ਕੌਮਾਂਤਰੀ ਭਾਈਚਾਰੇ ਨੂੰ 'ਅਜਿਹੀਆਂ ਟਿੱਪਣੀਆਂ (ਮੁਨੀਰ ਦੀਆਂ) ਵਿੱਚ ਮੌਜੂਦ ਗੈਰ-ਜ਼ਿੰਮੇਵਾਰੀ 'ਤੇ ਆਪਣੇ ਸਿੱਟੇ ਕੱਢਣ' ਦਾ ਸੱਦਾ ਦਿੱਤਾ। ਜੈਸਵਾਲ ਨੇ ਇਹ ਵੀ ਜ਼ਿਕਰ ਕੀਤਾ ਕਿ ਪਾਕਿਸਤਾਨ ਵਿੱਚ ਪ੍ਰਮਾਣੂ ਹਥਿਆਰਾਂ ਦੇ ਅੱਤਵਾਦੀਆਂ ਦੇ ਹੱਥਾਂ ਵਿੱਚ ਜਾਣ ਬਾਰੇ ਕੀ ਡਰ ਹੈ।

ਉਨ੍ਹਾ ਕਿਹਾ, 'ਇਹ ਇੱਕ ਅਜਿਹੇ ਰਾਜ ਵਿੱਚ ਪ੍ਰਮਾਣੂ ਕਮਾਂਡ ਅਤੇ ਕੰਟਰੋਲ ਦੀ ਅਖੰਡਤਾ ਬਾਰੇ ਖਦਸ਼ਿਆਂ ਨੂੰ ਵੀ ਮਜ਼ਬੂਤ ਕਰਦਾ ਹੈ, ਜਿੱਥੇ ਫੌਜ ਦਹਿਸ਼ਤੀ ਸਮੂਹਾਂ ਨਾਲ ਮਿਲੀਭੁਗਤ ਰੱਖਦੀ ਹੈ।' ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਅਫਸੋਸਨਾਕ ਹੈ ਕਿ ਇਹ ਟਿੱਪਣੀਆਂ ਇੱਕ ਦੋਸਤਾਨਾ ਤੀਜੇ ਮੁਲਕ ਅਮਰੀਕਾ ਦੀ ਧਰਤੀ ਤੋਂ ਕੀਤੀਆਂ ਗਈਆਂ ਹਨ।

## ਅੱਜ-ਨਾਮਾ

ਟੋਲਾ ਠੱਗਾਂ ਦਾ ਅੱਜ ਕੋਈ ਹੋਰ ਫੜਿਆ,
ਅਮਰੀਕਾ ਤੀਕ ਕਰੇਂਦੇ ਰਹੇ ਮਾਰ ਬੇਲੀ।
ਕਰਦੇ ਫੋਨ ਤੇ ਦੇਂਦੇ ਕੁਝ ਧਮਕੀਆਂ ਸੀ,
ਡਰਾਇਆਂ ਮੰਨਦੇ ਲੋਕ ਸਨ ਹਾਰ ਬੇਲੀ।
ਜਿੰਨਾ ਦਾਅ ਲੱਗਿਆ ਮਾਲ ਝਪੱਟਦੇ ਸੀ,
ਆਖਰ ਫੜੀ ਉਹ ਠੱਗਾਂ ਦੀ ਡਾਰ ਬੇਲੀ।
ਅਗਲੀ ਇਹਦੇ ਤੋਂ ਗੱਲ ਹੈਰਾਨ ਕਰਦੀ,
ਬੈਂਕ ਤੀਕਰ ਹੈ ਜੁੜੀ ਹੋਈ ਤਾਰ ਬੇਲੀ।
ਨਾ ਤਾਂ ਤੀਜਾ ਨਾ ਤੇਰ੍ਹਵਾਂ ਗੈਂਗ ਫੜਿਆ,
ਏਦਾਂ ਅੱਗੇ ਵੀ ਕਾਬੂ ਕਈ ਆਏ ਬੇਲੀ।
ਅਮਰ-ਵੇਲ ਹੈ ਉਨ੍ਹਾਂ ਦੀ ਜੜ੍ਹ ਲੱਗਦੀ,
ਟੁੱਕਣ ਪਿੱਛੋਂ ਵੀ ਪੁੰਗਰਦੀ ਜਾਏ ਬੇਲੀ।

-ਤੀਸ ਮਾਰ ਖਾਂ

# ਮੰਡ ਬਾਊਪੁਰ ਜਦੀਦ ਨੇੜੇ ਅਡਵਾਂਸ ਬੰਨ੍ਹ ਟੁੱਟਾ, 16 ਪਿੰਡ ਹੜ੍ਹ ਦੀ ਲਪੇਟ 'ਚ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**



ਪੌਂਗ ਡੈਮ ਤੋਂ ਲਗਾਤਾਰ ਪਾਣੀ ਛੱਡਣ ਕਾਰਨ ਦਰਿਆ ਬਿਆਸ ਵਿੱਚ ਪਾਣੀ ਦਾ ਪੱਧਰ ਇੱਕਦਮ ਵਧ ਜਾਣ ਕਾਰਨ ਸੋਮਵਾਰ ਸਵੇਰੇ ਮੰਡ ਬਾਊਪੁਰ ਜਦੀਦ ਨਜ਼ਦੀਕ ਪਿੰਡ ਭੈਣੀ ਬਹਾਦਰ 'ਤੇ ਆਰਜ਼ੀ ਬੰਨ੍ਹ ਟੁੱਟ ਗਿਆ, ਜਿਸ ਨਾਲ ਮੰਡ ਖੇਤਰ ਦੇ ਕਰੀਬ 16 ਪਿੰਡਾਂ ਬਾਊਪੁਰ, ਸਾਗਰਾਂ, ਭੈਣੀ ਬਹਾਦਰ, ਭੈਣੀ ਕਾਦਰ ਬਖਸ਼, ਰਾਮਪੁਰ ਗੋਰੇ, ਮਹੰਮਦਾਬਾਦ, ਮੰਡ ਗੁਜਰਪੁਰ, ਬਾਊਪੁਰ ਕਦੀਮ ਆਦਿ ਕਈ ਪਿੰਡਾਂ 'ਚ ਝੋਨੇ ਦੀ ਹਜ਼ਾਰਾਂ ਏਕੜ ਫਸਲ ਡੁੱਬ ਗਈ। ਪਾਣੀ ਘਰਾਂ ਵਿੱਚ ਵੀ ਦਾਖਲ ਹੋ ਗਿਆ। ਪਿੰਡ ਵਾਸੀ ਸਮਾਨ ਚੁੱਕ ਕੇ ਸੁਰੱਖਿਅਤ ਥਾਂ 'ਤੇ ਜਾਣਾ ਸ਼ੁਰੂ ਹੋ ਗਏ। ਮੰਡ ਖੇਤਰ ਦੇ ਪ੍ਰਮੁੱਖ ਕਿਸਾਨ ਆਗੂ ਪਰਮਜੀਤ ਸਿੰਘ ਬਾਊਪੁਰ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਦਿਨ-ਰਾਤ ਇੱਕ ਕਰਕੇ ਬੰਨ੍ਹ ਦੇ ਉੱਪਰ ਖੁਦ ਮਿੱਟੀ ਪਾ ਕੇ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਅਖੀਰ ਕੁਦਰਤ ਦੇ ਅੱਗੇ ਬੇਵੱਸ ਹੋ ਗਏ ਅਤੇ ਪਾਣੀ ਦੇ ਤੇਜ਼ ਵਹਾਅ ਨੇ ਬੰਨ੍ਹ ਨੂੰ ਤੋੜ ਦਿੱਤਾ, ਜਿਸ ਕਾਰਨ ਪਾਣੀ ਤੇਜ਼ੀ ਨਾਲ ਪਿੰਡਾਂ ਤੇ ਝੋਨੇ ਦੀ ਫਸਲ ਵੱਲ ਵਹਿਣ ਲੱਗ ਪਿਆ। ਜਿਨ੍ਹਾਂ ਲੋਕਾਂ ਦੇ ਮਕਾਨ ਪਾਣੀ ਨਾਲ ਘਿਰ ਗਏ ਹਨ, ਉਹਨਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾ ਦੱਸਿਆ ਕਿ ਝੋਨੇ ਦੀ ਫਸਲ ਤੋਂ ਇਲਾਵਾ ਹਰਾ ਚਾਰਾ ਤੇ ਸਬਜ਼ੀਆਂ ਵੀ ਹੜ੍ਹ ਦੇ ਪਾਣੀ ਵਿੱਚ ਡੁੱਬ ਗਈਆਂ ਹਨ। ਉਨ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਹਰੀਕੇ ਹੈੱਡ ਤੋਂ ਜਲਦ ਪਾਣੀ ਨੂੰ ਰਿਲੀਜ਼ ਕਰਵਾ ਕੇ ਮੰਡ ਖੇਤਰ ਦੇ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇ।

ਇਸ ਮੌਕੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਬਾਬਾ ਸੁੱਖਾ ਸਿੰਘ ਦੇ ਹੁਕਮਾਂ 'ਤੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਾਲਿਆਂ ਨੇ ਬਾਊਪੁਰ ਜਦੀਦ ਦੇ ਕੋਲ ਐਡਵਾਂਸ ਬੰਨ੍ਹ ਟੁੱਟਣ ਕਾਰਨ ਪੈਦਾ ਹੋਈ ਸਥਿਤੀ ਤੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆ ਦਿੱਤੀ ਹੈ। ਸੰਗਤਾਂ ਵੱਲੋਂ ਦਰੱਖਤਾਂ ਨੂੰ ਪੁੱਟ ਕੇ ਦਰਿਆ ਦੇ ਕੰਢਿਆਂ 'ਤੇ ਰੱਖਿਆ ਜਾ ਰਿਹਾ ਹੈ, ਤਾਂ ਕਿ ਪਾਣੀ ਦੀ ਮਾਰ ਹੇਠਾਂ ਹੋਰ ਫਸਲ ਨੂੰ ਬਚਾਇਆ ਜਾ ਸਕੇ। ਸਵੇਰੇ ਮੰਡ ਖੇਤਰ ਬਾਊਪੁਰ ਦੇ ਨਜ਼ਦੀਕ ਪਿੰਡ ਭੈਣੀ ਬਹਾਦਰ ਤੋਂ ਬੰਨ੍ਹ ਟੁੱਟਣ ਦੇ 16 ਪਿੰਡਾਂ ਵਿੱਚ ਪੈਦਾ ਹੋਈ ਹੜ੍ਹ ਵਰਗੀ ਸਥਿਤੀ ਦਾ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ ਤੁਰੰਤ ਮੌਕੇ 'ਤੇ ਪੁੱਜੇ। ਉਹਨਾ ਤੁਰੰਤ ਦੋ ਪੋਕ ਲੇਨ ਮਸ਼ੀਨਾਂ ਤੋਂ ਇਲਾਵਾ ਮਿੱਟੀ ਦੇ ਬੋਰੇ ਉਪਲੱਬਧ ਕਰਵਾ ਕੇ ਚੱਲ ਰਹੇ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ। ਵਿਧਾਇਕ ਰਾਣਾ ਵੱਲੋਂ ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਐੱਸ ਡੀ ਐੱਮ ਸੁਲਤਾਨਪੁਰ ਲੋਧੀ ਅਲਕਾ ਕਾਲੀਆ, ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨਾਲ ਵੀ ਸਥਿਤੀ ਨਾਲ ਨਿਪਟਣ ਲਈ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਪੁੱਛਿਆ। ਉਹਨਾ ਤੁਰੰਤ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪੰਚਾਲ ਨਾਲ ਵੀ ਫੋਨ 'ਤੇ ਗੱਲ ਕਰਕੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਤੇ ਹਰੀਕੇ ਹੈੱਡ ਤੋਂ ਚੱਲ ਰਹੇ ਪਾਣੀ ਦੀ ਕਿਊਸਿਕ ਮਾਤਰਾ ਬਾਰੇ ਵੀ ਜਾਣਕਾਰੀ ਲਈ। ਉਹਨਾ ਡੀ ਸੀ ਕਪੂਰਥਲਾ ਨੂੰ ਹਰੀਕੇ ਹੈੱਡ ਤੋਂ ਸਮੇਂ-ਸਮੇਂ 'ਤੇ ਪਾਣੀ ਰਿਲੀਜ਼ ਕਰਨ ਲਈ ਵੀ ਕਿਹਾ। ਉਹਨਾ ਕਿਸਾਨਾਂ ਨੂੰ ਆਪਣੀ ਤਰਫੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾ ਨਾਲ ਸੁਖਜਿੰਦਰ ਸਿੰਘ ਲੋਧੀਵਾਲ, ਗੁਰਦੀਪ ਸਿੰਘ ਸ਼ਹੀਦ, ਕੁਲਦੀਪ ਸਿੰਘ ਸਾਗਰਾਂ ਸਰਪੰਚ, ਗੁਰਮੀਤ ਸਿੰਘ ਬਾਊਪੁਰ ਵੀ ਹਾਜ਼ਰ ਸਨ।ਮੰਡ ਬਾਊਪੁਰ ਜਦੀਦ ਨਜ਼ਦੀਕ ਅਡਵਾਂਸ ਬੰਨ੍ਹ ਟੁੱਟਣ 'ਤੇ ਪੈਦਾ ਹੋਈ ਹੜ੍ਹ ਦੀ ਸਥਿਤੀ ਬਾਰੇ ਮੌਕੇ 'ਤੇ

• ਬਾਕੀ ਸਫਾ 2 'ਤੇ

# ਮੁੱਖ ਮੰਤਰੀ ਦੀ ਸੁਖਬੀਰ ਬਾਦਲ ਨੂੰ ਚੁਣੌਤੀ



**ਸੰਗਰੂਰ (ਪ੍ਰਵੀਨ ਸਿੰਘ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਾਦਲਾਂ 'ਤੇ ਸੂਬੇ ਨੂੰ ਰਾਜਨੀਤਕ, ਆਰਥਿਕ ਅਤੇ ਧਾਰਮਿਕ ਤੌਰ 'ਤੇ ਬਰਬਾਦ ਕਰਨ ਦਾ ਦੋਸ਼ ਲਗਾਉਂਦੇ ਹੋਏ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਵਿੱਚ ਆਪਣੇ ਹਨੇਰਗਰਦੀ ਵਾਲੇ ਲੰਮੇ ਸ਼ਾਸਨ ਦੀ ਇਕ ਵੀ ਪ੍ਰਾਪਤੀ ਗਿਣਾਉਣ ਦੀ ਚੁਣੌਤੀ ਦਿੱਤੀ।ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਾਦਲਾਂ ਨੇ ਸੂਬੇ ਅਤੇ ਇਸ ਦੇ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਸਿਰਫ਼ ਆਪਣੇ ਕਾਰੋਬਾਰ ਵਧਾਉਣ ਲਈ ਕੰਮ ਕੀਤਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਧਰਮ ਨੂੰ ਵੀ ਨਹੀਂ ਬਖਸ਼ਿਆ ਅਤੇ ਆਪਣੇ ਨਿੱਜੀ ਹਿੱਤਾਂ ਲਈ ਪੈਸਾ ਲੁੱਟਿਆ। ਉਨ੍ਹਾ ਕਿਹਾ ਕਿ ਸੁਖਬੀਰ ਨੂੰ ਨਾ ਤਾਂ ਪੰਜਾਬ ਦੇ ਸੱਭਿਆਚਾਰ, ਭੂਗੋਲ, ਧਰਮ ਦਾ ਗਿਆਨ ਹੈ ਅਤੇ ਨਾ ਹੀ ਮੁੱਢਲੀ ਪੰਜਾਬੀ ਭਾਸ਼ਾ ਬਾਰੇ ਪਤਾ ਹੈ। ਮਾਨ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪੁੱਤਰ ਸੂਬੇ ਵਿੱਚ ਸੱਤਾ ਹਥਿਆਉਣ ਲਈ ਕਾਹਲਾ ਹੈ। ਉਨ੍ਹਾ ਪਹਿਲਾਂ ਹੀ ਭਵਿੱਖਬਾਣੀ ਕੀਤੀ ਸੀ ਕਿ

• ਬਾਕੀ ਸਫਾ 2 'ਤੇ

## ਐੱਲ ਡੀ ਆਰ ਕਾਨਵੈਂਟ ਸਕੂਲ ਦੇ ਖਿਡਾਰੀ ਨੈਸ਼ਨਲ ਲਈ ਕੁਆਲੀਫਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਸ ਮੌਕੇ ਸਕੂਲ ਦੇ ਚੇਅਰਮੈਨ ਅਜੈ ਅਰੋੜਾ ਤੇ ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਵੱਲੋਂ ਪੀ.ਟੀ.ਆਈ. ਟੀਚਰ ਗੁਰਜਿੰਦਰ ਸਿੰਘ, ਡੀ.ਪੀ.ਈ. ਗੁਰਪ੍ਰੀਤ ਸਿੰਘ ਤੇ ਸਮੂਹ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਭਵਿੱਖ ਵਿੱਚ ਇਸੇ ਤਰ੍ਹਾਂ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।ਇਸ ਤੋਂ ਇਲਾਵਾ ਕਬੱਡੀ ਦੇ ਮੁਕਾਬਲਿਆਂ ਵਿੱਚ ਅੰਡਰ-17 ਮੁੰਡਿਆਂ ਦੀ ਟੀਮ ਨੇ ਕਬੱਡੀ ਵਿੱਚ ਤੀਜਾ ਸਥਾਨ ਹਾਸਲ ਕੀਤਾ ਅਤੇ ਅੰਡਰ-14 ਮੁੰਡਿਆਂ ਦੀ ਟੀਮ ਨੇ ਕਬੱਡੀ ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਖੋ-ਖੋ ਦੇ ਮੁਕਾਬਲਿਆਂ ਵਿੱਚ ਅੰਡਰ-17 ਕੁੜੀਆਂ ਦੀ ਟੀਮ ਨੇ ਖੋ-ਖੋ ਵਿੱਚ ਤੀਜਾ ਸਥਾਨ ਹਾਸਲ ਕੀਤਾ ਅਤੇ ਅੰਡਰ-14 ਕੁੜੀਆਂ ਦੀ ਟੀਮ ਪਹਿਲਾ ਸਥਾਨ ਹਾਸਲ ਕਰਕੇ ਨੈਸ਼ਨਲ ਲੈਵਲ ਗੇਮ ਲਈ ਕੁਆਲੀਫਾਈ ਹੋਈ।ਇਸ ਮੌਕੇ ਸਕੂਲ ਦੇ ਚੇਅਰਮੈਨ ਅਜੈ ਅਰੋੜਾ ਤੇ ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਵੱਲੋਂ ਪੀ.ਟੀ.ਆਈ. ਟੀਚਰ ਗੁਰਜਿੰਦਰ ਸਿੰਘ, ਡੀ.ਪੀ.ਈ. ਗੁਰਪ੍ਰੀਤ ਸਿੰਘ, ਸਟਾਫ ਤੇ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਤਰੱਕੀਆਂ ਕਰਨ ਦੀ ਪ੍ਰੇਰਨਾ ਦਿੱਤੀ।

## ਸਾਹਿਬ ਸਿੰਘ ਸੰਧੂ ਨਮਿੱਤ ਅੰਤਿਮ ਅਰਦਾਸ 17 ਨੂੰ



**ਦੇਵੀਗੜ੍ਹ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਭਰਾ ਟਰੱਕ ਯੂਨੀਅਨ ਦੇਵੀਗੜ੍ਹ ਦੇ ਪ੍ਰਧਾਨ ਸਾਹਿਬ ਸਿੰਘ ਸੰਧੂ ਘੜਾਮ, ਜੋ ਬੀਤੇ ਦਿਨੀਂ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਅੰਤਿਮ ਅਰਦਾਸ 17 ਅਗਸਤ ਨੂੰ ਦੁਪਹਿਰ 12 ਵਜੇ ਤੋਂ ਦੁਪਹਿਰ 1 ਵਜੇ ਤੱਕ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਘੜਾਮ ਜ਼ਿਲ੍ਹਾ ਪਟਿਆਲਾ ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ 'ਚ ਇਲਾਕੇ ਦੇ ਮੁਹਤਬਰ ਵਿਅਕਤੀਆਂ, ਜਿਨ੍ਹਾਂ ਵਿੱਚ ਇੰਸ. ਕੁਲਵਿੰਦਰ ਸਿੰਘ, ਬੀ.ਡੀ.ਪੀ.ਓ. ਸੰਦੀਪ ਸਿੰਘ ਹਾਰਲਾਲ ਸਿੰਘ ਪ੍ਰਧਾਨ ਪੰਚਾਇਤ ਸਕੱਤਰ ਯੂਨੀਅਨ, ਗੁਰਪ੍ਰੀਤ ਸਿੰਘ ਗੁਰੀ ਪੀ.ਏ., ਬਲਜੀਤ ਸਿੰਘ ਝੁਗੀਆਂ, ਆਮ ਆਦਮੀ ਪਾਰਟੀ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਮਰਦੀਪ ਸੰਘੇੜਾ, ਜਸਵਿੰਦਰ ਸਿੰਘ ਰਾਣਾ ਸੂਬਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਜਸਵੀਰ ਸਿੰਘ ਜੱਸੀ ਸਰਪੰਚ ਹਸਨਪੁਰ ਕੰਬੋਆਂ, ਮਨਜੀਤ ਸਿੰਘ ਜੀਤੂ ਥਿੰਦ, ਟਰੱਕ ਯੂਨੀਅਨ ਦੇ ਪ੍ਰਧਾਨ ਹਰਦੇਵ ਸਿੰਘ ਘੜਾਮ, ਪ੍ਰਧਾਨ ਸਿਮਰਜੀਤ ਸਿੰਘ ਸੋਹਲ, ਪ੍ਰਿਥੀ ਪਾਲ ਸਿੰਘ ਧਾਂਦੀਆਂ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਨੰਬਰਦਾਰ ਕਰਮਜੀਤ ਸਿੰਘ, ਚੌਕੀ ਇੰਚਾਰਜ ਗੁਰਪ੍ਰਤਾਪ ਸਿੰਘ, ਮਾ. ਗੁਰਦੀਪ ਸਿੰਘ, ਗੁਰਨਾਮ ਸਿੰਘ ਆਦਿ ਨੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨਾਲ ਦੁੱਖ ਸਾਂਝਾ ਕੀਤਾ।

## ਹੋਰਲਾ ਕਲਾਂ 'ਚ ਮੁਫਤ ਆਯੂਸ਼ ਕੈਂਪ ਲਗਾਇਆ



**ਭੀਖੀ (ਗੁਰਿੰਦਰ ਸਿੰਘ ਔਲਖ)**-ਪਿੰਡ ਵਾਸੀਆਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ ਦੇ ਉਪਦੇਸ਼ ਤਹਿਤ ਆਯੂਸ਼ ਵਿਭਾਗ ਪੰਜਾਬ ਵੱਲੋਂ ਆਯੂਸ਼ ਕਮਿਸ਼ਨਰ ਤੇ ਡਾਇਰੈਕਟਰ ਆਯੁਰਵੇਦ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਆਯੁਰਵੇਦ ਤੇ ਯੂਨਾਨੀ ਅਧਿਕਾਰੀ ਡਾਕਟਰ ਨਵੀਤਾ ਗਰਗ ਤੇ ਡਾਕਟਰ ਰਜੀਵ ਕੁਮਾਰ ਦੀ ਅਗਵਾਈ ਹੇਠ ਭੀਖੀ ਨੇੜਲੇ ਪਿੰਡ ਹੋਰਲਾ ਕਲਾਂ ਦੇ ਸ੍ਰੀ ਹਨੂਮਾਨ ਮੰਦਰ ਵਿਖੇ ਵਿਸ਼ਾਲ ਕੈਂਪ ਲਗਾਇਆ ਗਿਆ।ਕੈਂਪ ਦੌਰਾਨ ਏਐਮਓ ਡਾਕਟਰ ਗੁਰਪ੍ਰੀਤ ਕੌਰ ਤੇ ਡਾਕਟਰ ਪੂਜਾ ਵੱਲੋਂ 330 ਮਰੀਜ਼ਾਂ ਦਾ ਮੁਫਤ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫਤ ਆਯੁਰਵੇਦ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਦੌਰਾਨ ਡਾਕਟਰ ਭਿੰਦਰ ਸਿੰਘ, ਡਾਕਟਰ ਮਨਪ੍ਰੀਤ ਸਿੰਘ, ਸੁਖਜਿੰਦਰ ਕੌਰ, ਡਿਸਪੈਂਸਰ ਸੁਸ਼ੀਲ ਕੁਮਾਰ ਵੱਲੋਂ 310 ਮਰੀਜ਼ਾਂ ਦਾ ਫਰੀ ਚੈੱਕਅਪ ਕਰਕੇ ਉਨ੍ਹਾਂ ਨੂੰ ਹੋਮਿਓਪੈਥਕ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਮੈਡੀਕਲ ਟੀਮ ਵੱਲੋਂ ਪਿੰਡ ਵਾਸੀਆਂ ਨੂੰ ਸਿਹਤ ਸੰਭਾਲ ਦੇ ਨੁਕਤੇ ਦੱਸੇ ਗਏ।

## ਬਾਜਵਾ ਨੇ ਰੇਲਵੇ ਸਟੇਸ਼ਨ 'ਤੇ ਲਿਫਟਾਂ ਲਾਉਣ ਦਾ ਨੀਂਹ ਪੱਥਰ ਰੱਖਿਆ



**ਰਾਜਪੁਰਾ (ਰਮੇਸ਼ ਕਟਾਰੀਆ)**-ਪਿਛਲੇ ਕਾਫੀ ਸਮੇਂ ਰਾਜਪੁਰਾ ਦੇ ਲੋਕਾਂ ਦੀ ਮੰਗ 'ਤੇ ਰੇਲਵੇ ਸਟੇਸ਼ਨ 'ਤੇ ਲਿਫਟਾਂ ਲਾਉਣ ਦਾ ਨੀਂਹ ਪੱਥਰ ਅੱਜ ਸਮਾਜ ਸੇਵੀ ਨਵਜੋਤ ਬਾਜਵਾ ਨੇ ਰੱਖਿਆ।ਇਸ ਮੌਕੇ ਨਵਜੋਤ ਬਾਜਵਾ ਨੇ ਦੱਸਿਆ ਕਿ ਉਹ ਕਾਫੀ ਸਮੇਂ ਤੋਂ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਲਿਫਟ ਲਾਉਣ ਲਈ ਰੇਲ ਰਾਜ ਮੰਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਤੇ ਰੇਲਵੇ ਦੇ ਅਧਿਕਾਰੀਆ ਨੂੰ ਮਿਲ ਕੇ ਹੁਣ ਇਨ੍ਹਾਂ ਲਿਫਟਾਂ ਲਾਉਣ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਇਸ ਮੌਕੇ ਉਨ੍ਹਾਂ ਨਾਲ਼ ਇੰਜੀਨੀਅਰ ਸ੍ਰੀ ਅਮਿਤ ਕੁਮਾਰ, ਐੱਸ ਐੱਸ ਦਫ਼ਤਰ ਅਨਿਰੁਧ, ਪਰਮਿੰਦਰ ਸਿੰਘ, ਸੰਜੀਵ ਕੁਮਾਰ ਤੇ ਹੋਰ ਪਤਵੰਤੇ ਹਾਜ਼ਰ ਸਨ।

## ਮਾਡਰਨ ਕਾਲਜ ਬੀਰ ਕਲਾਂ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿੱਚ ਅੱਜ ਨਵੇਂ ਸੈਸ਼ਨ 2025-26 ਦੀ ਸ਼ੁਰੂਆਤ ਗੁਰਬਾਣੀ ਦੀ ਪਵਿੱਤਰ ਬਾਣੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ।ਸਵੇਰ ਦੇ ਸਮੇਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਪਾਠੀ ਸਿੰਘਾਂ ਵੱਲੋਂ ਕੀਤੇ ਗਏ ਤੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਤੇ ਪ੍ਰਬੰਧਕੀ ਮੈਂਬਰਾਂ ਨੇ ਸ਼ਰਧਾ ਨਾਲ ਹਾਜ਼ਰੀ ਭਰੀ।ਇਸ ਮੌਕੇ ਅਰਦਾਸ ਕਰਕੇ ਵਿਦਿਆਰਥੀਆਂ ਦੇ ਚੰਗੇ ਭਵਿੱਖ, ਸਿੱਖਿਆ ਵਿੱਚ ਤਰੱਕੀ ਤੇ ਚੰਗੀ ਸਿਹਤ ਲਈ ਅਸੀਸਾਂ ਮੰਗੀਆਂ ਗਈਆਂ।ਪਾਠ ਸਮਾਪਤੀ ਉਪਰੰਤ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਕੁਮਾਰ ਬਾਂਸਲ ਤੇ ਕਾਲਜ ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਧਾਰਮਿਕ ਤੇ ਆਧਿਆਤਮਿਕ ਸ਼ੁਰੂਆਤਾਂ ਨਾਲ ਨਾ ਸਿਰਫ ਪੜ੍ਹਾਈ ਲਈ ਪ੍ਰੇਰਨਾ ਮਿਲਦੀ ਹੈ, ਸਗੋਂ ਵਿਦਿਆਰਥੀਆਂ ਵਿੱਚ ਚੰਗੇ ਆਦਰਸ਼ ਤੇ ਚੰਗੀਆਂ ਸੋਚਾਂ ਵੀ ਪੈਦਾ ਹੁੰਦੀਆਂ ਹਨ। ਇਸ ਮੌਕੇ ਕਾਲਜ ਮੈਨੇਜਮੈਂਟ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਸਟੀਫਨ ਸਕੂਲ 'ਚ ਦੰਦਾਂ ਦਾ ਤਿੰਨ ਰੋਜ਼ਾ ਚੈੱਕਅਪ ਕੈਂਪ ਲਾਇਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਵਿਖੇ ਗੁਰੂ ਨਾਨਕ ਦੇਵ ਡੈਂਟਲ ਕਾਲਜ ਐਂਡ ਰਿਸਰਚ ਸੈਂਟਰ ਸੁਨਾਮ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਦੰਦਾਂ ਦਾ ਤਿੰਨ ਰੋਜ਼ਾ ਚੈੱਕਅਪ ਕੈਂਪ ਲਗਾਇਆ ਗਿਆ।ਵਰਿੰਦਰ ਤੇ ਡਾ. ਪ੍ਰੇਰਨਾ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਦੰਦਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਉਪਚਾਰਾਂ ਬਾਰੇ ਜਾਗਰੂਕ ਕਰਨਾ ਸੀ।ਕੈਂਪ ਵਿੱਚ ਪ੍ਰੀ-ਨਰਸਰੀ ਤੋਂ ਲੈ ਕੇ +2 ਤੱਕ ਦੇ ਸਾਰੇ ਵਿਦਿਆਰਥੀਆਂ ਲਈ ਦੰਦਾਂ ਦੀ ਵਿਆਪਕ ਜਾਂਚ ਕੀਤੀ ਗਈ।ਮਾਹਰ ਡਾਕਟਰਾਂ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਮੂੰਹ ਦੀ ਚੰਗੀ ਸਿਹਤ ਬਣਾਈ ਰੱਖਣ ਬਾਰੇ ਮਾਰਗ ਦਰਸ਼ਨ ਪ੍ਰਦਾਨ ਕੀਤਾ।ਡਾਕਟਰਾਂ ਨੇ ਸਿਹਤਮੰਦ ਦੰਦਾਂ ਤੇ ਮਸੂੜਿਆਂ ਨੂੰ ਬਣਾਈ ਰੱਖਣ ਬਾਰੇ ਕੀਮਤੀ ਸੁਝਾਅ ਵੀ ਸਾਂਝੇ ਕੀਤੇ।ਸਕੂਲ ਪ੍ਰਬੰਧਨ ਨੇ ਡਾਕਟਰਾਂ ਦੀ ਟੀਮ ਦਾ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਕੀਤਾ।ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਸ਼ਰਮਾ ਨੇ ਟੀਮ ਦਾ ਧੰਨਵਾਦ ਕੀਤਾ ਤੇ ਸਕੂਲ ਵੱਲੋਂ ਪਿਆਰ ਤੇ ਸਤਿਕਾਰ ਦਾ ਚਿੰਨ੍ਹ ਭੇਟ ਕੀਤਾ।

## 'ਆਪ' ਕੇਂਦਰ ਦੇ ਇਸ਼ਾਰੇ 'ਤੇ ਪੰਜਾਬ ਦੇ ਲੋਕਾਂ ਨੂੰ ਭੂਮੀਹੀਨ ਬਣਾਉਣ 'ਤੇ ਤੁਲੀ : ਗੌਰਵ ਸੰਧੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਲ ਇੰਡੀਆ ਕਿਸਾਨ ਕਾਂਗਰਸ ਦੇ ਜਨਰਲ ਸਕੱਤਰ ਗੌਰਵ ਸੰਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੈਂਡ ਪੂਲਿੰਗ ਦੇ ਨਾਂ 'ਤੇ ਦੇਸ਼ ਦਾ ਸਭ ਤੋਂ ਵੱਡਾ ਘਪਲਾ ਕਰਨ ਜਾ ਰਹੀ ਹੈ, ਜੋ ਕਿ ਕਰੋੜਾਂ ਨਹੀਂ ਸਗੋਂ ਅਰਬਾਂ ਵਿੱਚ ਗਿਣਿਆ ਜਾਵੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕੇਂਦਰ ਦੇ ਇਸ਼ਾਰੇ 'ਤੇ ਪੰਜਾਬ ਦੇ ਲੋਕਾਂ ਨੂੰ ਭੂਮੀ ਹੀਣ ਕਿਸਾਨ ਬਣਾਉਣ 'ਤੇ ਤੁਲੀ ਹੋਈ ਹੈ। ਗੌਰਵ ਸੰਧੂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਜ਼ਮੀਨ ਕੋਈ ਕਲੋਨੀਆਂ ਉਸਾਰਨ ਜਾਂ ਫੇਰ ਲੋਕਾਂ ਦੇ ਵਸਣ ਲਈ ਨਹੀਂ ਐਕਵਾਇਰ ਕੀਤੀਆਂ ਜਾ ਰਹੀਆਂ, ਸਗੋਂ ਇਹ ਜ਼ਮੀਨਾਂ ਪੰਜਾਬ ਦੇ ਕਿਸਾਨਾਂ ਨੂੰ ਭੂਮੀਹੀਣ ਬਣਾਉਣ ਲਈ ਐਕਵਾਇਰ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਆਰਥਿਕ ਤੌਰ 'ਤੇ ਗੁਲਾਮ ਬਣਾਇਆ ਜਾ ਸਕੇ।ਗੌਰਵ ਸੰਧੂ ਨੇ ਕਿਹਾ ਕਿ ਕਾਂਗਰਸ ਪੰਜਾਬ ਦੇ ਕਿਸਾਨਾ ਨਾਲ ਠੱਗੀ ਨਹੀਂ ਹੋਣ ਦੇਵੇਗੀ ਤੇ ਨਾ ਹੀ ਆਮ ਆਦਮੀ ਪਾਰਟੀ ਨੂੰ ਆਪਣੀ ਇਸ ਸਾਜ਼ਿਸ਼ 'ਚ ਸਫਲ ਹੋਣ ਦੇਵੇਗੀ

# ਏ ਜੀ ਡੀ ਡੀ ਓ ਕੋਡ ਨੂੰ ਆਧਾਰ ਬਣਾ ਕੇ ਅਧਿਆਪਕਾਂ ਦੀਆਂ ਤਨਖਾਹਾਂ ਰੋਕਣ ਦੀ ਸਖਤ ਨਿੰਦਾ



**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬ ਦੇ ਮੁਲਾਜ਼ਮਾਂ ਤੇ ਅਧਿਆਪਕਾਂ ਨੂੰ ਵਿੱਤ ਵਿਭਾਗ ਦੇ ਆਨਲਾਈਨ ਤਨਖਾਹ ਸਬੰਧੀ ਪੋਰਟਲ ਰਾਹੀਂ ਤਨਖਾਹਾਂ ਦੀ ਅਦਾਇਗੀ ਦਿੱਤੀ ਜਾਂਦੀ ਹੈ। ਸਮੂਹ ਡੀਡੀਓਜ਼ ਵੱਲੋਂ ਕਰਮਚਾਰੀਆਂ ਦੇ ਤਨਖਾਹ ਬਿੱਲ ਆਨਲਾਈਨ ਭੇਜੇ ਜਾ ਰਹੇ ਹਨ, ਜਿਸ ਅਨੁਸਾਰ ਕਰਮਚਾਰੀਆਂ ਦੇ ਖਾਤਿਆਂ ਵਿੱਚ ਉਨ੍ਹਾਂ ਦੀ ਤਨਖਾਹ ਹਰ ਮਹੀਨੇ ਜਮ੍ਹਾਂ ਹੋ ਜਾਂਦੀ ਹੈ, ਪਰ ਅਧਿਆਪਕਾਂ ਦੇ ਜੁਲਾਈ 2025 ਦੇ ਤਨਖਾਹ ਬਿੱਲ ਜਦੋਂ ਖਜ਼ਾਨਾ ਦਫਤਰਾਂ ਵਿੱਚ ਭੇਜੇ ਗਏ ਤਾਂ ਉਨ੍ਹਾਂ ਵੱਲੋਂ ਡੀਡੀਓ ਦਾ ਏ. ਜੀ. ਡੀਡੀਓ ਕੋਲ ਆਨਲਾਈਨ ਪੋਰਟਲ 'ਤੇ ਲਿੰਕ ਨਾ ਹੋਣ ਕਾਰਨ ਅਧਿਆਪਕਾਂ ਦੀਆਂ ਤਨਖਾਹਾਂ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ।ਇਸ ਸਬੰਧੀ ਟਿੱਪਣੀ ਕਰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਪਰਵੀਨ ਕੁਮਾਰ, ਪਰਮਿੰਦਰਪਾਲ ਸਿੰਘ ਕਾਲੀਆ, ਸੰਜੀਵ ਸ਼ਰਮਾ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ ਕਿ ਵਿੱਤ ਵਿਭਾਗ ਤੇ ਸਿੱਖਿਆ ਵਿਭਾਗ ਦੀ ਉੱਚ ਅਧਿਕਾਰੀਆਂ ਦੀ ਨਲਾਇਕੀ ਦਾ ਖਮਿਆਜ਼ਾ ਬੇਕਸੂਰ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ।ਇਹ ਕੋਡ ਜਾਰੀ ਕਰਨ ਤੇ ਮੈਪਿੰਗ ਕਰਨ ਵਿੱਚ ਬੇਕਸੂਰ ਅਧਿਆਪਕਾਂ ਦਾ ਕੋਈ ਵੀ ਰੋਲ ਨਹੀਂ ਹੈ, ਪਰ ਫਿਰ ਵੀ ਸਕੂਲ ਮੁਖੀ ਤੇ ਅਧਿਆਪਕ ਖਜ਼ਾਨਾ ਦਫਤਰਾਂ ਵਿੱਚ ਡੀਡੀਓ ਕੋਡ ਪ੍ਰਾਪਤ ਕਰਨ ਤੇ ਮੈਪਿੰਗ ਕਰਵਾਉਣ ਲਈ ਹਰ ਰੋਜ਼ ਖਜ਼ਾਨਾ ਦਫਤਰਾਂ ਵਿੱਚ ਟੱਕਰਾਂ ਮਾਰਦੇ ਹਨ, ਪਰ ਖਜ਼ਾਨਾ ਦਫਤਰਾਂ ਵੱਲੋਂ ਉਨ੍ਹਾਂ ਨੂੰ ਕੋਈ ਵੀ ਸਹੀ ਰਾਸਤਾ ਨਹੀਂ ਦੱਸਿਆ ਜਾ ਰਿਹਾ, ਜਿਸ ਨਾਲ ਸਕੂਲ ਮੁਖੀ ਤੇ ਅਧਿਆਪਕ ਨਿਰਾਸ਼ਾ ਵਿੱਚ ਚੱਲ ਰਹੇ ਹਨ।

ਇਸ ਸਬੰਧੀ ਆਗੂਆਂ ਵੱਲੋਂ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਖਜ਼ਾਨਾ ਦਫਤਰਾਂ ਵੱਲੋਂ ਜਦੋਂ ਜੂਨ 2025 ਤੱਕ ਦੇ ਤਨਖਾਹ ਬਿੱਲ ਏ. ਜੀ. ਡੀਡੀਓ ਕੋਡ ਤੋਂ ਬਿਨਾਂ ਪਾਸ ਕੀਤੇ ਜਾ ਸਕਦੇ ਹਨ ਤਾਂ ਜੁਲਾਈ 2025 ਦੇ ਤਨਖਾਹ ਬਿੱਲ ਪਾਸ ਕਰਨ ਨਾਲ ਕੀ ਨੁਕਸਾਨ ਹੋਵੇਗਾ? ਉਨ੍ਹਾਂ ਦੱਸਿਆ ਕਿ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿੱਚ ਪੱਕੇ ਪ੍ਰਿੰਸੀਪਲ ਸਕੂਲ/ਮੁਖੀ ਤੇ ਕਲਰਕਾਂ ਦੀਆਂ ਬਹੁਤ ਸਾਰੀਆਂ ਅਸਾਮੀਆਂ ਖਾਲੀ ਹਨ। ਅਧਿਆਪਕਾਂ ਵੱਲੋਂ ਹੀ ਬਹੁਤ ਸਾਰੇ ਦਫਤਰੀ ਤੇ ਕਲੈਰੀਕਲ ਕੰਮ ਕੀਤੇ ਜਾਂਦੇ ਹਨ।ਵਿਭਾਗ ਇਨ੍ਹਾਂ ਅਧਿਆਪਕਾਂ ਦੀ ਤਨਖਾਹ ਰੋਕ ਕੇ ਇਨ੍ਹਾਂ ਨੂੰ ਚੰਗਾ ਇਨਾਮ ਦੇ ਰਿਹਾ ਹੈ, ਜਿਸ ਦੀ ਜਥੇਬੰਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।ਆਗੂਆਂ ਵੱਲੋਂ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਦੇ ਜਿੰਨੇ ਵੀ ਸਕੂਲਾਂ ਦੇ ਇਹ ਏ. ਜੀ. ਡੀਡੀਓ ਕੋਡ ਉਨ੍ਹਾਂ ਨੂੰ ਜਾਰੀ ਨਹੀਂ ਕੀਤੇ ਗਏ ਤੇ ਆਨਲਾਈਨ ਪੋਰਟਲ 'ਤੇ ਲਿੰਕ ਨਹੀਂ ਕੀਤੇ ਹੋਏ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਆਨਲਾਈਨ ਪੋਰਟਲ 'ਤੇ ਲਿੰਕ ਕਰਵਾਇਆ ਜਾਵੇ।

ਇਸ ਤੋਂ ਇਲਾਵਾ ਜੁਲਾਈ 2025 ਦੀ ਤਨਖਾਹ ਤੁਰੰਤ ਜਾਰੀ ਕੀਤੀ ਜਾਵੇ।ਜੇਕਰ ਉਚ ਅਧਿਕਾਰੀਆਂ ਵੱਲੋਂ ਇਸ ਸਬੰਧੀ ਅਣਗਹਿਲੀ ਵਰਤੀ ਗਈ ਤਾਂ ਅਧਿਆਪਕਾਂ ਵੱਲੋਂ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਹਰੀਦੇਵ, ਬਲਵੀਰ ਸਿੰਘ ਕੰਗ, ਸੰਜੀਵ ਯਾਦਵ, ਦਰਸ਼ਨ ਸਿੰਘ, ਮਨੀਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

# ਅਮਿਤ ਅਰੋੜਾ ਪੁਨਰਜੋਤ ਆਈ ਬੈਂਕ ਸੋਸਾਇਟੀ ਦਾ ਦਫ਼ਤਰ ਖੋਲ੍ਹਿਆ

### ਨੇਤਰਦਾਨ ਕੈਂਪ 'ਚ 300 ਤੋਂ ਵੱਧ ਲੋਕਾਂ ਨੇ ਅੱਖਾਂ ਦਾਨ ਕਰਨ ਦੇ ਫਾਰਮ ਭਰੇ



**ਜਗਰਾਓਂ (ਅਮਿਤ ਖੰਨਾ)**-ਹੁਣ ਜਗਰਾਉਂ ਦੇ ਲੋਕ ਵੀ ਸਾਲ ਦੇ ਹਰ ਦਿਨ, ਸਾਲ ਦੇ 12 ਮਹੀਨੇ ਆਪਣੀਆਂ ਅੱਖਾਂ ਦਾਨ ਕਰਨ ਜਾਂ ਅੱਖਾਂ ਦੀ ਰੌਸ਼ਨੀ ਲਈ ਅਰਜ਼ੀ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਕਰ ਸਕਣਗੇ।ਇਸ ਮਕਸਦ ਲਈ ਸਵਰਗੀ ਅਮਿਤ ਅਰੋੜਾ ਪੁਨਰਜੋਤ ਆਈ ਬੈਂਕ ਸੋਸਾਇਟੀ ਦਾ ਦਫ਼ਤਰ ਐਤਵਾਰ ਤੋਂ ਜਗਰਾਉਂ ਵਿੱਚ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਿਆ ਹੈ।ਰੇਲਵੇ ਸਟੇਸ਼ਨ ਦੇ ਸਾਹਮਣੇ ਸਥਿਤ ਅਰੋੜਾ ਪ੍ਰਾਪਰਟੀ ਡੀਲਰ ਦੇ ਦਫ਼ਤਰ ਨੂੰ ਪਰਿਵਾਰ ਦੀ ਸਹਿਮਤੀ ਨਾਲ ਸਥਾਈ ਤੌਰ 'ਤੇ ਸਵਰਗੀ ਅਮਿਤ ਅਰੋੜਾ ਪੁਨਰਜੋਤ ਆਈ ਕੇਅਰ ਸੈਂਟਰ ਵਿੱਚ ਬਦਲ ਦਿੱਤਾ ਗਿਆ ਹੈ।

ਇਸ ਦਫ਼ਤਰ ਦੇ ਉਦਘਾਟਨ ਦਾ ਐਲਾਨ ਐਤਵਾਰ ਸਵੇਰੇ ਸਵ. ਅਮਿਤ ਅਰੋੜਾ ਦੀ ਯਾਦ ਵਿੱਚ ਲਗਾਏ ਗਏ ਸਵੈ-ਇੱਛਤ ਅੱਖਾਂ ਦਾਨ ਕੈਂਪ ਦੌਰਾਨ ਕੀਤਾ ਗਿਆ।ਕੈਂਪ ਦਾ ਉਦਘਾਟਨ ਅਮਿਤ ਅਰੋੜਾ ਦੇ ਪਰਿਵਾਰਕ ਮੈਂਬਰਾਂ ਸਮੇਤ ਉਨ੍ਹਾਂ ਦੇ ਪਿਤਾ ਤੇ ਲੋਕ ਸੇਵਾ ਸੰਮਤੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਅਤੇ ਉਨ੍ਹਾਂ ਦੇ ਵੱਡੇ ਭਰਾ ਰੋਹਿਤ ਅਰੋੜਾ, ਜੋ ਕਿ ਕਰ ਭਲਾ ਹੋ ਭਲਾ ਸੰਮਤੀ ਦੇ ਮੌਜੂਦਾ ਚੇਅਰਮੈਨ ਹਨ, ਨੇ ਕੀਤਾ।ਇਸ ਕੈਂਪ 'ਚ 300 ਤੋਂ ਵੱਧ ਲੋਕਾਂ, ਜਿਨ੍ਹਾਂ ਵਿੱਚ ਸ਼ਹਿਰ ਦੇ ਕਈ ਜੋੜੇ ਵੀ ਸ਼ਾਮਲ ਸਨ, ਨੇ ਮੌਤ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਨ ਦੀ ਇੱਛਾ ਪ੍ਰਗਟ ਕਰਦੇ ਹੋਏ ਫਾਰਮ ਭਰੇ।

ਇਨ੍ਹਾਂ ਲੋਕਾਂ ਨੇ 600 ਲੋਕਾਂ ਦੇ ਜੀਵਨ ਵਿੱਚ ਆਪਣੀ ਜ਼ਿੰਦਗੀ ਤੋਂ ਬਾਅਦ ਵੀ ਰੌਸ਼ਨੀ ਲਿਆਉਣ ਦਾ ਪ੍ਰਣ ਲਿਆ।ਪ੍ਰੋਗਰਾਮ ਦੌਰਾਨ ਅੱਖਾਂ ਦਾਨ ਫਾਰਮ ਭਰਨ ਵਾਲੇ ਸਾਰੇ ਲੋਕਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਕਾਰ ਭਲਾ ਹੋ ਭਲਾ ਸੁਸਾਇਟੀ ਦੇ ਵਾਈਸ ਚੇਅਰਮੈਨ ਰਜਿੰਦਰ ਜੈਨ ਕਾਕਾ, ਪ੍ਰਧਾਨ ਮਦਨ ਲਾਲ ਅਰੋੜਾ, ਸਕੱਤਰ ਨਨੇਸ਼ ਗਾਂਧੀ, ਵਿਸ਼ਾਲ ਸ਼ਰਮਾ, ਭੁਪਿੰਦਰ ਸਿੰਘ ਮੁਰਲੀ, ਕਮਲ ਵਰਮਾ, ਰਾਜੀਵ ਗੋਇਲ, ਪੁਰਸ਼ੋਤਮ ਅਗਰਵਾਲ, ਨੀਰਜ ਕਟਾਰੀਆ, ਸ਼ੁਭਮ ਅਰੋੜਾ, ਕੁਲਭੂਸ਼ਣ ਗੁਪਤਾ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਆਭਾ ਆਈ ਡੀ ਬਣਾਉਣ ਸੰਬੰਧੀ ਜਾਗਰੂਕਤਾ ਬੈਨਰ ਜਾਰੀ

### ਆਭਾ ਆਈ ਡੀ ਰਾਹੀਂ ਬਿਨਾਂ ਕਤਾਰ 'ਚ ਲੱਗੇ ਹਸਪਤਾਲ ਦੀ ਪਰਚੀ ਬਣਵਾਓ : ਡਾ. ਸ਼ੇਖਰ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਤੇ ਡਾ. ਪਰਮਜੀਤ ਸਿੰਘ ਬਰਾੜ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਰੀਦਕੋਟ ਵੱਲੋਂ ਮਾਸ ਮੀਡੀਆ ਵਿੰਗ ਵੱਲੋਂ ਆਭਾ ਆਈ ਡੀ ਬਣਾਉਣ ਸਬੰਧੀ ਤਿਆਰ ਕੀਤਾ ਜਾਗਰੂਕਤਾ ਬੈਨਰ ਜਾਰੀ ਕਰਦਿਆਂ ਹਸਪਤਾਲ ਵਿਖੇ ਆਉਂਦੇ ਮਰੀਜ਼ਾਂ, ਉਨ੍ਹਾਂ ਦੇ ਰਿਸ਼ਤੇਦਾਰਾਂ, ਆਮ ਲੋਕਾਂ ਨੂੰ ਨਰਸਿੰਗ ਵਿਦਿਆਰਥੀਆਂ ਦੇ ਸਹਿਯੋਗ ਨਾਲ ਆਯੁਸ਼ਮਾਨ ਭਾਰਤ-ਹੈਲਥ ਅਕਾਊਂਟ (ਆਭਾ) ਬਣਾ ਕੇ ਸਿਹਤ ਰਿਕਾਰਡ ਨੂੰ ਡਿਜੀਟਲ ਕਰਨ ਤੇ ਇਸ ਪਹਿਲ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਡਾ. ਕੱਕੜ ਨੇ ਦੱਸਿਆ ਕਿ ਆਭਾ ਐਪ ਰਾਹੀਂ ਇੱਕ ਮਿੰਟ ਵਿੱਚ ਆਯੁਸ਼ਮਾਨ ਭਾਰਤ-ਹੈਲਥ ਅਕਾਊਂਟ (ਆਭਾ) ਬਣਾਇਆ ਜਾ ਸਕਦਾ ਹੈ।ਇਹ ਹੈਲਥ ਅਕਾਊਂਟ ਬਣਾ ਕੇ ਸਿਹਤ ਰਿਕਾਰਡ ਨੂੰ ਸੰਭਾਲ ਕੇ ਰੱਖਣ ਦਾ ਝੰਜਟ ਖਤਮ ਹੋ ਜਾਵੇਗਾ।ਸਿਹਤ ਰਿਕਾਰਡ ਦਸਤਾਵੇਜ਼ਾਂ ਨੂੰ ਕਿਤੇ ਵੀ ਲੱਭਣ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਨਰਸਿੰਗ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਆਮ ਲੋਕਾਂ ਦੇ ਆਭਾ ਨੰਬਰ ਬਣਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਸਿਹਤ ਰਿਕਾਰਡ ਨੂੰ ਡਿਜੀਟਲ ਕਰਨ ਦੇ ਬਹੁਤ ਫਾਇਦੇ ਹਨ।ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਦੀ ਓ.ਪੀ.ਡੀ. ਬਲਾਕ ਵਿੱਚ ਆਭਾ-ਆਯੁਸ਼ਮਾਨ ਭਾਰਤ ਹੈਲਥ ਅਕਾਊਂਟ ਸਬੰਧੀ ਕਿਊ ਆਰ ਸਕੈਨਰ ਵੀ ਜਾਰੀ ਕੀਤਾ ਗਿਆ ਹੈ, ਜਿਸ ਨੂੰ ਸਕੈਨ ਕਰਕੇ ਟੋਕਨ ਨੰਬਰ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਬਿਨਾਂ ਕਤਾਰ ਵਿੱਚ ਲੱਗੇ ਟੋਕਨ ਨੰਬਰ ਦੱਸ ਕੇ ਪਰਚੀ ਕਟਵਾਈ ਜਾ ਸਕਦੀ ਹੈ, ਜਿਸ ਨਾਲ ਸਮੇਂ ਦੀ ਬਹੁਤ ਬੱਚਤ ਹੁੰਦੀ ਹੈ।ਡਾ. ਪਰਮਜੀਤ ਬਰਾੜ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਫਰੀਦਕੋਟ ਨੇ ਦੱਸਿਆ ਕਿ ਹਰ ਵਿਅਕਤੀ ਆਪਣਾ ਆਭਾ ਨੰਬਰ ਖੁਦ ਵੀ ਬਣਾ ਸਕਦਾ ਹੈ ਜਾਂ ਫਿਰ ਸਿਹਤ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ।ਕੋਈ ਵੀ ਵਿਅਕਤੀ ਜਨਰੇਟ ਹੋਏ ਆਭਾ ਨੰਬਰ ਜਿਸ ਉਪਰ ਉਸ ਦਾ ਨਾਮ ਤੇ ਆਈ. ਡੀ. ਨੰਬਰ ਮੌਜੂਦ ਹੋਵੇਗਾ, ਦਾ ਪ੍ਰਿੰਟ ਕਰਵਾ ਕੇ ਉਸ ਨੂੰ ਲੈਮੀਨੇਸ਼ਨ ਕਰਵਾ ਕੇ ਆਪਣੇ ਕੋਲ ਰੱਖ ਸਕਦਾ ਹੈ।ਇਸ ਮੌਕੇ ਨੋਡਲ ਅਫ਼ਸਰ ਆਮ ਆਦਮੀ ਕਲੀਨਿਕ ਡਾ. ਸਰਵਦੀਪ ਸਿੰਘ ਰੋਮਾਣਾ, ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫਸਰ ਡਾ. ਪ੍ਰਭਦੀਪ ਸਿੰਘ ਚਾਵਲਾ, ਸੁਧੀਰ ਧੀਰ ਤੇ ਸੀਨੀਅਰ ਫਾਰਮੇਸੀ ਅਫ਼ਸਰ ਸੁਨੀਲ ਸਿੰਗਲਾ ਹਾਜ਼ਰ ਸਨ।

## 'ਆਪ' ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੀ : ਤਰੁਣਦੀਪ ਸਿੰਘ



**ਜਲੰਧਰ** : ਕਿਸਾਨਾਂ ਦੇ ਹਿੱਤ ਵਿੱਚ ਲਿਆਂਦੀ ਗਈ ਸੀ 'ਲੈਂਡ ਪੂਲਿੰਗ' ਨੀਤੀ ਪੰਜਾਬ ਸਰਕਾਰ ਨੇ ਵਾਪਸ ਲੈ ਲਈ ਹੈ।'ਆਪ' ਦੇ ਦੋਆਬਾ ਜ਼ੋਨ ਮੀਡੀਆ ਇੰਚਾਰਜ ਤਰੁਣਦੀਪ ਸਿੰਘ ਨੇ ਕਿਹਾ ਆਮ ਆਦਮੀ ਪਾਰਟੀ ਕਿਸਾਨਾਂ ਦੀ ਪਾਰਟੀ ਹੈ ਅਤੇ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੀ ਹੈ।ਜੇਕਰ ਕਿਸਾਨਾਂ ਨੂੰ ਇਹ ਨੀਤੀ ਪਸੰਦ ਨਹੀਂ ਹੈ ਤਾਂ ਅਜਿਹੀ ਨੀਤੀ ਕਿਉਂ ਰੱਖੀ ਜਾਵੇ।ਇਸੇ ਲਈ ਅਸੀਂ ਨੀਤੀ ਨੂੰ ਵਾਪਸ ਲੈ ਰਹੇ ਹਾਂ।ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਇਸ ਬਾਰੇ ਲਿਖਤੀ ਰੂਪ ਵਿੱਚ ਦੱਸਿਆ ਹੈ ਕਿ ਪੰਜਾਬ ਸਰਕਾਰ 14 ਮਈ 2025 ਨੂੰ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਂਦੀ ਹੈ।ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਲੈਂਡ ਪੂਲਿੰਗ ਨੀਤੀ ਤੇ 10 ਸਤੰਬਰ ਤੱਕ ਰੋਕ ਲਗਾਈ ਹੋਈ ਹੈ।

## ਲੈਂਡ ਪੂਲਿੰਗ ਨੀਤੀ ਕਿਸਾਨਾਂ ਦੀ ਜ਼ਮੀਨ ਹੜੱਪਣ ਦੀ ਵੱਡੀ ਚਾਲ : ਰਾਜਿੰਦਰ ਸਿੰਘ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਾਗੂ ਕੀਤੀ ਗਈ ਲੈਂਡ ਪੂਲਿੰਗ ਨੀਤੀ ਸੂਬੇ ਦੇ ਕਿਸਾਨਾਂ ਦੀ ਜ਼ਮੀਨ ਹੜੱਪਣ ਦੀ ਸਿੱਧੀ ਚਾਲ ਹੈ, ਜਿਸ ਖ਼ਿਲਾਫ਼ ਅਕਾਲੀ ਦਲ ਬਾਦਲ ਵੱਲੋਂ ਸੰਘਰਸ਼ ਵਿੱਢ ਕੇ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਇਸ ਨੀਤੀ ਦਾ ਖੁੱਲ੍ਹ ਕੇ ਪਰਦਾਫਾਸ਼ ਕੀਤਾ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਮਾਣਾ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਦਿੱਲੀ 'ਚ ਵਿਧਾਨ ਸਭਾ ਦੀਆਂ ਚੋਣਾਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਨਜ਼ਰ ਪੰਜਾਬ ਦੀ ਜਰਖੇਜ਼ ਭੂਮੀ ਉੱਤੇ ਹੈ।ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਸੀ, ਜਿਨ੍ਹਾਂ 'ਚ ਔਰਤਾਂ ਨੂੰ ਹਜ਼ਾਰ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸੱਤਾ ਹਥਿਆਉਣ ਲਈ ਆਮ ਆਦਮੀ ਪਾਰਟੀ ਨੇ ਵੱਡੇ ਵੱਡੇ ਵਾਅਦੇ ਕਰ ਲਏ, ਪਰ ਜਿਹੜੀ ਪਾਰਟੀ ਸਰਕਾਰ ਬਣਨ ਤੋਂ ਪਹਿਲਾਂ ਪਹਾੜਾਂ 'ਚ ਪਏ ਪੈਸਿਆਂ ਦੀਆਂ ਗੱਲਾਂ ਕਰਦੀ ਸੀ, ਉਸ ਨੇ ਆਪਣੇ ਵਾਅਦੇ ਪੂਰੇ ਕਰਨ ਲਈ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਾ ਸਿਰਫ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਿਰ ਚੜ੍ਹਾ ਦਿੱਤਾ, ਸਗੋਂ ਲੈਂਡ ਪੂਲਿੰਗ ਵਰਗੀ ਨੀਤੀ ਲਿਆ ਕੇ ਕਿਸਾਨਾਂ ਦੀ ਜ਼ਮੀਨ ਕਬਜ਼ੇ 'ਚ ਕਰਕੇ ਉਸ ਜ਼ਮੀਨ ਨੂੰ ਬੈਂਕਾਂ ਕੋਲ ਗਹਿਣੇ ਰੱਖ ਆਪਣੇ ਵਾਅਦੇ ਪੂਰੇ ਕਰਨ ਲਈ ਪੈਸੇ ਇਕੱਠੇ ਕਰਨ ਦੀ ਹੋੜ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਵਿੱਢੀ ਮੁਹਿੰਮ ਜਾਰੀ ਰਹੇਗੀ।

# ਵਾਟਰ ਸਪਲਾਈ ਕਾਮਿਆਂ ਦੀ ਹੜਤਾਲ ਸੱਤਵੇਂ ਦਿਨ 'ਚ ਹੋਈ ਸ਼ਾਮਲ

### 14 ਨੂੰ ਸੰਗਰੂਰ 'ਚ ਝੰਡਾ ਮਾਰਚ ਕਰਕੇ ਮਨਾਉਣਗੇ ਕਾਲੀ ਅਜ਼ਾਦੀ




**ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ/ਪ੍ਰਵੀਨ ਸਿੰਘ)**-ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਦੀ ਅਗਵਾਈ ਵਿੱਚ ਈਸੜੂ ਭਵਨ ਲੁਧਿਆਣਾ ਵਿਖੇ ਪੰਜਾਬ ਪੱਧਰੀ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਵਲੋਂ ਅਗਲੇ ਸੰਘਰਸ਼ ਦੀ ਰਣਨੀਤੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ ਨੇ ਕਿਹਾ ਕਿ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀ ਅਣਮਿੱਥੇ ਸਮੇਂ ਦੀ ਹੜਤਾਲ ਅੱਜ ਸੱਤਵੇਂ ਦਿਨ ਵਿੱਚ ਸ਼ਾਮਲ ਹੋ ਚੁੱਕੀ ਹੈ, ਪਰ ਪੰਜਾਬ ਸਰਕਾਰ ਸਾਡੀਆਂ ਮੰਗਾਂ ਦਾ ਕੋਈ ਪੁਖਤਾ ਹੱਲ ਨਹੀਂ ਕਰ ਰਹੀ।ਪੰਜਾਬ ਸਰਕਾਰ ਵੱਲੋਂ ਸਾਡੇ ਨਾਲ ਮੀਟਿੰਗਾਂ ਜ਼ਰੂਰ ਕੀਤੀਆਂ ਜਾ ਰਹੀਆਂ ਹਨ ਪਰ ਮੀਟਿੰਗ ਵਿਚੋਂ ਭਰੋਸੇ ਤੋਂ ਇਲਾਵਾ ਹੋਰ ਕੁੱਝ ਨਹੀਂ ਨਿਕਲਦਾ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 06/08/2025 ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਕਿਹਾ ਗਿਆ ਕਿ ਸਾਡੀ ਸਰਕਾਰ ਤੁਹਾਡੀ ਤਨਖਾਹ ਜ਼ਿਆਦਾ ਨਹੀਂ ਕਰ ਸਕਦੀ, ਕਿਉਂਕਿ ਕਈ ਮੰਡੀਆਂ ਜਿਵੇਂ ਕਿ ਭੀਖੀ ਚੀਮਾ ਦਿੜ੍ਹਬਾ ਇਹ ਗਰੀਬ ਮੰਡੀਆਂ ਹਨ ਇਨ੍ਹਾਂ ਦੀ ਇਨਕਮ ਬਹੁਤ ਘੱਟ ਹੈ।ਇਸ ਮੌਕੇ ਜਥੇਬੰਦੀ ਵੱਲੋਂ ਕਿਹਾ ਗਿਆ ਕਿ ਜੇਕਰ ਸਾਡੇ ਸੀਵਰੇਜ ਬੋਰਡ ਦੇ ਅਧਿਕਾਰੀ ਖ਼ਜ਼ਾਨੇ ਵਿੱਚੋਂ ਤਨਖਾਹ ਲੈ ਸਕਦੇ ਹਨ ਤਾਂ ਸੀਵਰੇਜ ਦਾ ਗੰਦਾ ਕੰਮ ਕਰਨ ਵਾਲੇ ਕਿਉਂ ਨ੍ਹੀਂ ਖ਼ਜ਼ਾਨੇ ਵਿੱਚੋਂ ਤਨਖਾਹ ਲੈ ਸਕਦੇ, ਇਸ ਸਵਾਲ ਦਾ ਜਵਾਬ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਥੇਬੰਦੀ ਵਰਕਰਾਂ ਵੱਲੋਂ 14 ਅਗਸਤ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਜ਼ਬਰਦਸਤ ਝੰਡਾ ਮਾਰਚ ਕਰਕੇ ਕਾਲ਼ੀ ਅਜ਼ਾਦੀ ਮਨਾਈ ਜਾਵੇਗੀ।ਆਉਣ ਵਾਲੇ ਦਿਨਾਂ ਵਿਚ ਜਥੇਬੰਦੀ ਵੱਲੋਂ ਕਿਸੇ ਵੀ ਤਰੀਕੇ ਦਾ ਸੰਘਰਸ਼ ਕੀਤਾ ਜਾ ਸਕਦਾ ਹੈ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਪ੍ਰਸ਼ਾਸਨ ਦੀ ਹੋਵੇਗੀ ਤੇ ਅਣਮਿੱਥੇ ਸਮੇਂ ਦੀ ਹੜਤਾਲ ਜਾਰੀ ਰਹੇਗੀ।ਇਸ ਮੌਕੇ ਸੀਨੀਅਰ ਲੀਡਰਸ਼ਿਪ ਪ੍ਰਧਾਨ ਸ੍ਰੀ ਨਿਵਾਸ ਸ਼ਰਮਾ ਸੰਗਰੂਰ, ਜਨਰਲ ਸਕੱਤਰ ਜਗਵੀਰ ਸਿੰਘ, ਸਹਾਇਕ ਸਕੱਤਰ ਮਿਲਖਾ ਸਿੰਘ, ਕਲਵਿੰਦਰ ਸਿੰਘ, ਸੂਬਾ ਕਮੇਟੀ ਮੈਂਬਰ ਬੀਰਾ ਸਿੰਘ, ਵਿਨੋਦ ਕੁਮਾਰ ਬਰਨਾਲਾ,ਵਿਜੇ ਕੁਮਾਰ, ਸੰਜੂ ਕੁਮਾਰ ਧੂਰੀ,ਅਰੁਣ ਸ਼ਰਮਾ ਮੋਰਿੰਡਾ, ਗੁਰਜੰਟ ਸਿੰਘ ਉਗਰਾਹਾਂ, ਜਸਪਾਲ ਮਾਵੀ, ਨਰਿੰਦਰ ਸਿੰਘ ਨੰਗਲ, ਅਨੂਪ ਸ਼ਰਮਾ ਦੀਨਾਨਗਰ, ਵਰਿੰਦਰ ਕੁਮਾਰ ਗੁਰਦਾਸਪੁਰ, ਜਗਤਾਰ ਸਿੰਘ ਬਠਿੰਡਾ, ਸੰਜੂ ਕੁਮਾਰ ਰਾਜਪੁਰਾ, ਨਰੇਸ਼ ਕੁਮਾਰ ਰਾਜਪੁਰਾ, ਬਲਵੰਤ ਸਿੰਘ ਲੌਂਗੋਵਾਲ ਆਦਿ ਮੀਟਿੰਗ ਵਿੱਚ ਹਾਜ਼ਰ ਸਨ।

## ਬਾਬਾ ਕੜਾਹਾ ਮੱਲ ਦੀ ਯਾਦ 'ਚ ਵਿਸ਼ਾਲ ਧਾਰਮਿਕ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੀਰੀ-ਪੀਰੀ ਦੇ ਮਾਲਿਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿਨ ਸੇਵਕ ਬਾਬਾ ਕੜਾਹਾ ਮੱਲ ਮਹਿਲ ਕਲਾਂ ਦੀ ਯਾਦ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਗੁਰਸੇਵਕ ਸਿੰਘ ਹਜ਼ੂਰੀ ਰਾਗੀ, ਕਥਾ ਵਾਚਕ ਭਾਈ ਮਹਿੰਦਰ ਸਿੰਘ ਮਾਣਕੀ ਗੁਰਦੁਆਰਾ ਟਾਹਲੀਆਣਾ ਸਾਹਿਬ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਦੀ ਅਪੀਲ ਕੀਤੀ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਬਾਬਾ ਕੜਾਹਾ ਮੱਲ ਦੀ ਯਾਦ ਨੂੰ ਸਿਜਦਾ ਕਰਦਿਆਂ ਅੱਗੇ ਤੋਂ ਇਹ ਧਾਰਮਿਕ ਸਮਾਗਮ ਵਿਸ਼ਾਲ ਪੱਧਰ 'ਤੇ ਮਨਾਉਣ ਦੀ ਅਪੀਲ ਕੀਤੀ। ਜਥੇਦਾਰ ਪਰਮਜੀਤ ਸਿੰਘ ਖ਼ਾਲਸਾ ਮੈਂਬਰ ਅੰਤ੍ਰਿੰਗ ਕਮੇਟੀ ਨੇ ਸਮੂਹ ਪ੍ਰਬੰਧਕਾਂ ਨੂੰ ਇਸ ਉੱਦਮ ਦੀ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਤੇ ਸਮਾਜਿਕ ਅਲਾਮਤਾਂ ਤੋਂ ਬਚਾ ਕੇ ਗੁਰਮਤਿ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ।ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਮਿਲ ਬੈਠਣ, ਭਾਈਚਾਰਕ ਸਾਂਝ ਨੂੰ ਤਕੜਾ ਕਰਨ, ਅਤੇ ਗੁਰਮਤਿ ਨਾਲ ਜੁੜਣ ਲਈ ਪ੍ਰੇਰਿਤ ਕਰਦੇ ਹਨ।ਉਨ੍ਹਾਂ ਵੱਖ ਵੱਖ ਆਗੂਆਂ, ਸਮੂਹ ਸੰਗਤਾਂ ਦਾ ਉਚੇਚਾ ਧੰਨਵਾਦ ਕੀਤਾ। ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਗਿਆਨੀ ਸਤਨਾਮ ਸਿੰਘ, ਭਾਈ ਸਵਰਨ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਜੀ ਆਇਆਂ ਨੂੰ ਆਖਦਿਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

## ਐੱਮ ਡੀ ਪਬਲਿਕ 'ਚ ਮਨਾਇਆ ਰੱਖੜੀ ਦਾ ਤਿਉਹਾਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਵਿੱਚ ਰੱਖੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਦੱਸੀ ਤੇ ਸਾਰੇ ਵਿਦਿਆਰਥੀਆਂ ਨੇ ਇੱਕ ਦੂਜੇ ਦੇ ਰੱਖੜੀਆਂ ਸਜਾਈਆਂ ਅਤੇ ਮਿਠਾਈ ਨਾਲ ਮੂੰਹ ਮਿੱਠਾ ਕੀਤਾ।ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦਾ ਮੰਤਵ ਸਮਝਾਇਆ ਕਿ ਰੱਖੜੀ ਦਾ ਤਿਉਹਾਰ ਭੈਣ ਭਰਾਵਾਂ ਦਾ ਪਵਿੱਤਰ ਤਿਉਹਾਰ ਹੁੰਦਾ ਹੈ ਤੇ ਤਿਉਹਾਰ ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਹੁੰਦਾ।ਉਸ ਸਮੇਂ ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਸ਼ਸ਼ਾਂਕ ਪਾਠਕ ਤੇ ਸਾਰੇ ਸਮੂਹ ਸਟਾਫ ਨੀਲਮ ਸਿੰਗਲਾ, ਵੀਰਪਾਲ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਸਨਮਦੀਪ ਕੌਰ, ਕੁਲਵਿੰਦਰ ਕੌਰ, ਸਾਈਨੀ, ਸਰਿਤਾ ਤੇ ਟੀ ਪੀ ਅਧਿਆਪਕ ਕਮਲਪ੍ਰੀਤ ਕੌਰ, ਯਾਦਵਿੰਦਰ ਕੌਰ, ਪ੍ਰਿਅੰਕਾ, ਲਵਲੀਸ਼ ਸਿੰਗਲਾ ਤੇ ਮਹਿਕ ਆਦਿ ਮੌਜੂਦ ਸਨ।

## ਬਿਜਲੀ ਕਾਮਿਆਂ ਵੱਲੋਂ ਮੈਨੇਜਮੈਂਟ ਤੇ ਸਰਕਾਰ ਖਿਲਾਫ ਰੋਸਮਈ ਧਰਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੀ ਐੱਸ ਏ ਬੀ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਗਰਿੱਡ ਸਬ ਸਟੇਸ਼ਨ ਇਮਪਲਾਈਜ਼ ਯੂਨੀਅਨ, ਐਸੋਸੀਏਸ਼ਨ ਆਫ ਜੂਨੀਅਨ ਇੰਜੀਨੀਅਰ ਦੇ ਸੱਦੇ 'ਤੇ ਮੰਡਲ ਸ਼੍ਰੀ ਮੁਕਤਸਰ ਸਾਹਿਬ ਦੇ ਸਮੂਹ ਬਿਜਲੀ ਕਾਮਿਆਂ ਵੱਲੋਂ ਤਿੰਨ ਦਿਨਾਂ ਦੀ ਸਮੂਹਿਕ ਛੁੱਟੀ ਭਰ ਕੇ ਪੀਐਸਪੀਸੀਐਲ ਤੇ ਪੀਐਸਟੀਸੀਐੱਲ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਖਿਲਾਫ ਮੁਲਾਜ਼ਮ ਮੰਗਾਂ ਦੇ ਸੰਬੰਧ ਵਿੱਚ ਰੋਸਮਈ ਧਰਨਾ ਦਿੱਤਾ ਗਿਆ। ਜਥੇਬੰਦੀ ਦੇ ਬੁਲਾਰਿਆਂ ਵੱਲੋਂ ਮੈਨੇਜਮੈਂਟ ਤੇ ਪੰਜਾਬ ਸਰਕਾਰ ਤਰਫੋਂ ਮੰਨੀਆਂ ਮੰਗਾਂ ਨੂੰ ਲਾਗੂ ਨਾ ਕਰਨ, ਅਧੂਰਾ ਪੇ ਸਕੇਲ ਲਾਗੂ ਕਰਨ, ਬਕਾਏ ਡੀ ਏ ਦੀਆਂ ਕਿਸ਼ਤਾਂ ਨਾ ਦੇਣ, ਪੇ ਸਕੇਲਾਂ ਦੇ ਏਰੀਅਰ ਨਾ ਦੇਣ, ਕੱਚੇ ਕਾਮੇ ਪੱਕੇ ਨਾ ਕਰਨ, ਪੁਰਾਣੀ ਪੈਨਸ਼ਨ ਲਾਗੂ ਨਾ ਕਰਨ ਤੇ ਹੋਰ ਮੁਲਾਜ਼ਮ ਮੰਗਾਂ ਨੂੰ ਪੂਰਾ ਨਾ ਕਰਨ ਖਿਲਾਫ ਬਿਆਨਬਾਜ਼ੀ ਕੀਤੀ ਗਈ। ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਪੋਲ ਖੋਲ੍ਹਦਿਆਂ ਕਿਹਾ ਕਿ ਇਹ ਸਰਕਾਰ ਝੂਠ ਬੋਲ ਕੇ ਤੇ ਚੁਟਕੁਲੇ ਸੁਣਾ ਕੇ ਸੱਤਾ ਵਿੱਚ ਆਈ ਸੀ, ਜੋ ਵਾਅਦੇ ਇਸ ਸਰਕਾਰ ਨੇ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਨਾਲ ਕੀਤੇ ਸਨ, ਉਨ੍ਹਾਂ 'ਚੋਂ ਕੋਈ ਵੀ ਵਾਅਦਾ ਸਰਕਾਰ ਨੇ ਪੂਰਾ ਨਹੀਂ ਕੀਤਾ। ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਤੇ ਪੀਐਸਪੀਸੀਐਲ ਦੀ ਮੈਨੇਜਮੈਂਟ ਜੇਕਰ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰਦੀ ਤਾਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਸਾਥੀ ਬਰਜਿੰਦਰ ਕੁਮਾਰ ਸ਼ਰਮਾ, ਬਲਜੀਤ ਸਿੰਘ ਮੋਦਲਾ, ਗੁਰਦੀਪ ਸਿੰਘ, ਗੁਰਾਂਦਿੱਤਾ ਸਿੰਘ, ਪ੍ਰੇਮ ਕੁਮਾਰ, ਗੁਰਸੇਵਕ ਸਿੰਘ, ਬਸੰਤ ਸਿੰਘ, ਹਰਜਿੰਦਰ ਸਿੰਘ, ਛਿੰਦਰਪਾਲ ਸਿੰਘ ਆਦਿ ਬੁਲਾਰਿਆ ਨੇ ਸਾਥੀਆਂ ਨੂੰ ਸੰਬੋਧਨ ਕੀਤਾ।

# ...ਸ.ਫ਼ਾ 1 ਦੇ ਬਾਕੀ

## ਬਿਜਲੀ ਕਾਮਿਆਂ ਤੇ ਪੈਨਸ਼ਨਰਾਂ...

ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਬਹੁਤ ਹੀ ਮਹੱਤਵਪੂਰਨ ਮੰਗਾਂ ਵੱਟੇ-ਖਾਤੇ ਪਾਉਣ ਤੋਂ ਇਲਾਵਾ ਪਾਵਰ ਮੈਨੇਜਮੈਂਟ ਅਦਾਰੇ ਅੰਦਰ ਨਿੱਜੀਕਰਨ ਦੀ ਲੋਕ-ਵਿਰੋਧੀ ਨੀਤੀ ਨੂੰ ਲੁਕਵੇਂ ਤਰੀਕੇ ਨਾਲ ਲਾਗੂ ਕਰਨ ਦੀ ਨੀਤੀ ਤਹਿਤ ਅਦਾਰੇ ਵਿੱਚ ਪੰਜਾਹ ਹਜ਼ਾਰ ਦੇ ਕਰੀਬ ਖਾਲੀ ਪਈਆਂ ਅਸਾਮੀਆਂ ਨੂੰ ਰੈਗੂਲਰ ਭਰਤੀ ਰਾਹੀਂ ਭਰਨ ਦੀ ਬਜਾਏ ਖਤਮ ਕਰ ਰਹੀ ਹੈ।

ਇਸੇ ਤਰ੍ਹਾਂ 17 ਜੁਲਾਈ 2020 ਤੋਂ ਬਾਅਦ ਭਰਤੀ ਕਰਮਚਾਰੀਆਂ ਉਪਰ ਬਿਜਲੀ ਨਿਗਮ ਦੇ ਤਨਖਾਹ ਸਕੇਲ ਲਾਗੂ ਕਰਨ ਦੀ ਜਗ੍ਹਾ ਧੱਕੇ ਨਾਲ ਕੇਂਦਰੀ ਸਕੇਲ ਲਾਗੂ ਕੀਤਾ ਗਿਆ ਹੈ। ਹਰ ਰੋਜ਼ ਵਾਪਰ ਰਹੇ ਹਾਦਸਿਆਂ ਨਾਲ ਕਾਮਿਆਂ ਦੀਆਂ ਹੋ ਰਹੀਆਂ ਮੌਤਾਂ 'ਤੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਜਾ ਰਿਹਾ, ਸੋਲੇਸ਼ੀਅਮ ਪਾਲਿਸੀ ਰਾਹੀਂ ਭਰਤੀ ਕਰਮਚਾਰੀਆਂ ਤੋਂ ਮੋੜਨਯੋਗ ਰਕਮ ਉਪਰ 12 ਪ੍ਰਤੀਸ਼ਤ ਵਿਆਜ ਦੀ ਜਬਰੀ ਵਸੂਲੀ ਕਰਨ ਦੇ ਪੱਤਰ ਜਾਰੀ ਕਰਕੇ ਕਾਮਿਆਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਨ ਹਾਊਸ ਕੰਟਰੈਕਟ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਮਸਲੇ ਨੂੰ ਲਮਕਾ ਅਵਸਥਾ ਵਿੱਚ ਰੱਖ ਕੇ ਉਨ੍ਹਾਂ ਦਾ ਆਰਥਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਸੋਧੇ ਸਕੇਲ ਲਾਗੂ ਹੋਣ ਤੋਂ ਬਾਅਦ ਤਰੱਕੀ ਪਾ ਰਹੇ ਕਾਮਿਆਂ ਨੂੰ ਪੇ ਬੈਂਡ ਤੋਂ ਬਿਨਾਂ ਤਨਖਾਹ ਦਿੱਤੀ ਜਾ ਰਹੀ ਹੈ, ਗਰਿੱਡ ਸਟਾਫ, ਜੇ ਈ ਕੇਡਰ ਅਤੇ ਫੀਲਡ ਸਟਾਫ ਦੀਆਂ ਮੁਸ਼ਕਲਾਂ ਦਾ ਹੱਲ ਜਾਣਬੁੱਝ ਕੇ ਨਹੀਂ ਕੀਤਾ ਜਾ ਰਿਹਾ, ਆਨੇ-ਬਹਾਨੇ ਕਰਮਚਾਰੀਆਂ ਦੀਆਂ ਸਿਆਸੀ ਅਧਾਰ 'ਤੇ ਕੀਤੀਆਂ ਨਜਾਇਜ਼ ਬਦਲੀਆਂ ਰੱਦ ਨਹੀਂ ਕੀਤੀਆਂ ਗਈਆਂ, ਵੱਖ-ਵੱਖ ਸੀ ਆਰ ਏ ਰਾਹੀਂ ਭਰਤੀ ਲਾਈਨਮੈਨ/ ਐਸ ਐੱਸ ਏ ਕਰਮਚਾਰੀਆਂ ਦੇ ਕੰਟਰੈਕਟ ਸਮੇਂ ਦਾ ਲਾਭ ਨਾ ਦੇ ਕੇ ਮੁਲਾਜ਼ਮ ਵਰਗ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਪੈਨਸ਼ਨਰਾਂ ਦੀ ਵਿਕਾਸ ਟੈਕਸ ਦੇ ਨਾਂਅ 'ਤੇ ਹਰੇਕ ਮਹੀਨੇ ਧੱਕੇ ਨਾਲ 200 ਰੁਪਏ ਦੀ ਕੀਤੀ ਜਾ ਰਹੀ ਕਟੌਤੀ ਬੰਦ ਨਹੀਂ ਕੀਤੀ ਜਾ ਰਹੀ। ਆਗੂਆਂ ਕਿਹਾ ਕਿ ਏ ਈ ਦੀ ਡਿਗਰੀ ਹੋਲਡਰ ਕੋਟੇ ਵਿੱਚ ਵਾਧੇ ਦੀ ਮੰਗ ਲਾਗੂ ਕਰਨ, ਭੱਤਿਆਂ ਵਿੱਚ ਵਾਧਾ ਕਰਨ, ਪਾਵਰਕਾਮ ਅਤੇ ਟ੍ਰਾਂਸਕੋ ਦੀਆਂ ਮਹਿਕਮਾਨਾ ਇਮਾਰਤਾਂ ਦੀ ਤਰਸਯੋਗ ਹਾਲਤ ਵਿੱਚ ਸੁਧਾਰ ਕਰਨ, ਦਫਤਰੀ ਕਰਮਚਾਰੀਆਂ ਲਈ ਵਾਤਾਵਰਨ ਦੇ ਅਨਕੂਲ ਦਫਤਰਾਂ ਵਿੱਚ ਬੈਠਣ ਦਾ, ਪੀਣ ਵਾਲੇ ਪਾਣੀ ਦਾ ਅਤੇ ਮਹਿਲਾ ਕਰਮਚਾਰੀਆਂ ਲਈ ਵੱਖਰੇ ਵਾਸ਼ਰੂਮ ਬਣਾਉਣ ਆਦਿ ਮੰਗਾਂ ਵੱਲ ਮੈਨੇਜਮੈਂਟ ਧਿਆਨ ਨਹੀਂ ਦੇ ਰਹੀ, ਜਿਸ ਦੇ ਰੋਸ ਵਜੋਂ ਮੁਲਾਜ਼ਮ ਅਤੇ ਪੈਨਸ਼ਨਰ 15 ਅਗਸਤ ਨੂੰ ਜ਼ਿਲ੍ਹਾ ਹੈੱਡ ਕੁਆਰਟਰ ਨੇੜਲੇ ਦਫਤਰਾਂ ਵਿੱਚ ਰੋਸ ਰੈਲੀ ਕਰਕੇ ਰੋਸ ਮਾਰਚ ਕਰਨਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।

ਮੀਟਿੰਗ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਬਲਜੀਤ ਸਿੰਘ, ਰਵੇਲ ਸਿੰਘ ਸਹਾਏਪੁਰ, ਗੁਰਵਿੰਦਰ ਸਿੰਘ, ਸਰਿੰਦਰਪਾਲ ਲਹੌਰੀਆ, ਦਵਿੰਦਰ ਸਿੰਘ ਪਿਸ਼ੌਰ, ਸੁਖਵਿੰਦਰ ਸਿੰਘ ਚਾਹਲ, ਕਲਵਿੰਦਰ ਸਿੰਘ ਢਿੱਲੋਂ, ਸਰਬਜੀਤ ਸਿੰਘ ਭਾਣਾ, ਸਿਕੰਦਰ ਨਾਥ, ਪਵਨਪ੍ਰੀਤ ਸਿੰਘ, ਗੁਰਤੇਜ ਸਿੰਘ, ਪੂਰਨ ਸਿੰਘ ਖਾਈ, ਇੰਜੀ. ਮਨਿੰਦਰ ਸਿੰਘ, ਬੀ ਐੱਸ ਸੇਖੋਂ, ਰਾਧੇ ਸ਼ਿਆਮ, ਕੌਰ ਸਿੰਘ ਸੋਹੀ ਆਦਿ ਆਗੂ ਵੀ ਮੀਟਿੰਗ ਵਿੱਚ ਹਾਜ਼ਰ ਹੋਏ।

## ਮੁੱਖ ਮੰਤਰੀ ਦੀ ...

ਅਕਾਲੀ ਦਲ 1920 ਵਿੱਚ ਬਣਿਆ ਸੀ ਅਤੇ 2019 ਵਿੱਚ ਖ਼ਤਮ ਹੋ ਜਾਵੇਗਾ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸੁਤੰਤਰਤਾ ਸੈਨਾਨੀ ਜਥੇਦਾਰ ਕਰਤਾਰ ਸਿੰਘ ਦਰਵੇਸ਼ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ, ਜਿਸ ਨੂੰ 3.40 ਕਰੋੜ ਰੁਪਏ ਦੀ ਲਾਗਤ ਨਾਲ ਸਕੂਲ ਆਫ਼ ਐਮੀਨੈਂਸ ਵਜੋਂ ਅਪਗ੍ਰੇਡ ਕੀਤਾ ਗਿਆ ਹੈ, ਨੂੰ ਲੋਕਾਂ ਨੂੰ ਸਮਰਪਿਤ ਕੀਤਾ।ਉਹਨਾ ਸਰਕਾਰੀ ਨਰਸਿੰਗ ਟਰੇਨਿੰਗ ਸਕੂਲ, ਸੰਗਰੂਰ ਵੀ ਲੋਕਾਂ ਨੂੰ ਸਮਰਪਿਤ ਕੀਤਾ। ਇਸ ਦੇ ਨਿਰਮਾਣ ਉੱਤੇ 7.81 ਕਰੋੜ ਰੁਪਏ ਦੀ ਲਾਗਤ ਆਈ ਹੈ।ਮੁੱਖ ਮੰਤਰੀ ਨੇ ਵਰਲਡ ਕੈਂਸਰ ਕੇਅਰ ਦੀਆਂ 12 ਮੋਬਾਇਲ ਕੈਂਸਰ ਸਕਰੀਨਿੰਗ ਬੱਸਾਂ ਨੂੰ ਹਰੀ ਝੰਡੀ ਦਿਖਾਈ। ਇਹ ਬੱਸਾਂ ਵੱਖ-ਵੱਖ ਪਿੰਡਾਂ ਤੇ ਕਸਬਿਆਂ ਵਿੱਚ ਕੈਂਪ ਲਗਾ ਕੇ ਲੋਕਾਂ ਦੀ ਜਾਂਚ ਕਰਨਗੀਆਂ ਅਤੇ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨਗੀਆਂ।

## ਏਅਰ ਇੰਡੀਆ ਦੀ ...

ਸਾਡੀ ਪਹਿਲੀ ਕੋਸ਼ਿਸ਼ ਦੌਰਾਨ ਇੱਕ ਦਿਲ ਦਹਿਲਾ ਦੇਣ ਵਾਲਾ ਪਲ ਨਹੀਂ ਆਇਆ। ਦੱਸਿਆ ਜਾਂਦਾ ਹੈ ਕਿ ਇੱਕ ਹੋਰ ਜਹਾਜ਼ ਕਥਿਤ ਤੌਰ 'ਤੇ ਉਸੇ ਰਨਵੇਅ ਉੱਤੇ ਸੀ। ਉਨ੍ਹਾਂ ਦੋ ਮਿੰਟਾਂ ਵਿੱਚ ਕੈਪਟਨ ਦੇ ਫੌਰੀ ਜਹਾਜ਼ ਉੱਪਰ ਖਿੱਚਣ ਦੇ ਫੈਸਲੇ ਨੇ ਜਹਾਜ਼ ਵਿੱਚ ਸਵਾਰ ਹਰ ਕਿਸੇ ਦੀ ਜਾਨ ਬਚਾਈ। ਦੂਜੀ ਕੋਸ਼ਿਸ਼ ਵਿੱਚ ਫਲਾਈਟ ਸੁਰੱਖਿਅਤ ਉਤਰ ਗਈ। ਸਾਨੂੰ ਪਾਇਲਟ ਦੀ ਚੌਕਸੀ ਤੇ ਕਿਸਮਤ ਨੇ ਬਚਾਇਆ। ਯਾਤਰੀਆਂ ਦੀ ਸੁਰੱਖਿਆ ਕਿਸਮਤ 'ਤੇ ਨਿਰਭਰ ਨਹੀਂ ਕਰ ਸਕਦੀ। ਮੈਂ ਇਸ ਘਟਨਾ ਦੀ ਤੁਰੰਤ ਜਾਂਚ ਕਰਨ, ਜਵਾਬਦੇਹੀ ਨਿਰਧਾਰਤ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਅਪੀਲ ਕਰਦਾ ਹਾਂ ਕਿ ਅਜਿਹੀਆਂ ਗਲਤੀਆਂ ਮੁੜ ਕਦੇ ਨਾ ਹੋਣ।' ਉਧਰ ਏਅਰ ਇੰਡੀਆ ਨੇ ਵੇਣੂਗੋਪਾਲ ਨੂੰ ਐੱਕਸ 'ਤੇ ਜਵਾਬ ਦਿੰਦੇ ਹੋਏ ਕਿਹਾ, 'ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸ਼ੱਕੀ ਤਕਨੀਕੀ ਸਮੱਸਿਆ ਤੇ ਖਰਾਬ ਮੌਸਮ ਕਰਕੇ ਹੀ ਫਲਾਈਟ ਨੂੰ ਚੇਨਈ ਵੱਲ ਮੋੜਨ ਦਾ ਇਹਤਿਆਤੀ ਫੈਸਲਾ ਲਿਆ ਗਿਆ। ਚੇਨਈ ਹਵਾਈ ਅੱਡੇ 'ਤੇ ਲੈਂਡਿੰਗ ਦੀ ਪਹਿਲੀ ਕੋਸ਼ਿਸ਼ ਦੌਰਾਨ ਚੇਨਈ ਏ ਟੀ ਸੀ (ਏਅਰ ਟਰੈਫਿਕ ਕੰਟਰੋਲ) ਵੱਲੋਂ ਗੋ-ਅਰਾਊਂਡ ਦਾ ਨਿਰਦੇਸ਼ ਦਿੱਤਾ ਗਿਆ ਸੀ, ਨਾ ਕਿ ਰਨਵੇਅ 'ਤੇ ਕਿਸੇ ਹੋਰ ਜਹਾਜ਼ ਦੀ ਮੌਜੂਦਗੀ ਕਾਰਨ... ਸਾਡੇ ਪਾਇਲਟ ਅਜਿਹੀਆਂ ਸਥਿਤੀਆਂ ਨੂੰ ਸੰਭਾਲਣ ਲਈ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਹਨ ਅਤੇ ਇਸ ਮਾਮਲੇ ਵਿੱਚ ਉਨ੍ਹਾਂ ਨੇ ਪੂਰੀ ਉਡਾਣ ਦੌਰਾਨ ਨਿਰਧਾਰਤ ਅਮਲ ਦੀ ਪਾਲਣਾ ਕੀਤੀ। ਅਸੀਂ ਸਮਝ ਸਕਦੇ ਹਾਂ ਕਿ ਅਜਿਹਾ ਤਜਰਬਾ ਬੇਚੈਨ ਕਰਨ ਵਾਲਾ ਹੋ ਸਕਦਾ ਹੈ ਅਤੇ ਇਸ ਡਾਈਵਰਸ਼ਨ ਕਾਰਨ ਤੁਹਾਨੂੰ ਹੋਈ ਅਸੁਵਿਧਾ ਲਈ ਸਾਨੂੰ ਅਫਸੋਸ ਹੈ। ਹਾਲਾਂਕਿ, ਸੁਰੱਖਿਆ ਹਮੇਸ਼ਾ ਸਾਡੀ ਤਰਜੀਹ ਹੁੰਦੀ ਹੈ।'

## ਮੰਡ ਬਾਊਪੁਰ ਜਦੀਦ...

ਜਾ ਕੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਮੰਡ ਬਾਊਪੁਰ ਦਾ ਦੌਰਾ ਕੀਤਾ। ਉਹਨਾ ਵੇਖਿਆ ਕਿ ਮੰਡ ਬਾਊਪੁਰ ਵਿਖੇ ਬੰਨ੍ਹ ਵਿੱਚ ਪਾੜ ਪੈਣ ਕਾਰਨ ਵੱਡੀ ਗਿਣਤੀ ਵਿੱਚ ਇਲਾਕਾ ਹੜ੍ਹ ਦੀ ਮਾਰ ਹੇਠਾਂ ਆ ਗਿਆ ਹੈ ਤੇ ਹਜ਼ਾਰਾਂ ਏਕੜ ਫਸਲ ਬਰਬਾਦ ਹੋ ਰਹੀ ਹੈ। ਉਹਨਾ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਹਰ ਮੁਸ਼ਕਲ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਉਹਨਾ ਨਾਲ ਕਿਸਾਨ ਆਗੂ ਅਮਰ ਸਿੰਘ ਮੰਡ, ਸੁਖ ਬੂਲੇ, ਨਰਿੰਦਰ ਪੰਨੂ ਬਲਾਕ ਪ੍ਰਧਾਨ, ਨਵ ਸੇਖੋਂ ਕੁਆਡੀਨੇਟਰ ਦੋਆਬਾ ਜ਼ੋਨ ਕਾਂਗਰਸ, ਗੁਰਮੇਜ ਸਿੰਘ ਪੰਚ, ਚਰਨਜੀਤ ਸ਼ਰਮਾ, ਬਖਸ਼ੀਸ਼ ਸਿੰਘ ਮੈਂਬਰ, ਮਾਸਟਰ ਗੁਰਮੀਤ ਸ਼ਾਹ, ਹਰਦੀਪ ਸਿੰਘ ਗੱਟੀ ਆਦਿ ਹਾਜ਼ਰ ਸਨ। ਮੰਡ ਖੇਤਰ ਦੇ ਕਿਸਾਨ ਆਗੂਆਂ ਨੰਬਰਦਾਰ ਕੁਲਦੀਪ ਸਿੰਘ ਸਾਂਗਰਾ, ਪਰਮਜੀਤ ਸਿੰਘ ਬਾਊਪੁਰ ਨੇ ਦੱਸਿਆ ਕਿ ਆਰਜ਼ੀ ਬੰਨ੍ਹ ਨੂੰ ਬੰਦ ਕਰਨ ਲਈ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਵਿਧਾਇਕ ਰਾਣਾ ਵੱਲੋਂ ਭੇਜੀਆਂ ਦੋ ਪੋਕ ਲੈਂਡ ਮਸ਼ੀਨਾਂ ਨਾਲ ਰਿੰਗ ਬੰਨ੍ਹ ਬਣਾਇਆ ਜਾ ਰਿਹਾ ਹੈ, ਜੋ ਦੇਰ ਰਾਤ ਤੱਕ ਪੂਰਾ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਦੋ ਪੋਕਲੈਂਡ ਮਸ਼ੀਨਾਂ ਹੋਰ ਆ ਰਹੀਆਂ ਹਨ। ਜੇਕਰ ਦੇਰ ਰਾਤ ਤੱਕ ਆਰਜ਼ੀ ਬੰਨ੍ਹ ਵਿੱਚ ਪਏ ਪਾੜ ਨੂੰ ਪੂਰਾ ਕਰ ਲਿਆ ਗਿਆ ਤਾਂ 16 ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫਸਲ ਬਚ ਜਾਵੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਲੈਂਡ ਪੂਲਿੰਗ ਪਾਲਿਸੀ ਤੇ ਚਿੱਪ ਵਾਲੇ ਮੀਟਰ ਲਾਉਣ ਦੀ ਧੱਕੇਸ਼ਾਹੀ ਖਿਲਾਫ ਮੋਟਰਸਾਈਕਲ ਮਾਰਚ

**ਪੱਟੀ (ਬਲਦੇਵ ਸਿੰਘ ਸੰਧੂ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਬਿਜਲੀ ਬੋਰਡ ਨਿੱਜੀ ਹੱਥਾਂ ਵਿੱਚ ਦੇਣ ਦੇ ਅਤੇ ਲੈਂਡ ਪੂਲਿੰਗ ਦਾ ਨਾਮ ਦੇ ਕੇ ਕਿਸਾਨਾਂ/ਮਜ਼ਦੂਰਾਂ ਦੀ ਜ਼ਮੀਨ ਇਕਵਾਇਰ ਕਰਨ ਦੇ ਵਿਰੋਧ ਵਿੱਚ ਜਿੱਥੇ ਪੰਜਾਬ ਭਰ ਦੇ ਵੱਖ-ਵੱਖ ਥਾਵਾਂ ਤੇ ਮੋਟਰਸਾਈਕਲ ਮਾਰਚ ਕੀਤੇ ਗਏ ਉਥੇ ਪੱਟੀ ਜ਼ੋਨ ਵੱਲੋਂ ਸੈਂਕੜਿਆਂ ਦੀ ਗਿਣਤੀ ਵਿੱਚ ਪਿੰਡ ਭੱਗੂਪੁਰ ਤੋਂ ਸ਼ੁਰੂ ਕਰਕੇ ਪੱਟੀ ਸ਼ਹਿਰ ਤੋਂ ਹੁੰਦੇ ਹੋਏ ਪੱਟੀ ਮੋੜ ਚੂਸਲੇਵੜ ਪਹੁੰਚ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਮਾਰਚ ਦੀ ਅਗਵਾਈ ਕਰਦਿਆਂ ਪੱਟੀ ਜ਼ੋਨ ਇੰਚਾਰਜ ਤਰਸੇਮ ਸਿੰਘ ਧਾਰੀਵਾਲ, ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ, ਹਰਵਿੰਦਰ ਸਿੰਘ ਆਸਲ, ਗੁਰਜੰਟ ਸਿੰਘ ਭੱਗੂਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਭੁੱਲ ਕੇ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਕੰਮ ਕਰ ਰਹੀ ਹੈ। ਜਿਸ ਤਰ੍ਹਾਂ ਸਟੇਜਾਂ ਤੇ ਫ੍ਰੀ ਬਿਜਲੀ ਦਾ ਪ੍ਰਚਾਰ ਕਰਨਾ ਅਤੇ ਦੂਜੇ ਪਾਸੇ ਪੂਰੇ ਜ਼ੋਰਾਂ 'ਤੇ ਪਿੰਡਾਂ ਸ਼ਹਿਰਾਂ ਮੁਹੱਲਿਆਂ ਅਤੇ ਸਰਕਾਰੀ ਥਾਵਾਂ ਅਤੇ ਸਰਕਾਰੀ ਕਰਮਚਾਰੀਆਂ ਦੇ ਪ੍ਰੀਪੇਡ ਮੀਟਰ ਲਗਾਏ ਜਾ ਰਹੇ ਹਨ ਇਸ ਤੋਂ ਆਮ ਆਦਮੀ ਪਾਰਟੀ ਦੀ ਨੀਤੀ ਲੋਕਾਂ ਸਾਹਮਣੇ ਹੈ। ਕਿਸਾਨ ਆਗੂ ਨਿਸ਼ਾਨ ਸਿੰਘ ਪੱਟੀ, ਜੁਗਰਾਜ ਸਿੰਘ ਸਭਰਾ, ਰੂਪ ਸਿੰਘ ਸੈਦੋ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਲਿਆ ਕੇ ਲੋਕਾਂ ਦੀਆਂ ਜ਼ਮੀਨਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਕਾਬਜ਼ ਕਰਨਾ ਚਾਹੁੰਦੀ ਹੈ। ਕਿਸਾਨਾਂ ਤੇ ਮਜ਼ਦੂਰਾਂ ਨੇ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਲੈਂਡ ਪੂਲਿੰਗ ਪਾਲਿਸੀ ਨੂੰ ਵਿਕਾਸ ਦੱਸਦੀ ਹੈ ਤੇ ਇਹ ਆਪਣੇ ਸਰਕਾਰ ਦੇ ਐੱਮਐੱਲਏ ਅਤੇ ਮੰਤਰੀਆਂ ਦੀਆਂ ਜ਼ਮੀਨਾਂ ਤੋਂ ਸ਼ੁਰੂ ਕਰਨ ਕਿਉਂਕਿ ਹਰ ਜ਼ਿਲ੍ਹੇ ਵਿੱਚ ਇਨ੍ਹਾਂ ਦੇ ਮੰਤਰੀ/ਐੱਮਐੱਲਏ ਮੌਜੂਦ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਚਿੱਪ ਵਾਲੇ ਮੀਟਰ ਅਤੇ ਲੈਂਡ ਪੂਲਿੰਗ ਪਾਲਿਸੀ ਠੀਕ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਿਸਾਨ ਆਗੂਆਂ ਨਾਲ ਬੈਠਣ ਤੋਂ ਕਿਉਂ ਪਾਸਾ ਵੱਟਦੇ ਹਨ ? ਕਿਸਾਨ ਆਗੂਆਂ ਚੇਤਾਵਨੀ ਦਿੰਦੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਲੈਂਡ ਪੂਲਿੰਗ ਪਾਲਿਸੀ ਅਤੇ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿਆਂਗੇ। ਇਸ ਲਈ ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ਨੂੰ ਮੁੜ ਤੋਂ ਰੱਦ ਕਰੇ ਅਤੇ ਜਿਹੜੇ ਸ਼ਹਿਰਾਂ ਮੁਹੱਲਿਆਂ ਵਿੱਚ ਚਿੱਪ ਵਾਲੇ ਮੀਟਰ ਲਗਾਏ ਗਏ ਹਨ ਬੰਦ ਕੀਤੇ ਜਾਣ ਨਹੀਂ ਤੇ ਪੰਜਾਬ ਸਰਕਾਰ ਨੂੰ ਨਤੀਜੇ ਭੁਗਤਣੇ ਪੈਣਗੇ। ਸੰਘਰਸ਼ ਦੀਆਂ ਵੱਡੇ ਪੱਧਰ ਤਿਆਰੀਆਂ ਚੱਲ ਰਹੀਆਂ, ਇਸ ਲਈ ਡੰਡਾ ਮਾਰਚ ਕਰਕੇ ਜਾਗਰੂਕ ਰੈਲੀ ਕੀਤੀ ਗਈ ਜਿਸ ਵਿੱਚ ਪੱਟੀ ਜ਼ੋਨ ਦੇ ਸਾਰੇ ਪਿੰਡਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਖਜ਼ਾਨ ਸਿੰਘ ਕਿਰਤੋਵਾਲ, ਜਗਜੀਤ ਸਿੰਘ ਨਬੀਪੁਰ, ਮੱਲ ਸਿੰਘ ਸੈਦੋ, ਬਲਕਾਰ ਸਿੰਘ ਸਭਰਾ, ਸਤਨਾਮ ਸਿੰਘ ਹਰੀਕੇ, ਬੱਬਣ ਬੂਹ ਹਵੇਲੀਆਂ, ਜਿੰਦਾ ਸਿੰਘ ਬੂਹ, ਕਿਰਪਾਲ ਸਿੰਘ ਬੁਰਜ ਪੂਹਲਾ, ਪਾਲ ਸਿੰਘ ਜੋਣੇਕੇ, ਰਾਜੂ ਨਬੀਪੁਰ, ਸਕੱਤਰ ਸਿੰਘ ਕੰਡਿਆਲਾ, ਸੁਖਵੰਤ ਸਿੰਘ ਪੱਟੀ, ਸਰਬਜੀਤ ਸਿੰਘ ਪਰਿਗੜੀ, ਸੁਖਚੈਨ ਸਿੰਘ ਪੱਟੀ, ਸੋਨੂੰ ਚੂਸਲੇਵੜ, ਰੋਸ਼ਨ ਸਿੰਘ ਸੈਦਪੁਰ, ਸਾਬ ਸਿੰਘ ਠੱਕਰਪੁਰਾ, ਜਰਨੈਲ ਸਿੰਘ ਧਾਰੀਵਾਲ, ਸੁਬੇਗ ਸਿੰਘ ਪੱਟੀ, ਕੁਲਵਿੰਦਰ ਸਿੰਘ ਭੱਗੂਪੁਰ, ਸੁਰਜਨ ਸਿੰਘ ਸੰਗਵ, ਮਹਾਂਵੀਰ ਸਿੰਘ ਆਸਲ ਆਦਿ ਆਗੂ ਹਾਜ਼ਰ ਸਨ।



# ਆਜ਼ਾਦੀ ਦਿਹਾੜੇ ਮੌਕੇ ਡਾ. ਬਲਜੀਤ ਕੌਰ ਕੌਮੀ ਝੰਡਾ ਲਹਿਰਾਉਣਗੇ

**ਸ਼ਹੀਦ ਭਗਤ ਸਿੰਘ ਨਗਰ, (ਕੁਲਵਿੰਦਰ ਸਿੰਘ ਦੁਗਾਲਪੁਰੀਆ)**-ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ 79ਵੇਂ ਸੁਤੰਤਰਤਾ ਦਿਵਸ ਮੌਕੇ 15 ਅਗਸਤ ਨੂੰ ਸਥਾਨਕ ਆਈ ਟੀ ਆਈ ਗਰਾਊਂਡ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਆਜ਼ਾਦੀ ਦਿਹਾੜੇ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ। ਸਮਾਗਮ ਦੌਰਾਨ ਵੱਖ-ਵੱਖ ਟੁਕੜੀਆਂ ਵੱਲੋਂ ਮਾਰਚ ਪਾਸਟ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਆਧਾਰਿਤ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਲਈ ਰਿਹਰਸਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਮਾਗਮ ਲਈ ਫੁੱਲ ਡਰੈਸ ਰਿਹਰਸਲ 13 ਅਗਸਤ ਨੂੰ ਕੀਤੀ ਜਾਵੇਗੀ। ਸਮਾਗਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ 15 ਅਗਸਤ ਨੂੰ ਸਵੇਰੇ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਆਈ ਟੀ ਆਈ ਗਰਾਊਂਡ ਵਿਖੇ ਰਾਸ਼ਟਰੀ ਝੰਡਾ ਲਹਿਰਾਉਣਗੇ। ਮਾਰਚ ਪਾਸਟ ਵਿੱਚ ਪੰਜਾਬ ਪੁਲਸ (ਪੁਰਸ਼) ਤੇ ਮਹਿਲਾਵਾਂ ਦੀਆਂ ਟੁਕੜੀਆਂ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਦੀਆਂ ਟੁਕੜੀਆਂ ਅਤੇ ਬੈਂਡ ਸ਼ਾਮਿਲ ਹੋਵੇਗਾ।

# ਬਿਜਲੀ ਕਰਮਚਾਰੀ ਤਿੰਨ ਦਿਨਾਂ ਲਈ ਅਚਨਚੇਤ ਛੁੱਟੀ 'ਤੇ

**ਰਈਆ (ਡੀ. ਕੇ. ਰੈਂਡੀ)**

ਸਬ-ਡਵੀਜ਼ਨ ਰਈਆ ਵਿਖੇ ਸਮੁੱਚੇ ਬਿਜਲੀ ਮੁਲਾਜ਼ਮਾਂ ਵੱਲੋਂ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਅਤੇ ਗਰਿਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਵੱਲੋਂ ਦਿੱਤੇ ਸੰਘਰਸ਼ ਦੇ ਨੋਟਿਸ ਅਨੁਸਾਰ ਤਿੰਨ ਦਿਨ ਦੀ ਅਚਨਚੇਤ ਛੁੱਟੀ (ਮਾਸ ਲੀਵ) 'ਤੇ ਚਲੇ ਗਏ। ਇਸ ਸਮੇਂ ਰਈਆ ਸਬ-ਡਵੀਜ਼ਨ ਵਿਖੇ ਰੋਸ ਭਰੀ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦੇ ਸੂਬਾ ਮੀਤ ਪ੍ਰਧਾਨ ਹਰਪਿੰਦਰ ਸਿੰਘ ਚਾਹਲ ਨੇ ਦੱਸਿਆ ਕਿ 02-06-2025 ਨੂੰ ਬਿਜਲੀ ਬੋਰਡ ਮੈਨੇਜਮੈਂਟ ਨਾਲ ਮੀਟਿੰਗ ਕਰਕੇ 25 ਮੰਗਾਂ 'ਤੇ ਜੋ ਸਹਿਮਤੀ ਬਣੀ ਸੀ ਉਸ ਨੂੰ ਲਾਗੂ ਨਹੀਂ ਕੀਤਾ ਗਿਆ, ਉਲਟਾ ਮਿਨਟਸ ਵੀ ਬਣੀ ਸਹਿਮਤੀ ਅਨੁਸਾਰ ਨਹੀਂ ਦਿੱਤੇ ਗਏ ਜਿਸ ਸਬੰਧੀ ਦਿੱਤੇ ਸੰਘਰਸ਼ ਅਨੁਸਾਰ ਦੁਬਾਰਾ 6-8 ਤੇ 8-8-ਤੋਂ 10-8-2025 ਦੀਆਂ ਮੀਟਿੰਗਾਂ ਬੇਸਿੱਟਾ ਰਹੀਆਂ ਜਿਸ ਕਰਕੇ ਸਮੁੱਚੇ ਬਿਜਲੀ ਮੁਲਾਜ਼ਮਾਂ ਵਿੱਚ ਮੰਗਾਂ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਲਈ ਸਮੁੱਚੇ ਬਿਜਲੀ ਮੁਲਾਜ਼ਮਾਂ ਵੱਲੋਂ ਇਹ ਸੰਘਰਸ਼ ਉਨਾ ਚਿਰ ਜਾਰੀ ਰਹੇਗਾ ਜਿੰਨਾ ਚਿਰ ਮੁਲਾਜ਼ਮ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ। ਮੁਲਾਜ਼ਮ ਮੰਗਾਂ ਵਿੱਚ 13% ਤੇ ਡੀਏ ਜਾਰੀ ਕਰਨਾ, ਐੱਲਡੀਸੀ ਦਾ ਸਕੇਲ ਵਿੱਚ ਫਰਕ ਦੂਰ ਕਰਨਾ, ਤਰਸ ਦੇ ਆਧਾਰ ਤੇ ਦਿੱਤੀ ਨੌਕਰੀ ਵਾਲੇ ਮੁਲਾਜ਼ਮਾਂ ਦਾ ਵਿਆਜ ਮਾਫ ਕਰਨਾ, ਪੇ ਬੈਂਡ, ਤਰੱਕੀਆਂ ਵਿੱਚ ਖੜੋਤ, ਨਵੀਂ ਭਰਤੀ ਕਰਨੀ, ਮ੍ਰਿਤਕ ਮੁਲਾਜ਼ਮਾਂ ਨੂੰ ਕਰੋੜ ਰੁਪਏ ਦੀ ਰਾਸ਼ੀ ਦੇਣੀ ਆਦਿ ਮੰਗਾਂ ਨੂੰ ਲਾਗੂ ਕਰਨਾ। ਇਸ ਮੌਕੇ ਸੂਬਾ ਮੀਤ ਪ੍ਰਧਾਨ ਹਰਪਿੰਦਰ ਸਿੰਘ ਚਾਹਲ, ਡਿਪਟੀ ਜਨਰਲ ਸਕੱਤਰ ਤਰਨ ਤਾਰਨ ਪਵਨ ਕੁਮਾਰ, ਪ੍ਰਧਾਨ ਹਰਜਿੰਦਰ ਸਿੰਘ, ਸਿਮਰਜੀਤ ਸਿੰਘ ਮੀਤ ਪ੍ਰਧਾਨ ਅਵਤਾਰ ਸਿੰਘ ਖੰਜਕੀਪੁਰ, ਜਨਰਲ ਸਕੱਤਰ ਗੁਰਵਿੰਦਰ ਸਿੰਘ ਬਾਠ, ਡਵੀਜ਼ਨ ਸਕੱਤਰ ਹਰਜੀਤ ਸਿੰਘ, ਕੈਸ਼ੀਅਰ ਦਿਲਬਾਗ ਸਿੰਘ, ਸਵਿੰਦਰ ਸਿੰਘ, ਜੋਗਾ ਸਿੰਘ, ਅਸੀਸ ਕੁਮਾਰ ਆਰੇ, ਹਰਜੀਤ ਸਿੰਘ ਜੇਈ, ਲਵਪ੍ਰੀਤ ਭਲਵਾਨ, ਨਿਤਿਨ ਵਰਮਾ, ਲਵਪ੍ਰੀਤ ਸਿੰਘ ਕੈਸ਼ੀਅਰ, ਸੁਰਿੰਦਰ ਪਾਲ ਸਿੰਘ ਮਿੰਟੂ, ਵਰੁਣ ਦੀਪ ਸਿੰਘ, ਗੁਰਜੀਤ ਸਿੰਘ, ਜੋਬਨ ਪ੍ਰੀਤ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ।



# ਪੰਜਾਬੀ ਸੱਭਿਆਚਾਰ ਤੇ ਰਵਾਇਤਾਂ ਨੂੰ ਪ੍ਰਫੁੱਲਿਤ ਕਰਨਾ ਸਾਡਾ ਫਰਜ਼ : ਹਰਸ਼ਪ੍ਰਭਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਦੀਨਾਨਗਰ ਵੱਲੋਂ ਸਵਰਗ ਪੈਲੇਸ ਦੀਨਾਨਗਰ ਵਿਖੇ ਹਲਕਾ ਪੱਧਰੀ ਤੀਆਂ ਦਾ ਤਿਓਹਾਰ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ।ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਧਰਮਪਤਨੀ ਰਿਟਾ. ਲੈਕਚਰਾਰ ਹਰਸ਼ਪ੍ਰਭਾ ਦੀ ਪ੍ਰਧਾਨਗੀ ਅਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੇ ਪ੍ਰਬੰਧਾਂ ਹੇਠ ਕਰਵਾਏ ਗਏ ਸਮਾਗਮ 'ਚ ਹਲਕੇ ਭਰ ਤੋਂ ਰਵਾਇਤੀ ਪੁਸ਼ਾਕਾਂ ਵਿੱਚ ਸੱਜ-ਧੱਜ ਕੇ ਪੁੱਜੀਆਂ ਔਰਤਾਂ ਤੇ ਮੁਟਿਆਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਸਮਾਗਮ ਵਿੱਚ ਸ਼ਾਮਲ ਹੋਈਆਂ ਔਰਤਾਂ ਨੇ ਪੰਜਾਬੀ ਲੋਕ ਨਾਚ ਗਿੱਧਾ, ਬੋਲੀਆਂ ਅਤੇ ਰਵਾਇਤੀ ਗੀਤ ਗਾ ਕੇ ਸਮਾਗਮ ਦੀ ਰੌਣਕ ਸਿਖਰਾਂ ਤੇ ਪੁਜਾ ਦਿੱਤੀ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਧਰਮਪਤਨੀ ਹਰਸ਼ਪ੍ਰਭਾ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਹਰ ਦਿਨ ਤਿਓਹਾਰ ਪਾਰਟੀ ਵਰਕਰਾਂ ਨਾਲ ਰਲ ਮਿਲ ਕੇ ਮਨਾਏ ਜਾਂਦੇ ਹਨ ਅਤੇ ਅੱਜ ਵੀ ਸਾਉਣ ਮਹੀਨੇ ਵਿੱਚ ਔਰਤਾਂ ਵੱਲੋਂ ਮਨਾਏ ਜਾਣ ਵਾਲੇ ਇਸ ਤਿਓਹਾਰ ਮੌਕੇ ਹਲਕੇ ਭਰ ਦੇ ਪਿੰਡਾਂ 'ਚੋਂ ਪਾਰਟੀ ਨਾਲ ਸਬੰਧਤ ਔਰਤਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਹੈ ਅਤੇ ਇਕ ਦੂਜੇ ਨਾਲ ਤੀਆਂ ਦੇ ਤਿਓਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਇਸ ਸਮਾਗਮ ਨੂੰ ਕਰਵਾਉਣ ਦਾ ਮੰਤਵ ਪੰਜਾਬੀ ਸੱਭਿਆਚਾਰ ਅਤੇ ਰਵਾਇਤਾਂ ਨੂੰ ਪ੍ਰਫੁੱਲਿਤ ਕਰਨ ਦੇ ਇਲਾਵਾ ਔਰਤਾਂ ਦੇ ਹੱਸਣ ਖੇਡਣ ਲਈ ਇਕ ਮੰਚ ਸਾਂਝਾ ਕਰਨਾ ਸੀ, ਜੋ ਕਿ ਪੂਰੀ ਤਰ੍ਹਾਂ ਸਫਲ ਰਿਹਾ ਹੈ।ਹਰਸ਼ਪ੍ਰਭਾ ਨੇ ਕਿਹਾ ਕਿ ਉਹਨਾਂ ਦੇ ਪਤੀ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਲਗਾਤਾਰ ਦਿਨ ਰਾਤ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ ਅਤੇ ਉਹ ਇਹੀ ਅਰਦਾਸ ਕਰਦੇ ਹਨ ਕਿ ਪ੍ਰਮਾਤਮਾ ਉਨ੍ਹਾਂ ਨੂੰ ਲੋਕ ਸੇਵਾ ਕਰਨ ਦੀ ਹੋਰ ਤਾਕਤ ਬਖਸ਼ਣ।ਸਮਾਗਮ ਦੌਰਾਨ ਐਂਕਰਿੰਗ ਦੀ ਭੂਮਿਕਾ ਰੂਹੀ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਮਹਿਲਾ ਵਿੰਗ ਦੀ ਹਲਕਾ ਕੋਆਡੀਨੇਟਰ ਰੁਪਿੰਦਰ ਕੌਰ ਕੱਤੋਵਾਲ, ਬਲਾਕ ਪ੍ਰਧਾਨ ਕਾਜਲ ਪੱਖੋਵਾਲ, ਜ਼ਿਲ੍ਹਾ ਆਗੂ ਮਧੂ ਥਾਪਾ, ਸਰਪੰਚ ਨਿਸ਼ਾ ਬਾਲਾ ਦੋਆਬਾ, ਅੰਜਲੀ ਅਵਾਂਖਾ, ਅਮਨਦੀਪ ਕੌਰ ਬਾਠਾਂਵਾਲਾ, ਜਸ਼ਨਪ੍ਰੀਤ, ਅੰਜੂ ਬਾਲਾ, ਮਨਦੀਪ ਕੌਰ, ਜਗੀਰ ਕੌਰ, ਮੀਨੂ ਬਾਲਾ ਅਤੇ ਕਿੱਸੋ ਰਾਣੀ ਬਾਠਾਂਵਾਲਾ ਦੇ ਇਲਾਵਾ ਰਿਟਾ. ਪ੍ਰਿੰਸੀਪਲ ਸੁਖਦੇਵ ਰਾਜ, ਬਲਾਕ ਪ੍ਰਧਾਨ ਕਰਨੈਲ ਸਿੰਘ ਬਾਜਵਾ, ਨਰਿੰਦਰ ਸਿੰਘ ਬਹੇੜੀ, ਕਾਰਤਿਕ ਦੋਆਬਾ, ਰਾਮ ਮੂਰਤੀ ਪੰਡੋਰੀ ਬੈਂਸਾਂ, ਮਨੋਹਰ ਕੋਠੇ ਭਗਵਾਨਪੁਰ, ਮਨੋਜ ਕੁਮਾਰ ਘੇਸਲ ਅਤੇ ਸਰਪੰਚ ਗੌਰਵ ਠਾਕੁਰ ਵੀ ਹਾਜ਼ਰ ਸਨ।



# ਪਾਣੀ ਮਾਰਿਆਂ ਵੱਲ ਤੁਰੰਤ ਧਿਆਨ ਦੇਵੇ ਸਰਕਾਰ : ਬਲਦੇਵ ਧੂੰਦਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਕਨਵੀਨਰ ਬਲਦੇਵ ਸਿੰਘ ਧੂੰਦਾ ਨੇ ਪੰਜਾਬ ਸਰਕਾਰ ਤੇ ਹਲਕਾ ਵਿਧਾਇਕ ਤੋਂ ਮੰਗ ਕੀਤੀ ਹੈ ਕਿ ਬਿਆਸ ਦਰਿਆ ਵਿੱਚ ਪੌਂਗ ਡੈਮ ਤੋਂ ਵੱਧ ਪਾਣੀ ਛੱਡਣ ਨਾਲ ਗੋਇੰਦਵਾਲ ਤੋਂ ਹਰੀਕੇ ਵਿੱਚ ਦਰਿਆ ਨੇੜਲੇ ਪਿੰਡਾਂ ਦੇ ਕਿਸਾਨਾਂ ਦੀ ਫਸਲ ਪਾਣੀ ਵਿੱਚ ਡੁੱਬ ਗਈ ਹੈ।ਪ੍ਰਸ਼ਾਸਨ ਨੂੰ ਤੁਰੰਤ ਹਰੀਕੇ ਹੈੱਡ ਤੋਂ ਪਾਣੀ ਅੱਗੇ ਛੱਡਣਾ ਚਾਹੀਦਾ ਹੈ ਕਿਉਂਕਿ ਪਿੱਛੋਂ ਪਾਣੀ ਜਿੰਨਾ ਛੱਡਿਆ ਹੈ ਓਨਾ ਪਾਣੀ ਹਰੀਕੇ ਹੈੱਡ ਤੋਂ ਅੱਗੇ ਨਹੀਂ ਖੋਲ੍ਹਿਆ ਗਿਆ ਜਿਸ ਕਾਰਨ ਗੋਇੰਦਵਾਲ ਤੱਕ ਪਾਣੀ ਦੀ ਡਾਫ਼ ਲੱਗ ਗਈ ਹੈ।ਉਨ੍ਹਾਂ ਮੰਗ ਕੀਤੀ ਕਿ ਡੁੱਬੀਆਂ ਫਸਲਾਂ ਦਾ ਮੌਕਾ ਵੇਖ ਕੇ ਇੱਕ ਲੱਖ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਪੱਕਾ ਨਿਯਮ ਬਣਨਾ ਚਾਹੀਦਾ ਹੈ ਕਿ ਜਿੰਨਾ ਪਾਣੀ ਪਿੱਛੋਂ ਵਾਧੂ ਛੱਡਿਆ ਜਾਵੇ ਓਨਾ ਅਗਾਂਹ ਹਰੀਕੇ ਪੱਤਣ ਤੋਂ ਦਰ ਖੋਲ੍ਹ ਦਿੱਤੇ ਜਾਣ ਤਾਂ ਕਿ ਨੁਕਸਾਨ ਹੋਣ ਤੋਂ ਕੁੱਝ ਬਚਾਅ ਰਹਿ ਸਕੇ।ਉਨ੍ਹਾਂ ਮੰਗ ਕੀਤੀ ਕਿ ਡਿਪਟੀ ਕਮਿਸ਼ਨਰ ਤੇ ਐੱਮਐੱਲਏ ਨੂੰ ਖੁਦ ਆ ਕੇ ਮੌਕਾ ਵੇਖਣਾ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਮੈਂਬਰ ਪੰਚਾਇਤ, ਕਾਬਲ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਦਿਲਬਾਗ ਸਿੰਘ, ਨਿਸ਼ਾਨ ਸਿੰਘ ਤੇ ਚਰਨਦਾਸ ਸਿੰਘ ਵੀ ਹਾਜ਼ਰ ਸਨ।

# ਗੁਰਦਾਸਪੁਰ ਤੋਂ ਜੰਮੂ ਨੂੰ ਚਲਦੀਆਂ ਨੇ ਸਿਰਫ਼ ਦੋ ਰੇਲ ਗੱਡੀਆਂ, ਰੇਲ ਮੰਤਰੀ ਗੱਡੀਆਂ ਦੀ ਗਿਣਤੀ ਵਧਾਉਣ

**ਗੁਰਦਾਸਪੁਰ, (ਜਨਕ ਮਹਾਜਨ)**

ਜ਼ਿਲ੍ਹਾ ਗੁਰਦਾਸਪੁਰ ਤੋਂ ਵੱਡੀ ਗਿਣਤੀ ਵਿਚ ਰੋਜ਼ਾਨਾ ਲੋਕ ਜੰਮੂ-ਕਸ਼ਮੀਰ, ਊਧਮਪੁਰ, ਕਟੜਾ ਅਤੇ ਸ੍ਰੀਨਗਰ ਆਦਿ ਨੂੰ ਜਾਂਦੇ ਹਨ ਪਰ ਸ਼ਹਿਰ ਗੁਰਦਾਸਪੁਰ ਤੋਂ ਜੰਮੂ ਨੂੰ ਸਿਰਫ਼ ਦੋ ਰੇਲ ਗੱਡੀਆਂ ਚੱਲਣ ਕਾਰਨ ਇਲਾਕੇ ਦੇ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਜੰਮੂ ਨੂੰ ਕੇਵਲ ਦੋ ਰੇਲ ਗੱਡੀਆਂ ਮੌਜੂਦਾ ਸਮੇਂ ਵਿੱਚ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਇਕ ਰੇਲ ਗੱਡੀ ਸਵੇਰੇ 3 ਵਜੇ ਦੇ ਕਰੀਬ ਗੁਰਦਾਸਪੁਰ ਤੋਂ ਜੰਮੂ ਨੂੰ ਨਿਕਲਦੀ ਹੈ ਜਦੋਂਕਿ ਦੂਸਰੀ ਰੇਲ ਗੱਡੀ ਸਵੇਰੇ 10:30 ਵਜੇ ਦੇ ਕਰੀਬ ਗੁਰਦਾਸਪੁਰ ਤੋਂ ਜੰਮੂ ਨੂੰ ਚਲਦੀ ਹੈ। ਉਨ੍ਹਾਂ ਕਿਹਾ ਇਸ ਤੋਂ ਇਲਾਵਾ ਹੋਰ ਕੋਈ ਵੀ ਰੇਲ ਗੱਡੀ ਗੁਰਦਾਸਪੁਰ ਤੋਂ ਜੰਮੂ ਨੂੰ ਨਹੀਂ ਚੱਲਦੀ ਜਿਸ ਕਰਕੇ ਮਜਬੂਰਨ ਲੋਕਾਂ ਨੂੰ ਬੱਸਾਂ ਵਿੱਚ ਵੱਧ ਕਿਰਾਇਆ ਖ਼ਰਚ ਕਰਕੇ ਧੱਕੇ ਖਾਣ ਨੂੰ ਮਜਬੂਰ ਹੋਣਾ ਪੈਂਦਾ ਹੈ। ਰੋਜ਼ਾਨਾ ਵੱਡੀ ਗਿਣਤੀ ਵਿਚ ਲੋਕ ਬੱਸਾਂ ਰਾਹੀਂ ਜੰਮੂ ਨੂੰ ਜਾਂਦੇ ਹਨ ਅਤੇ ਬੱਸਾਂ ਕਾਫੀ ਭਰੀਆਂ ਹੋਈਆਂ ਜੰਮੂ ਨੂੰ ਜਾਂਦੀਆਂ ਹਨ ਪਰ ਰੇਲਵੇ ਦੀ ਸਹੂਲਤ ਘੱਟ ਮਿਲਣ ਕਾਰਨ ਲੋਕਾਂ ਦਾ ਰੇਲ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਇਸ ਨਾਲ ਰੇਲਵੇ ਵਿਭਾਗ ਨੂੰ ਵੀ ਵੱਡੀ ਪੱਧਰ 'ਤੇ ਨੁਕਸਾਨ ਹੋ ਰਿਹਾ ਹੈ ਕਿਉਂ ਜੋ ਲੋਕ ਬੱਸਾਂ ਵਿਚ ਕਿਰਾਇਆ ਖਰਚ ਕੇ ਜੰਮੂ ਨੂੰ ਜਾਂਦੇ ਹਨ ਅਤੇ ਜੇਕਰ ਜੰਮੂ ਨੂੰ ਜਾਣ ਵਾਸਤੇ ਰੇਲ ਗੱਡੀਆਂ ਵੱਧ ਚੱਲਣਗੀਆਂ ਤਾਂ ਲੋਕ ਰੇਲਵੇ ਟਿਕਟਾਂ ਲੈ ਕੇ ਜੰਮੂ ਨੂੰ ਜਾਣਗੇ ਜਿਸ ਨਾਲ ਰੇਲਵੇ ਵਿਭਾਗ ਨੂੰ ਵੀ ਕਾਫੀ ਫਾਇਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਖਾਸ ਕਰ ਤਿਉਹਾਰਾਂ ਦੇ ਮੱਦੇਨਜ਼ਰ ਜਦੋਂ ਜੰਮੂ ਨੂੰ ਲੋਕਾਂ ਨੇ ਜਾਣਾ ਹੁੰਦਾ ਹੈ, ਉਸ ਸਮੇਂ ਬੱਸਾਂ ਵਿਚ ਵੀ ਕਾਫੀ ਭੀੜ ਵੇਖਣ ਨੂੰ ਮਿਲਦੀ ਹੈ ਅਤੇ ਬੱਸ ਵਿਚ ਸੀਟ ਨਾ ਮਿਲਣ ਕਾਰਨ ਖੜ੍ਹੇ ਹੋ ਕੇ ਜੰਮੂ ਤੱਕ ਸਫਰ ਕਰਨਾ ਪੈਂਦਾ ਹੈ ਜਿਸ ਕਾਰਨ ਛੋਟੇ ਬੱਚੇ ਅਤੇ ਬਜ਼ੁਰਗਾਂ ਦਾ ਤਾਂ ਹੋਰ ਵੀ ਜ਼ਿਆਦਾ ਬੁਰਾ ਹਾਲ ਹੁੰਦਾ ਹੈ। ਇਲਾਕਾ ਵਾਸੀਆਂ ਨੇ ਅਸ਼ਵਨੀ ਵੈਸ਼ਨਵ ਰੇਲ ਮੰਤਰੀ ਅਤੇ ਰਵਨੀਤ ਸਿੰਘ ਬਿੱਟੂ ਰੇਲਵੇ ਰਾਜ ਮੰਤਰੀ ਪਾਸੋਂ ਮੰਗ ਕੀਤੀ ਕਿ ਲੋਕਾਂ ਦੀ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ ਗੁਰਦਾਸਪੁਰ ਤੋਂ ਜੰਮੂ ਨੂੰ ਜਾਣ ਲਈ ਰੇਲ ਗੱਡੀਆਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਲੋਕ ਆਸਾਨੀ ਨਾਲ ਰੇਲ ਗੱਡੀਆਂ ਰਾਹੀਂ ਸਫਰ ਕਰਕੇ ਜੰਮੂ, ਊਧਮਪੁਰ, ਕਟੜਾ ਅਤੇ ਸ੍ਰੀਨਗਰ ਨੂੰ ਜਾ ਸਕਣ।




# ਜ਼ੋਨਲ ਪੱਧਰੀ ਇੰਟਰ ਸਕੂਲ ਫੁੱਟਬਾਲ ਟੂਰਨਾਮੈਂਟ 'ਚ ਸੋਨ ਤਮਗੇ 'ਤੇ ਕਬਜ਼ਾ



**ਮਜੀਠਾ (ਸੋਇਮ ਆਨੰਦ)**

ਬੀਤੇ ਦਿਨੀਂ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲਤਾਨ ਸਿੰਘ ਦੀ ਗਰਾਊਂਡ ਵਿਚ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਇੰਟਰ ਸਕੂਲ ਜ਼ੋਨਲ ਪੱਧਰੀ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿਚ ਮਜੀਠਾ ਦੇ ਲਾਗਲੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਨ੍ਹਾਂ ਜ਼ੋਨਲ ਪੱਧਰੀ ਇੰਟਰ ਸਕੂਲ ਖੇਡਾਂ ਵਿਚ ਮੇਜ਼ਬਾਨ ਸਕੂਲ ਦੀ ਅੰਡਰ 14 ਸਾਲ ਉਮਰ ਵਰਗ ਦੀ ਫੁੱਟਬਾਲ ਦੀ ਟੀਮ ਵੱਲੋਂ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਆਪਣੇ ਗਰੁੱਪ ਦੀਆਂ ਸਾਰੀਆਂ ਟੀਮਾਂ ਨੂੰ ਪਛਾੜਦੇ ਹੋਏ ਫਾਈਨਲ ਵਿਚ ਪ੍ਰਵੇਸ਼ ਕੀਤਾ ਅਤੇ ਫਾਈਨਲ ਮੈਚ ਸ਼ਾਮਨਗਰ ਸਕੂਲ ਦੀ ਟੀਮ ਵਿਚਕਾਰ ਹੋਇਆ ਜਿਸ ਵਿਚ ਸ੍ਰੀ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲ਼ਤਾਨ ਸਿੰਘ ਦੀ ਟੀਮ ਦੇ ਖਿਡਾਰੀਆਂ ਨੇ ਸ਼ਾਮਨਗਰ ਸਕੂਲ ਦੀ ਟੀਮ ਦੇ ਖਿਡਾਰੀਆਂ ਨੂੰ ਇੱਕ ਦੇ ਮੁਕਾਬਲੇ ਤਿੰਨ ਗੋਲ ਕਰਕੇ ਹਰਾਇਆ ਅਤੇ ਸੋਨ ਤਗਮੇ 'ਤੇ ਕਬਜ਼ਾ ਕੀਤਾ।ਫਾਈਨਲ ਮੈਚ ਜਿੱਤਣ ਤੇ ਸਕੂਲ ਪ੍ਰਿੰਸੀਪਲ ਵਿਨੋਦ ਸ਼ਰਮਾ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਜੇਤੂ ਟੀਮ ਦੇ ਖਿਡਾਰੀਆਂ ਨਾਲ ਪ੍ਰਿੰਸੀਪਲ ਵਿਨੋਦ ਸ਼ਰਮਾ, ਡੀ. ਪੀ. ਈ. ਇਕਬਾਲ ਸਿੰਘ, ਜਗਦੀਪ ਸਿੰਘ, ਸੁਪਰੀਤ ਸਿੰਘ, ਦੀਪ ਹਰੀਆਂ, ਕਵਲਜੀਤ ਸਿੰਘ, ਹਰਨੇਕ ਸਿੰਘ, ਗੁਰਿੰਦਰ ਕੌਰ ਸਮੇਤ ਸਕੂਲ ਦੇ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

# ਰੋਟਰੀ ਕਲੱਬ ਦਾ ਤਾਜਪੋਸ਼ੀ, ਸਹੁੰ-ਚੁੱਕ ਅਤੇ ਵਰ੍ਹੇਗੰਢ ਸਮਾਗਮ ਸੰਪੰਨ

**ਅੰਮ੍ਰਿਤਸਰ (ਅਰੋੜਾ)**

ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਰੋਟਰੀ 3070 ਦੇ ਹੇਠ ਆਉਂਦੀ ਰੋਟਰੀ ਕਲੱਬ ਸੈਂਟਰ ਦਾ ਤਾਜਪੋਸ਼ੀ ਅਤੇ ਸਹੁੰ-ਚੁੱਕ ਸਮਾਗਮ ਕਲੱਬ ਦੇ ਚੇਅਰਮੈਨ ਰਕੇਸ਼ ਕਪੂਰ, ਚੀਫ਼ ਐਡਵਾਈਜ਼ਰ ਪਵਨ ਕਪੂਰ, ਐਡਵਾਈਜ਼ਰ ਪੰਕਜ ਖੰਨਾ, ਮੀਤ ਪ੍ਰਧਾਨ ਰਵਿੰਦਰ ਪਠਾਨੀਆਂ ਅਤੇ ਕਲੱਬ ਦੇ ਸੀਨੀਅਰ ਮੈਂਬਰ ਰਵੀ ਹਾਂਡਾ ਦੀ ਦੇਖ-ਰੇਖ ਵਿੱਚ ਬੜੇ ਹੀ ਵਿਧੀ ਵਿਧਾਨ ਚਾਵਾਂ ਮਲਾਰਾਂ ਨਾਲ ਸੰਪੰਨ ਹੋਇਆ।ਸਮਾਗਮ ਵਿਖੇ ਰੋਟਰੀ 3070 ਦੇ ਗਵਰਨਰ ਰੋਹਿਤ ਆਬਰਾਏ ਮੁੱਖ ਮਹਿਮਾਨ, ਸਾਬਕਾ ਗਵਰਨਰ ਡਾ. ਪੀ. ਐੱਸ. ਗ੍ਰੋਵਰ ਅਤੇ 26.27 ਦੇ ਗਵਰਨਰ ਅਨਿਲ ਸਿੰਗਲ ਅਤੇ ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਦੁੱਗਲ ਖਾਸ ਮਹਿਮਾਨ ਵਜੋਂ ਸ਼ਾਮਿਲ ਹੋਏ।ਮੁੱਖ ਮਹਿਮਾਨ ਅਤੇ ਇੰਸਟਾਲੇਸ਼ਨ ਅਧਿਕਾਰੀ ਗਵਰਨਰ ਰੋਹਿਤ ਆਬਰਾਏ ਨੇ 24.25 ਦੇ ਪ੍ਰਧਾਨ ਅਮਨਦੀਪ ਦਾ ਕਾਰਜ ਕਾਲ ਪੂਰਾ ਹੋਣ ਤੇ ਰੋਟਰੀ ਦੀ ਜ਼ਿੰਮੇਵਾਰੀ ਰਜੀਵ ਕਪੂਰ ਨੂੰ ਸੌਂਪੀ।ਸਮਾਗਮ ਦਾ ਸ਼ੁੱਭ ਆਰੰਭ ਰੋਟਰੀ ਨਿਯਮਾਂ ਦੇ ਅਨੁਸਾਰ ਰਾਸ਼ਟੀ ਗੀਤ ਅਤੇ ਫਾਰ ਵੇ ਟੈਸਟ ਦੇ ਨਾਲ ਕੀਤਾ ਗਿਆ। ਰੋਟਰੀ ਵਿੱਚ ਰਹਿ ਕੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਵਿੱਚ ਆਪਣਾ ਵਡਮੁੱਲਾਂ ਯੋਗਦਾਨ ਪਾਉਣ ਵਾਲੇ ਰੋਟਰੀ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।ਸਨਮਾਨ ਹਾਸਿਲ ਕਰਨ ਵਾਲਿਆਂ ਵਿੱਚ ਪ੍ਰਵੀਨ ਮਹਿਰਾ, ਰਾਜੇਸ਼ ਭਦਵਾਰ, ਵਿਪਨ ਮਹਿਰਾ, ਕਰਨਲ ਜੇ. ਐੱਸ. ਅਨੇਜਾ, ਸੀ. ਐੱਲ. ਮਹੇਸ਼ਵਰੀ, ਡਾ. ਅਮਨ ਅਰੋੜਾ, ਸੁਭਾਸ਼ ਬਿਆਲਾ, ਗੁਰਪ੍ਰੀਤ ਛਾਬੜਾ, ਹੈਪੀ ਮੋਹਨ, ਹਰਸ਼ ਚੱਢਾ, ਹਰਿੰਦਰਪਾਲ ਸਿੰਘ, ਰਾਜੇਸ਼ ਖੰਨਾ, ਡਾ. ਆਰ. ਪੀ. ਸਿੰਘ, ਮੁਕੇਸ਼ ਮਾਹੀ ਸਮੇਤ ਰੋਟਰੀ ਕਲੱਬ ਸੈਂਟਰ ਦੇ ਸਾਰੇ ਮੈਂਬਰ ਮੌਜੂਦ ਸਨ।ਸਮਾਗਮ ਦੇ ਅਖੀਰ ਵਿੱਚ ਮੁੱਖ ਮਹਿਮਾਨ ਅਤੇ ਖਾਸ ਮਹਿਮਾਨਾਂ ਨੂੰ ਰੋਟਰੀ ਐਵਾਰਡ ਦੇ ਕੇ ਸਨਮਾਨਿਤ ਵੀ ਕੀਤਾ ਗਿਆ।



# ਪੰਜਾਬ ਪੁਲਸ ਦੇ ਹੈੱਡ ਕਾਂਸਟੇਬਲ ਨਵੀਨ ਕੁਮਾਰ ਨੇ ਖੂਨ ਦੇ ਕੇ ਬਚਾਈ ਮਰੀਜ਼ ਦੀ ਜਾਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਖੂਨਦਾਨ ਦੇ ਖੇਤਰ ਵਿੱਚ ਪਿਛਲੇ 10 ਸਾਲ ਤੋਂ ਸੇਵਾ ਨਿਭਾ ਰਹੀ ਟੀਮ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਦੇ ਸਾਰੇ ਮੈਂਬਰ ਖੂਨਦਾਨ ਦੀ ਲੋਕ ਸੇਵਾ ਕਰਨ ਵਾਸਤੇ ਦਿਨ ਰਾਤ ਤਿਆਰ ਰਹਿੰਦੇ ਹਨ। ਬੀਤੀ ਰਾਤ ਟੀਮ ਦੇ ਸੀਨੀਅਰ ਮੀਤ ਪ੍ਰਧਾਨ ਨਵੀਨ ਕੁਮਾਰ ਨੂੰ ਕਿਸੇ ਲੋੜਵੰਦ ਵੱਲੋਂ ਖੂਨ ਦੀ ਲੋੜ ਲਈ ਫੋਨ ਕੀਤਾ ਜਾਂਦਾ ਹੈ। ਨਵੀਨ ਕੁਮਾਰ ਨੇ ਬਿਨਾਂ ਕਿਸੇ ਦੇਰੀ ਕੀਤਿਆਂ ਟੀਮ ਦੇ ਸੰਸਥਾਪਕ ਰਜੇਸ਼ ਬੱਬੀ ਅਤੇ ਪ੍ਰਧਾਨ ਆਦਰਸ਼ ਕੁਮਾਰ ਨੂੰ ਨਾਲ ਲੈ ਕੇ ਬਲੱਡ ਬੈਂਕ ਜਾ ਕੇ ਖੂਨ ਨਾਲ ਦਾਨ ਕੀਤਾ ਅਤੇ ਕਿਸੇ ਮਰੀਜ਼ ਦੀ ਜਾਨ ਬਚਾਉਣ ਵਿੱਚ ਇੱਕ ਅਹਿਮ ਰੋਲ ਅਦਾ ਕੀਤਾ। ਦੱਸਣ ਯੋਗ ਹੈ ਕਿ ਨਵੀਨ ਕੁਮਾਰ ਪੰਜਾਬ ਪੁਲਸ ਵਿੱਚ ਬਤੌਰ ਹੈੱਡ ਕਾਂਸਟੇਬਲ ਸੇਵਾ ਨਿਭਾ ਰਹੇ ਹਨ।ਇਸ ਸਬੰਧੀ ਗੱਲਬਾਤ ਕਰਦਿਆਂ ਉਨਾਂ ਦੱਸਿਆ ਕਿ ਉਹ ਟੀਮ ਬਲੱਡ ਡੋਨਰ ਸੋਸਾਇਟੀ ਗੁਰਦਾਸਪੁਰ ਨਾਲ ਪਿਛਲੇ 11 ਸਾਲਾਂ ਤੋਂ ਜੁੜੇ ਹੋਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਬਲੱਡ ਗਰੁੱਪ ਬੀ ਨੈਗੇਟਿਵ ਹੈ ਜੋ ਕਿ ਬਹੁਤ ਹੀ ਘੱਟ ਪਾਇਆ ਜਾਂਦਾ ਹੈ। ਟੀਮ ਦੇ ਪ੍ਰਧਾਨ ਆਦਰਸ਼ ਕੁਮਾਰ ਨੇ ਦੱਸਿਆ ਕਿ ਸਾਡੀ ਟੀਮ ਨੇ ਥੈਲੇਸੀਮੀਆ ਦੇ ਕੋਈ ਦਸ ਦੇ ਕਰੀਬ ਬੱਚਿਆਂ ਨੂੰ ਗੋਦ ਲਿਆ ਹੋਇਆ ਹੈ ਜਿਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਖੂਨ ਮੁਹੱਈਆ ਕਰਵਾਇਆ ਜਾਂਦਾ ਹੈ।ਦੱਸਣਯੋਗ ਹੈ ਕਿ ਇੱਥੇ ਥੈਲੇਸੀਮੀਆ ਬਿਮਾਰੀ ਨਾਲ ਪੀੜਿਤ ਬੱਚਿਆਂ ਨੂੰ ਹਰ ਮਹੀਨੇ ਦੋ ਜਾਂ ਤਿੰਨ ਵਾਰ ਖੂਨ ਚੜ੍ਹਾਉਣਾ ਪੈਂਦਾ ਹੈ ਜੋ ਕਿ ਪਰਿਵਾਰ ਲਈ ਇੱਕ ਬਹੁਤ ਵੱਡੀ ਚੁਣੌਤੀ ਹੁੰਦੀ ਹੈ।ਬਲੱਡ ਡੋਨਰ ਸੋਸਾਇਟੀ ਦੇ ਮੈਂਬਰਾਂ ਵੱਲੋਂ ਇਨ੍ਹਾਂ ਬੱਚਿਆਂ ਨੂੰ ਗੋਦ ਲੈਣ ਨਾਲ ਇਨ੍ਹਾਂ ਦੇ ਪਰਿਵਾਰਾਂ ਦੀ ਇਸ ਸਮੱਸਿਆ ਦਾ ਹੱਲ ਹੋ ਗਿਆ ਹੈ।



# ਭਗਵੰਤ ਮਾਨ ਸਰਕਾਰ ਨੇ ਬੀਤੇ ਸਾਢੇ ਤਿੰਨ ਸਾਲਾਂ 'ਚ 43 ਹਜ਼ਾਰ ਤੋਂ ਵੱਧ ਖਾਧ ਪਦਾਰਥਾਂ ਨਮੂਨੇ ਲਏ : ਰਮਨ ਬਹਿਲ

**ਗੁਰਦਾਸਪੁਰ, (ਜਨਕ ਮਹਾਜਨ)**-ਸੂਬੇ ਦੇ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਭੋਜਨ ਯਕੀਨੀ ਬਣਾਉਣ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ 'ਫੂਡ ਸੇਫਟੀ ਆਨ ਵੀਲਜ਼' ਪਹਿਲਕਦਮੀ ਦਾ ਵਿਸਥਾਰ ਸਾਰੇ ਜ਼ਿਲ੍ਹਿਆਂ ਵਿਚ ਕੀਤਾ ਗਿਆ ਹੈ ਅਤੇ ਸੂਬਾ ਵਾਸੀਆਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। 'ਫੂਡ ਸੇਫਟੀ ਆਨ ਵੀਲਜ਼' ਮੋਬਾਈਲ ਫੂਡ ਟੈਸਟਿੰਗ ਵੈਨਾਂ ਹਨ, ਜੋ ਦੁੱਧ, ਪਨੀਰ, ਪਾਣੀ ਅਤੇ ਹੋਰ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਸਮੇਤ ਭੋਜਨ ਦੀਆਂ ਪ੍ਰਮੁੱਖ ਸ਼੍ਰੇਣੀਆਂ ਵਿੱਚ ਮਿਲਾਵਟ ਦੀ ਜਾਂਚ ਕਰਨ ਲਈ ਲੈਸ ਹਨ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਇਹ ਵੈਨਾਂ ਭੋਜਨ ਮਿਲਾਵਟ ਵਿਰੁੱਧ ਸਾਡੀ ਲੜਾਈ ਵਿਚ ਇਕ ਮਹੱਤਵਪੂਰਨ ਸਾਧਨ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਸਿਹਤ ਵਿਭਾਗ ਵੱਲੋਂ ਕੁੱਲ 18,559 ਇਨਫੋਰਸਮੈਂਟ ਸੈਂਪਲ ਅਤੇ 12,178 ਨਿਗਰਾਨੀ ਸੈਂਪਲ ਲਏ ਗਏ ਹਨ। ਇਸ ਤੋਂ ਇਲਾਵਾ 'ਫੂਡ ਸੇਫਟੀ ਔਨ ਵੀਲਜ਼' 'ਤੇ ਮਿਲਾਵਟਖੋਰੀ ਲਈ ਹੁਣ ਤੱਕ 13000 ਤੋਂ ਵੱਧ ਨਮੂਨਿਆਂ ਦੀ ਜਾਂਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਸ਼੍ਰੇਣੀਆਂ ਵਿੱਚ ਪਨੀਰ, ਘਿਓ, ਦੁੱਧ, ਮਸਾਲੇ, ਫਲ ਅਤੇ ਸਬਜ਼ੀਆਂ, ਮਿਠਾਈਆਂ, ਖੋਆ ਆਦਿ ਸ਼ਾਮਲ ਹਨ। ਸ਼੍ਰੀ ਰਮਨ ਬਹਿਲ ਨੇ ਦੁਹਰਾਇਆ ਕਿ ਭੋਜਨ ਵਿੱਚ ਮਿਲਾਵਟਖੋਰੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮਾਣਯੋਗ ਅਦਾਲਤ ਨੇ ਪਿਛਲੇ ਪੰਜ ਸਾਲਾਂ ਵਿੱਚ ਮਿਲਾਵਟਖੋਰੀ ਦੇ 145 ਮਾਮਲਿਆਂ ਵਿੱਚ ਛੇ ਮਹੀਨੇ ਤੱਕ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਤੱਕ ਫੂਡ ਬਿਜ਼ਨਸ ਆਪਰੇਟਰਾਂ ਨੂੰ ਕੁੱਲ 3.17 ਲੱਖ ਲਾਇਸੈਂਸ ਅਤੇ ਰਜਿਸਟਰੇਸ਼ਨ ਜਾਰੀ ਕੀਤੇ ਗਏ ਹਨ ਅਤੇ ਉਨ੍ਹਾਂ ਸਟਰੀਟ ਫੂਡ ਵੈਂਡਰਾਂ ਸਮੇਤ ਸਾਰੇ ਐੱਫਬੀਓਜ਼ ਨੂੰ ਫੂਡ ਐਂਡ ਡਰੱਗਜ਼ ਐਡਮਿਨਿਸਟਰੇਸ਼ਨ ਅਧੀਨ ਆਪਣੇ ਆਪ ਨੂੰ ਰਜਿਸਟਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬੀਆਂ ਨੂੰ 'ਸਹੀ ਖਾਓ, ਸਿਹਤਮੰਦ ਰਹੋ' ਪਹੁੰਚ ਅਪਣਾਉਣ ਅਤੇ ਇੱਕ ਸਿਹਤਮੰਦ ਤੇ ਪੋਸ਼ਣ ਪੱਖੋਂ ਸੁਰੱਖਿਅਤ ਪੰਜਾਬ ਸਿਰਜਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।



# ਔਜਲਾ ਵੱਲੋਂ 'ਵੰਦੇ ਭਾਰਤ' ਟ੍ਰੇਨ ਸ਼ੁਰੂ ਕਰਨ ਲਈ ਰੇਲ ਮੰਤਰਾਲੇ ਦਾ ਧੰਨਵਾਦ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਪਾਰਲੀਮੈਂਟ ਹਲਕਾ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੰਮ੍ਰਿਤਸਰ-ਕੱਟੜਾ ਵੰਦੇ ਭਾਰਤ ਟ੍ਰੇਨ ਸੁਰੂ ਹੋਣ 'ਤੇ ਰੇਲਵੇ ਮੰਤਰਾਲੇ ਦਾ ਧੰਨਵਾਦ ਕਰਦਿਆਂ ਲੋਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਉਹ ਅੰਮ੍ਰਿਤਸਰ ਤੋਂ ਦੋ ਵਿਸ਼ੇਸ਼ ਟ੍ਰੇਨਾਂ ਦੀ ਮੰਗ ਕਰ ਰਹੇ ਸਨ, ਜਿਸ ਤਹਿਤ 2023 ਵਿੱਚ ਇੱਕ ਟ੍ਰੇਨ ਦਿੱਤੀ ਗਈ ਸੀ ਅਤੇ ਅੱਜ ਦੂਜੀ ਟ੍ਰੇਨ ਸ਼ੁਰੂ ਕੀਤੀ ਗਈ ਹੈ ਜੋ ਸ਼ੁਰੂ ਕਰਨੀ ਬਣਦੀ ਸੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਇੱਕ ਇਤਿਹਾਸਕ ਟੂਰਿਸਟ ਪਲੇਸ ਹੈ। ਉਨਾਂ ਕਿਹਾ ਕਿ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈਸਵੇਅ ਦੀ ਤਰ੍ਹਾਂ ਦਿੱਲੀ-ਅੰਮ੍ਰਿਤਸਰ-ਕੱਟੜਾ ਰੇਲ ਰੂਟ ਦੀ ਵੀ ਜ਼ਰੂਰਤ ਸੀ, ਜਿਸ ਲਈ ਉਹ ਲਗਾਤਾਰ ਯਤਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਅੱਜ ਉਸ ਵੇਲੇ ਰੰਗ ਲਿਆਈ ਜਦੋਂ ਅੰਮ੍ਰਿਤਸਰ-ਕੱਟੜਾ ਟਰੇਨ ਚਾਲੂ ਦਿੱਤੀ ਗਈ। ਇਸ ਟ੍ਰੇਨ ਦੇ ਚੱਲਣ ਤੋਂ ਬਾਅਦ ਸੈਲਾਨੀਆਂ ਦੀ ਗਿਣਤੀ ਹੋਰ ਵਧੇਗੀ, ਜਿਸ ਦਾ ਫਾਇਦਾ ਨਾ ਸਿਰਫ ਸੈਲਾਨੀਆਂ ਨੂੰ ਸਗੋਂ ਅੰਮ੍ਰਿਤਸਰ ਦੇ ਲੋਕਾਂ ਨੂੰ ਵੀ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਇਸ ਲਈ ਸਾਰੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਹੁਣ ਲੋਕਾਂ ਲਈ ਜਲਦੀ ਹੀ ਇੱਕ ਨਵਾਂ ਸਟੇਸ਼ਨ ਬਣਾਇਆ ਜਾਵੇਗਾ ਜਿਸਦਾ ਐਲਾਨ ਪਿਛਲੀ ਸਰਕਾਰ ਦੌਰਾਨ ਕੀਤਾ ਗਿਆ ਸੀ। ਕੁਝ ਡਿਜ਼ਾਈਨ ਦੇ ਮੁੱਦਿਆਂ ਕਾਰਨ ਇਹ ਕੰਮ ਬੰਦ ਕੀਤਾ ਗਿਆ ਸੀ ਜਿਸਨੂੰ ਜਲਦੀ ਹੀ ਸੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਲੋਕਾਂ ਲਈ ਹਾਜ਼ਰ ਹਨ ਅਤੇ ਉਨ੍ਹਾਂ ਦੀ ਹਰ ਮੰਗ ਨੂੰ ਕੇਂਦਰ ਤੱਕ ਪਹੁੰਚਾਉਣਗੇ।



# ਦੋ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਧਾਰੀਵਾਲ ਪੁਲਸ ਦੇ ਏਐੱਸਆਈ. ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਤਰੀਜਾ ਨਗਰ ਮੋੜ ਬਾਈਪਾਸ ਧਾਰੀਵਾਲ ਤੋਂ ਸਤਬੀਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਡੱਡਵਾ ਰੋਡ ਧਾਰੀਵਾਲ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ 7 ਗਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਬਹਿਰਾਮਪੁਰ ਪੁਲਸ ਦੇ ਐੱਸ. ਆਈ. ਰਮੇਸ਼ ਲਾਲ ਨੇ ਸਮੇਤ ਪੁਲਸ ਪਾਰਟੀ ਝਾੜੀਆਂ ਵਿੱਚੋਂ ਵਰਿੰਦਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਮਿਰਜਾਨਪੁਰ ਜੋ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ, ਜਿਸ ਪਾਸੋਂ ਇਕ ਸਿਲਵਰ ਪੰਨੀ, ਇਕ ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਦੋਵਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਮਨੀ ਮਹੇਸ਼ ਕਮੇਟੀ ਤੇ ਬਾਵਾ ਲਾਲ ਜੀ ਸੇਵਕ ਸੁਸਾਇਟੀ ਵੱਲੋਂ ਲੰਗਰ ਭੰਡਾਰੇ ਲਈ ਤਿਆਰੀਆਂ ਮੁਕੰਮਲ

**ਮਜੀਠਾ (ਸੋਇਮ ਆਨੰਦ)**

ਮਨੀ ਮਹੇਸ਼ ਕਮੇਟੀ ਅਤੇ ਸ਼੍ਰੀ ਬਾਵਾ ਲਾਲ ਜੀ ਸੇਵਕ ਸੁਸਾਇਟੀ ਮਜੀਠਾ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਡਾ. ਬਲਰਾਮ ਕੁਮਾਰ ਬਿੱਟੂ ਤੇ ਪ੍ਰਧਾਨ ਨਰਿੰਦਰ ਕੁਮਾਰ ਦੀ ਅਗਵਾਈ ਹੇਠ ਮਜੀਠਾ ਵਿਖੇ ਹੋਈ ਜਿਸ ਵਿੱਚ ਉਨ੍ਹਾਂ ਕਿਹਾ ਕਿ ਸ਼੍ਰੀ ਮਨੀ ਮਹੇਸ਼ ਵਿਖੇ ਲਗਾਏ ਜਾਣ ਵਾਲੇ ਸਾਲਾਨਾ ਲੰਗਰ ਭੰਡਾਰੇ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ।ਇਸ ਭੰਡਾਰੇ ਮੌਕੇ ਮਜੀਠਾ ਲੰਗਰ ਕਮੇਟੀ ਵੱਲੋਂ ਮਨੀ ਮਹੇਸ਼ ਵਿਖੇ ਦਸਵਾਂ ਸਾਲਾਨਾ ਲੰਗਰ ਭੰਡਾਰਾ ਲਗਾਇਆ ਜਾਵੇਗਾ ਜਿਸ ਲਈ 17 ਅਗਸਤ ਨੂੰ ਮਜੀਠਾ ਤੋਂ ਮਨੀ ਮਹੇਸ਼ ਲਈ ਟਰੱਕ ਰਵਾਨਾ ਕੀਤਾ ਜਾਵੇਗਾ।ਇਸ ਮੌਕੇ ਪ੍ਰਬੰਧਕਾਂ ਨੇ ਕਿਹਾ ਕਿ ਲੰਗਰ ਭੰਡਾਰਾ ਲਗਾਉਣ ਲਈ ਜਗਾ ਦਾ ਪ੍ਰਬੰਧ ਕਰ ਲਿਆ ਗਿਆ ਹੈ। ਇਸ ਵਾਰ ਇਹ ਲੰਗਰ ਭੰਡਾਰਾ ਗੋਲੀ ਸ਼ਿਵ ਮੰਦਿਰ ਚੰਬਾ ਰੋਡ ਹਿਮਾਚਲ ਵਿਖੇ 31 ਅਗਸਤ ਰਾਧਾ ਅਸ਼ਟਮੀ ਤੱਕ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਥੇ ਲੰਗਰ ਦੀਆਂ ਰਸਦਾਂ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਮਨੀ ਮਹੇਸ਼ ਵਿਖੇ ਲੰਗਰ ਭੰਡਾਰਾ ਲਗਾਉਣ ਲਈ ਚਾਲੇ ਪਾਏ ਜਾਣਗੇ।ਇਸ ਮੌਕੇ ਪ੍ਰਧਾਨ ਡਾ. ਬਲਰਾਮ ਕੁਮਾਰ ਬਿੱਟੂ, ਪ੍ਰਧਾਨ ਨਰਿੰਦਰ ਕੁਮਾਰ ਕਾਨੂੰਗੋ, ਜੁਗਲ ਕਿਸ਼ੋਰ ਨਈਅਰ, ਮਿੰਕੂ ਨਈਅਰ, ਸੰਜੀਵ ਸ਼ਰਮਾ, ਅਸ਼ਵਨੀ ਲੱਕੀ ਰੈਡੀਮੇਡ, ਪ੍ਰਿਥੀਪਾਲ ਸਿੰਘ, ਰਜੀਵ ਵਰਮਾ, ਅਮਨ ਕੁਮਾਰ ਵਿੱਕੀ, ਵਿਜੇ ਚੋਪੜਾ, ਨਰਿੰਦਰ ਪੁਰੀ, ਨਿਤਿਸ਼ ਸ਼ਰਮਾ, ਰਮਨ ਕੁਮਾਰ, ਦਿਨੇਸ਼ ਸ਼ਰਮਾ, ਬਿਕਰਮ ਸ਼ਰਮਾ, ਪੰਡਿਤ ਮਨੋਜ ਕੁਮਾਰ, ਗੌਤਮ ਸ਼ਰਮਾ, ਵਿਸ਼ਵ ਸ਼ਰਮਾ, ਜਸ਼ਨ ਸਿੰਘ, ਲੱਡੂ, ਰਿਤਿਕ, ਸਾਬ ਸਿੰਘ, ਸੁਮਿਤ, ਅਤੁਲ, ਤੋਂ ਇਲਾਵਾ ਬਹੁਤ ਸਾਰੇ ਸੇਵਾਦਾਰ ਹਾਜ਼ਰ ਸਨ।



# ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਸ਼ਹਿਜ਼ਾਦਾ ਵੱਲੋਂ ਰੱਖੜੀ ਮੌਕੇ ਧਾਰਮਿਕ ਸਮਾਗਮ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਕਸਬੇ ਨਜ਼ਦੀਕ ਪੈਂਦੇ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਸ਼ਹਿਜ਼ਾਦਾ ਦੇ ਆਸ਼ਰਮ ਵੱਲੋਂ ਰੱਖੜੀ ਮੌਕੇ ਇੱਕ ਸਤਿਸੰਗ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ ਸਾਧਵੀ ਧਾਤਰੀ ਭਾਰਤੀ ਨੇ ਰੱਖੜੀ ਦੇ ਤਿਉਹਾਰ ਬਾਰੇ ਦੱਸਿਆ ਕਿ ਇਹ ਭਰਾ-ਭੈਣ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਹੈ, ਇਹ ਸਾਡੇ ਦੇਸ਼ ਵਿੱਚ ਕਿਉਂ ਮਨਾਇਆ ਜਾਂਦਾ ਹੈ, ਇਸ ਪਿੱਛੇ ਕਿਸ ਤਰ੍ਹਾਂ ਦੇ ਗੂੜ ਰਹੱਸ ਛੁਪੇ ਹੋਏ ਹਨ। ਉਨ੍ਹਾਂ ਕਿਹਾ ਕਿ ਸਤਯੁਗ ਵਿੱਚ ਜਦੋਂ ਭਗਵਾਨ ਵਿਸ਼ਨੂੰ ਨੇ ਵਾਮਨ ਦਾ ਰੂਪ ਧਾਰਨ ਕੀਤਾ ਸੀ ਤਾਂ ਉਨ੍ਹਾਂ ਨੇ ਰਾਜਾ ਬਲੀ ਤੋਂ ਦਾਨ ਵਿੱਚ ਤਿੰਨ ਕਦਮ ਜ਼ਮੀਨ ਮੰਗੀ, ਫਿਰ ਜਦੋਂ ਰਾਜਾ ਬਲੀ ਨੇ ਪ੍ਰਣ ਲਿਆ ਤਾਂ ਭਗਵਾਨ ਨੇ ਤਿੰਨਾਂ ਲੋਕਾਂ ਨੂੰ ਦੋ ਕਦਮਾਂ ਵਿੱਚ ਮਾਪਿਆ, ਫਿਰ ਰਾਜਾ ਬਲੀ ਨੂੰ ਉਸ ਵਾਮਨ ਰੂਪ ਵਿੱਚ ਭਗਵਾਨ ਦੇ ਦਰਸ਼ਨ ਕਰਕੇ ਅਸ਼ੀਰਵਾਦ ਮਿਲਿਆ ਅਤੇ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਕਿ ਤੁਸੀਂ ਮੈਨੂੰ ਇਸ ਰੂਪ ਵਿੱਚ ਹਰ ਸਮੇਂ ਦਰਸ਼ਨ ਦਿਓ, ਭਗਵਾਨ ਵਾਮਨ ਦੇ ਰੂਪ ਵਿੱਚ ਰਾਜਾ ਬਲੀ ਦੇ ਦਰਵਾਜ਼ੇ 'ਤੇ ਰੁਕ ਗਏ। ਮਾਂ ਲਕਸ਼ਮੀ ਇੱਕ ਸੁੰਦਰ ਰੂਪ ਧਾਰਨ ਕਰਕੇ ਧਰਤੀ 'ਤੇ ਆਈ, ਫਿਰ ਰਾਜਾ ਬਲੀ ਨੇ ਉਨ੍ਹਾਂ ਨੂੰ ਦੇਖ ਕੇ ਕਿਹਾ ਕਿ ਅੱਜ ਮੈਂ ਬਹੁਤ ਖੁਸ਼ ਹਾਂ, ਮੇਰਾ ਮਨ ਕਰਦਾ ਹੈ ਕਿ ਮੈਂ ਤੈਨੂੰ ਆਪਣੀ ਭੈਣ ਬਣਾਵਾਂ, ਪਰ ਇਸ ਗੱਲ ਦਾ ਕੀ ਸਬੂਤ ਹੋਵੇਗਾ ਕਿ ਮੈਂ ਤੈਨੂੰ ਆਪਣੀ ਭੈਣ ਬਣਾ ਲਿਆ ਹੈ। ਉਸੇ ਸਮੇਂ ਮਾਂ ਲਕਸ਼ਮੀ ਨੇ ਆਪਣੀ ਸਾੜ੍ਹੀ ਦਾ ਪੱਲੂ ਪਾੜ ਦਿੱਤਾ ਅਤੇ ਰਾਜਾ ਬਾਲੀ ਦੇ ਹੱਥ 'ਤੇ ਬੰਨ੍ਹ ਦਿੱਤਾ।ਉਸ ਸਮੇਂ ਤੋਂ ਰੱਖੜੀ ਦਾ ਤਿਉਹਾਰ ਮਨਾਇਆ ਜਾਣ ਲੱਗਾ।ਇਸ ਦੌਰਾਨ ਭਜਨ ਕੀਰਤਨ ਵੀ ਕੀਤਾ ਗਿਆ ਜਿਸ ਵਿੱਚ ਸਾਧਵੀ ਤਾਰਿਕਾ ਭਾਰਤੀ, ਸਾਧਵੀ ਸੁਖਦੀਪ ਭਾਰਤੀ, ਸਾਧਵੀ ਨਵਨੀਤਾ ਭਾਰਤੀ ਅਤੇ ਸਾਧਵੀ ਆਰਤੀ ਭਾਰਤੀ ਨੇ ਭਗਵਾਨ ਦੀ ਮਹਿਮਾ ਵਿੱਚ ਸੁਰੀਲੇ ਭਜਨ ਗਾਏ।ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਵੀ ਲਾਇਆ ਗਿਆ ।

# ਹੈਰੋਇਨ ਸਮੇਤ ਇੱਕ ਵਿਅਕਤੀ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**-ਪੁਲਸ ਵੱਲੋ ਇੱਕ ਵਿਅਕਤੀ ਨੂੰ 7 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਪੁਲਸ ਥਾਣਾ ਪੋਜੇਵਾਲ ਵਿਖੇ ਦਰਜ ਮਾਮਲੇ ਅਨੁਸਾਰ ਏ ਐੱਸ ਆਈ ਜਰਨੈਲ ਸਿੰਘ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪੋਜੇਵਾਲ ਤੋਂ ਪਿੰਡ ਕਰੀਮਪੁਰ ਚਾਹਵਾਲਾ ਤੋਂ ਹੁੰਦੇ ਹੋਏ ਪਿੰਡ ਕਟਵਾਰਾ ਵੱਲ ਨੂੰ ਜਾ ਰਹੇ ਸਨ। ਜਦੋਂ ਪੁਲਸ ਪਾਰਟੀ ਪਿੰਡ ਕਰੀਮਪੁਰ ਧਿਆਨੀ ਦੇ ਟੀ-ਪੁਆਇੰਟ ਨੇੜੇ ਪੁੱਜੀ ਤਾਂ ਉੱਥੇ ਇੱਕ ਨੌਜਵਾਨ ਸਾਹਮਣੇ ਤੋਂ ਆਉਂਦਾ ਦੇਖਿਆ ਜਿਸ ਨੇ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਪਜਾਮੇ ਦੀ ਜੇਬ 'ਚੋਂ ਇਕ ਪਾਰਦਰਸ਼ੀ ਲਿਫਾਫਾ ਕੱਢ ਕੇ ਸੁੱਟ ਦਿੱਤਾ ਤੇ ਪਿੱਛੇ ਨੂੰ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ।ਉਸ ਨੇ ਆਪਣਾ ਨਾਂ ਬਲਜਿੰਦਰ ਕੁਮਾਰ ਉਰਫ਼ ਸਾਬੀ ਵਾਸੀ ਪਿੰਡ ਸੜੋਆ ਦੱਸਿਆ। ਜਦੋਂ ਪੁਲਿਸ ਪਾਰਟੀ ਨੇ ਪਾਰਦਰਸ਼ੀ ਲਿਫਾਫੇ ਦੀ ਜਾਂਚ ਕੀਤੀ ਤਾਂ ਉਸ ਵਿਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ।ਪੁਲਸ ਵੱਲੋਂ ਕਥਿਤ ਮੁਲਜ਼ਮ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਹੈ।

# ਸੇਂਟ ਸੋਲਜਰ ਦੀਆਂ ਲੜਕੀਆਂ ਨੇ ਜ਼ੋਨਲ ਐਥਲੈਟਿਕ ਮੀਟ 'ਚ ਸਕੂਲ ਦਾ ਪਰਚਮ ਲਹਿਰਾਇਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ੋਨ ਲੈਵਲ ਦੀਆਂ ਲੜਕੀਆਂ ਦੀ ਅਥਲੈਟਿਕਸ ਮੀਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ ਵਿਖੇ 7 ਅਤੇ 8 ਅਗਸਤ ਨੂੰ ਕਰਵਾਈ ਗਈ ਜਿਸ ਵਿੱਚ ਸੇਂਟ ਸੋਲਜਰ ਦੀਆਂ ਲੜਕੀਆਂ ਨੇ ਆਪੋ ਆਪਣੇ ਈਵੈਂਟਸ ਵਿੱਚ ਚੋਟੀ ਦੀਆਂ ਮੱਲਾਂ ਮਾਰੀਆਂ। ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੀਆਂ ਬੱਚੀਆਂ ਨੇ ਕੁੱਲ 52 ਮੈਡਲ ਹਾਸਲ ਕੀਤੇ ਜਿਨ੍ਹਾਂ ਵਿੱਚ 30 ਗੋਲਡ, 12 ਸਿਲਵਰ ਅਤੇ 10 ਬਰੋਂਜ਼ ਮੈਡਲ ਜਿੱਤ ਕੇ ਇਹ ਸਾਬਿਤ ਕਰ ਦਿੱਤਾ ਕਿ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਪੂਰੀ ਮੁਹਾਰਤ ਰੱਖਦੀਆਂ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ 14 ਕੈਟਾਗਰੀ ਵਿੱਚ ਮਨਪ੍ਰੀਤ ਕੌਰ 400 ਮੀਟਰ ਫਸਟ ਪੁਜ਼ੀਸ਼ਨ, ਧਨਵੀਰ ਕੌਰ 400 ਮੀਟਰ ਥਰਡ ਪੁਜ਼ੀਸ਼ਨ, ਮਨਪ੍ਰੀਤ ਕੌਰ 600 ਮੀਟਰ ਫਸਟ ਪੁਜ਼ੀਸ਼ਨ, ਧਨਵੀਰ ਕੌਰ 600 ਮੀਟਰ ਸੈਕੰਡ ਪੁਜ਼ੀਸ਼ਨ, ਗੁਰਕੀਰਤ ਕੌਰ ਲੌਂਗ ਜੰਪ ਥਰਡ ਪੁਜ਼ੀਸ਼ਨ, ਅਨਮੋਲ ਪ੍ਰੀਤ ਕੌਰ ਡਿਸਕਸ ਥਰੋ ਥਰਡ ਪੁਜ਼ੀਸ਼ਨ, ਰਿਲੇਅ 4*100 ਮੀਟਰ ਮਨਪ੍ਰੀਤ ਕੌਰ, ਧਨਵੀਰ ਕੌਰ, ਪਰਨੀਤ ਕੌਰ, ਗੁਰਕੀਰਤ ਕੌਰ, ਸਮਰੀਨ ਕੌਰ ਸੈਕੰਡ ਪੁਜ਼ੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਅੰਡਰ -17 ਦੇ ਮੁਕਾਬਲਿਆਂ ਵਿੱਚ ਕਮਲਪ੍ਰੀਤ ਕੌਰ 100 ਮੀਟਰ ਫਸਟ ਪੁਜ਼ੀਜ਼ਨ, ਕਮਲਪ੍ਰੀਤ ਕੌਰ 100 ਮੀਟਰ ਸੈਕੰਡ ਪੁਜ਼ੀਸ਼ਨ, ਕਮਲਪ੍ਰੀਤ ਕੌਰ 200 ਮੀਟਰ ਫਸਟ ਪੁਜ਼ੀਸ਼ਨ, ਮਨਦੀਪ ਕੌਰ 200 ਮੀਟਰ ਥਰਡ ਪੁਜ਼ੀਸ਼ਨ, ਮਨਦੀਪ ਕੌਰ ਫਸਟ ਪੁਜ਼ੀਸ਼ਨ, ਫਸਟ ਸੁਖਲੀਨ ਕੌਰ 400 ਮੀਟਰ ਥਰਡ ਪੁਜ਼ੀਸ਼ਨ, ਨਵਨੀਤ ਕੌਰ 800 ਮੀਟਰ 'ਚ ਥਰਡ ਪੁਜ਼ੀਸ਼ਨ, ਪਰਨੀਤ ਕੌਰ 1500 ਮੀਟਰ ਸੈਕਿੰਡ ਪੁਜ਼ੀਸ਼ਨ, ਪਰਨੀਤ ਕੌਰ 3000 ਮੀਟਰ ਫਸਟ ਪੁਜ਼ੀਸ਼ਨ, ਸੁਖਲੀਨ ਕੌਰ ਲੌਂਗ ਜੰਪ ਸੈਕਿੰਡ ਪੁਜ਼ੀਸ਼ਨ, ਇਬਾਦਤ ਕੌਰ ਡਿਸਕਸ ਥਰੋ ਫਸਟ ਪੁਜ਼ੀਸ਼ਨ,ਪਾਰਸ ਜੀਤ ਕੌਰ ਟਰਿਪਲ ਜੰਪ ਸੈਕਿੰਡ ਪੁਜ਼ੀਸ਼ਨ, ਰਿਲੇਅ 4 *100 ਮੀਟਰ 'ਚ ਕਮਲਪ੍ਰੀਤ ਕੌਰ, ਮਨਦੀਪ ਕੌਰ, ਸੁਖਲੀਨ ਕੌਰ, ਕੋਮਲਪ੍ਰੀਤ ਕੌਰ, ਪਰਨੀਤ ਕੌਰ, ਫਸਟ ਪੁਜ਼ੀਸ਼ਨ। ਰਿਲੇਅ 4*400 'ਚ ਕਮਲਪ੍ਰੀਤ ਕੌਰ, ਮਨਦੀਪ ਕੌਰ, ਸੁਖਲੀਨ ਕੌਰ, ਕਮਲਪ੍ਰੀਤ ਕੌਰ ਕਮਲਪ੍ਰੀਤ ਕੌਰ ਪਰਨੀਤ ਕੌਰ ਫਸਟ ਪੁਜ਼ੀਸ਼ਨ। ਇਸੇ ਤਰ੍ਹਾਂ ਅੰਡਰ 19 ਦੇ ਮੁਕਾਬਲਿਆ ਵਿੱਚ ਸੁਖਮਨਪ੍ਰੀਤ ਕੌਰ 100 ਮੀਟਰ ਫਸਟ ਪੁਜ਼ੀਜ਼ਨ, ਸਾਖੋ 100 ਮੀਟਰ ਥਰਡ ਪੁਜ਼ੀਸ਼ਨ, ਸੁਖਮਨਪ੍ਰੀਤ ਕੌਰ 200 ਮੀਟਰ ਸੈਕੰਡ ਪੁਜ਼ੀਸ਼ਨ, ਮੁਸਕਾਨ ਪ੍ਰੀਤ ਕੌਰ 200 ਮੀਟਰ ਥਰਡ, ਸਮਰੀਨ ਕੌਰ 400 ਮੀਟਰ ਥਰਡ, ਸ਼ਿਵਾਨੀ 1500 ਮੀਟਰ ਥਰਡ, ਸੁਖਮਨਪ੍ਰੀਤ ਕੌਰ ਲੌਂਗ ਜੰਪ ਸੈਕਿੰਡ, ਸਾਖੋ ਟਰਿਪਲ ਜੰਪ ਫਸਟ, ਸੁਖਮਨਪ੍ਰੀਤ ਕੌਰ ਜੈਵਲਿਨ ਥਰੋ ਫਸਟ,4*100 ਰਿਲੇਅ ਸੁਖਮਨਪ੍ਰੀਤ ਕੌਰ, ਸਮਰੀਨ ਕੌਰ, ਮੁਸਕਾਨਦੀਪ ਕੌਰ ਸਾਖੋ, ਸੁਖਮਨਪ੍ਰੀਤ ਕੌਰ ਫਸਟ, 4*400 ਰਿਲੇਅ ਸੁਖਮਨਪ੍ਰੀਤ ਕੌਰ, ਸਮਰੀਨ ਕੌਰ, ਮੁਸਕਾਨਦੀਪ ਕੌਰ, ਚੇਤਨ ਜੋਤ ਕੌਰ ਸਾਖੋ ਨੇ ਫਸਟ ਪੁਜ਼ੀਸ਼ਨ ਹਾਸਲ ਕੀਤੀ। ਸਕੂਲ ਪਹੁੰਚਣ 'ਤੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰ. ਅਮਰਪ੍ਰੀਤ ਕੌਰ ਨੇ ਸਾਰੀਆਂ ਖਿਡਾਰਨਾਂ ਅਤੇ ਉਨ੍ਹਾਂ ਦੇ ਕੋਚਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਫਤਿਹ ਸਿੰਘ ਡੀਪੀ, ਮਨਪ੍ਰੀਤ ਕੌਰ ਡੀਪੀ, ਯਾਦਵਿੰਦਰ ਸਿੰਘ ਡੀਪੀ, ਜਤਿੰਦਰ ਸਿੰਘ ਡੀਪੀ, ਰੁਪਿੰਦਰ ਕੌਰ ਡੀਪੀ, ਨੀਲਮ ਡੀਪੀ, ਰਾਜਬੀਰ ਕੌਰ ਡੀਪੀ ਅਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੁਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ ਅਤੇ ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ।



12-Aug-PAGE-4.qxd 8/11/2025 10:46 PM Page 1

ਨਵਾਂ ਜ਼ਮਾਨਾ
ਮੰਗਲਵਾਰ, 12 ਅਗਸਤ 2025

# ਹੁਣ ਸੀਤਾ ਮੰਦਰ

ਕੁਝ ਦਿਨ ਪਹਿਲਾਂ ਬਿਹਾਰ ਦੇ ਸੀਤਾਮੜ੍ਹੀ ਵਿੱਚ ਬਿਹਾਰ ਸਰਕਾਰ ਨੇ ਵਿਸ਼ਾਲ ਸੀਤਾ ਮੰਦਰ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੁਨੌਰਾ ਧਾਮ ਵਿੱਚ ਜਾਨਕੀ ਜਨਮ ਸਥੱਲੀ ਲਈ ਭੂਮੀ ਪੂਜਨ ਕੀਤਾ। ਦੋਨੋਂ ਇਸ ਧਾਰਮਕ ਮੌਕੇ 'ਤੇ ਮੁੱਖ ਜਜਮਾਨ ਸਨ। ਮੰਦਰ ਲਈ 165 ਕਰੋੜ 87 ਲੱਖ ਰੁਪਏ ਦੀ ਜ਼ਮੀਨ ਖਰੀਦੀ ਗਈ ਹੈ। ਨਿਰਮਾਣ 'ਤੇ ਕੁਲ ਮਿਲਾ ਕੇ 882 ਕਰੋੜ 87 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਹ ਲਾਗਤ ਸਮੇਂ ਦੇ ਨਾਲ ਵਧਦੀ ਜਾਏਗੀ। ਭਾਰਤ ਦਾ ਸੰਵਿਧਾਨ ਧਰਮ ਨਿਰਲੇਪ ਹੈ ਤੇ ਸਰਕਾਰ ਨੂੰ ਧਾਰਮਕ ਮਾਮਲਿਆਂ ਵਿੱਚ ਪੈਣ ਦੀ ਆਗਿਆ ਨਹੀਂ ਦਿੰਦਾ, ਪਰ ਹੁਣ ਭਾਰਤ ਦੀ ਸਿਆਸਤ ਏਨੀ ਹਿੰਦੂਤਵਮੁਖੀ ਹੋ ਚੁੱਕੀ ਹੈ ਕਿ ਧਰਮ ਨਿਰਲੇਪ ਸਿਆਸੀ ਪਾਰਟੀਆਂ ਇਤਰਾਜ਼ ਜਤਾਉਣ ਦੀ ਹਿੰਮਤ ਨਹੀਂ ਕਰਦੀਆਂ, ਜਿਵੇਂ ਆਜ਼ਾਦੀ ਦੇ ਤੁਰੰਤ ਬਾਅਦ ਸੋਮਨਾਥ ਮੰਦਰ ਦੀ ਕਾਰ ਸੇਵਾ ਸਮੇਂ ਮਹਾਤਮਾ ਗਾਂਧੀ ਨੇ ਸਰਕਾਰੀ ਖਜ਼ਾਨੇ ਵਿੱਚੋਂ ਕਿਸੇ ਤਰ੍ਹਾਂ ਪੈਸੇ ਦੇਣ ਨੂੰ ਗਲਤ ਦੱਸਿਆ ਸੀ ਅਤੇ ਪ੍ਰਧਾਨ ਮੰਤਰੀ ਨਹਿਰੂ ਨੇ ਰਾਸ਼ਟਰਪਤੀ ਰਜਿੰਦਰ ਪ੍ਰਸਾਦ ਦੇ ਮੰਦਰ ਦੇ ਪ੍ਰੋਗਰਾਮ 'ਚ ਬਤੌਰ ਰਾਸ਼ਟਰਪਤੀ ਸ਼ਾਮਲ ਹੋਣ 'ਤੇ ਇਤਰਾਜ਼ ਜਤਾਇਆ ਸੀ।

ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਦਾ ਐਲਾਨ ਹੁੰਦਿਆਂ ਬਿਹਾਰ ਵਿੱਚ ਆਪੋਜ਼ੀਸ਼ਨ ਪਾਰਟੀਆਂ ਨੇ ਰੌਲਾ ਪਾਇਆ ਕਿ ਸੀਤਾ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਰਾਮ ਮੰਦਰ ਵਿੱਚ ਰਾਮ ਦੇ ਨਾਲ ਸੀਤਾ ਨੂੰ ਬਰਾਬਰ ਸਨਮਾਨ ਨਹੀਂ ਦਿੱਤਾ ਗਿਆ। ਉਸੇ ਸਮੇਂ ਸੀਤਾਮੜ੍ਹੀ ਵਿੱਚ ਸੀਤਾ ਮੰਦਰ ਬਣਾਉਣ ਦੀ ਭੂਮਿਕਾ ਬਣਨ ਲੱਗੀ ਸੀ। ਹੁਣ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ ਬਿਹਾਰ ਸਰਕਾਰ ਨੇ ਸੀਤਾ ਦਾ ਸਨਮਾਨ ਸ਼ੁਰੂ ਕਰ ਦਿੱਤਾ ਹੈ। ਅਮਿਤ ਸ਼ਾਹ ਨੇ ਇਸ ਮੌਕੇ ਕਿਹਾ ਕਿ ਇਹ ਮਾਤਰ ਮੰਦਰ ਦਾ ਸ਼ੁਭ ਆਰੰਭ ਨਹੀਂ, ਮਿਥਿਲਾ ਤੇ ਬਿਹਾਰ ਦੇ ਲੋਕਾਂ ਦੇ ਭਾਗ ਖੁੱਲ੍ਹਣ ਦਾ ਸ਼ੁਭ ਆਰੰਭ ਹੈ। ਜੇ ਬਿਹਾਰ ਦੀ ਵਿਚਾਰੀ ਜਨਤਾ ਦੇ ਭਾਗ ਸੀਤਾ ਮਾਤਾ ਦੇ ਮੰਦਰ ਨਾਲ ਜੁੜੇ ਸਨ ਤਾਂ ਪਿਛਲੇ 18 ਸਾਲ ਤੋਂ ਨਿਤੀਸ਼ ਸਰਕਾਰ ਤੇ ਪਿਛਲੇ 11 ਸਾਲ ਤੋਂ ਕੇਂਦਰ ਵਿੱਚ ਭਾਜਪਾ ਸਰਕਾਰ ਨੂੰ ਕਿਉਂ ਢੋਹ ਰਹੀ ਸੀ? ਜੇ ਰਾਮ ਤੇ ਸੀਤਾ ਹੀ ਕਿਸਮਤ ਦਾ ਫੈਸਲਾ ਕਰਨ ਵਾਲੇ ਹਨ ਤਾਂ ਸਰਕਾਰਾਂ ਦਾ ਕੀ ਮਤਲਬ?

ਸੀਤਾ ਮੰਦਰ ਦਾ ਰੂਹਾਨੀ ਉਦੇਸ਼ ਹੈ ਜਾਂ ਸੰਸਾਰਕ? ਸ਼ਾਹ ਨੇ ਸਪੱਸ਼ਟ ਕਰ ਦਿੱਤਾ ਕਿ ਉਨ੍ਹਾ ਲਈ ਇਹ ਸ਼ੁੱਧ ਸੰਸਾਰਕ ਮਾਮਲਾ ਹੈ। ਉਨ੍ਹਾ ਸੀਤਾ ਦੀ ਮਹਿਮਾ ਦੇ ਗਾਇਨ ਦੀ ਥਾਂ ਆਪੋਜ਼ੀਸ਼ਨ ਪਾਰਟੀਆਂ 'ਤੇ ਹਮਲੇ ਕੀਤੇ। ਬਿਹਾਰ ਵਿੱਚ ਵੋਟਰ ਸੂਚੀ ਨੂੰ ਲੈ ਕੇ ਚੱਲ ਰਹੇ ਵਿਰੋਧ ਦੀ ਨਿੰਦਾ ਕੀਤੀ, ਘੁਸਪੈਠੀਆਂ ਨੂੰ ਵੋਟ ਨਾ ਪਾਉਣ ਦੇਣ ਦਾ ਸੰਕਲਪ ਦੁਹਰਾਇਆ। ਇਹ ਭਾਸ਼ਣ ਇਸ ਗੱਲ ਦਾ ਸੰਕੇਤ ਸੀ ਕਿ ਇਹ ਮੰਦਰ ਨਿਰਮਾਣ ਇੱਕ ਹਿੰਦੂਤਵਵਾਦੀ ਸਿਆਸੀ ਪ੍ਰੋਜੈਕਟ ਦਾ ਹਿੱਸਾ ਹੈ, ਜਿਵੇਂ ਅਯੁੱਧਿਆ ਦਾ ਰਾਮ ਮੰਦਰ। ਇਸ ਦਾ ਰਾਮ ਤੇ ਸੀਤਾ ਪ੍ਰਤੀ ਸ਼ਰਧਾ ਨਾਲ ਕੋਈ ਲੈਣਾ-ਦੇਣਾ ਨਹੀਂ। ਭਾਜਪਾ ਦੇ ਇਸ ਹਿੰਦੂਤਵਵਾਦੀ ਮੁਹਿੰਮ ਵਿੱਚ ਮੁਸਲਮਾਨਾਂ ਦੇ ਪ੍ਰੋਗਰਾਮਾਂ ਵਿੱਚ ਟੋਪੀ ਪਾਉਣ ਵਾਲੇ ਨਿਤੀਸ਼ ਕੁਮਾਰ ਵੀ ਉਤਸ਼ਾਹ ਨਾਲ ਸ਼ਾਮਲ ਹੋ ਗਏ।

# ਭਾਰਤ ਪ੍ਰਤੀ ਅਮਰੀਕਾ ਦੀ ਤਾਨਾਸ਼ਾਹੀ

**ਰਜਿੰਦਰ ਸਿੰਘ ਰਾਜਨ**

ਜਦੋਂ ਤੋਂ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ, ਉਦੋਂ ਤੋਂ ਹੀ ਉਨ੍ਹਾਂ ਦਾ ਰਵੱਈਆ ਭਾਰਤ ਵਰਗੇ ਦੇਸ਼ਾਂ ਨਾਲ ਵਧੀਆ ਨਹੀਂ। ਉਹ ਕਦੇ ਰੂਸ ਨੂੰ ਧਮਕੀਆਂ ਦੇਣ ਲੱਗ ਜਾਂਦਾ ਹੈ, ਕਦੇ ਈਰਾਨ 'ਤੇ ਹਮਲਾ ਕਰ ਦਿੰਦਾ ਹੈ ਅਤੇ ਕਦੇ ਯੂਕਰੇਨ ਦੇ ਰਾਸ਼ਟਰਪਤੀ ਨੂੰ ਗੱਲਬਾਤ ਲਈ ਬੁਲਾ ਕੇ ਉਸ 'ਤੇ ਸਮਝੌਤਾ ਕਰਨ ਲਈ ਦਬਾਅ ਬਣਾਉਣ ਦਾ ਯਤਨ ਕਰਦਾ ਹੈ। ਹੁਣ ਭਾਰਤ ਨੂੰ ਸਿੱਧੇ ਤੌਰ 'ਤੇ ਰੂਸ ਤੋਂ ਕੱਚਾ ਤੇਲ ਨਾ ਖਰੀਦਣ ਲਈ ਜ਼ੋਰ ਪਾ ਰਿਹਾ ਹੈ। ਉਸ ਦੀਆਂ ਧਮਕੀਆਂ ਵਿਚ ਖੋਖਲੇਪਣ ਅਤੇ ਹੰਕਾਰ ਦੀ ਬੂਅ ਨਜ਼ਰ ਆ ਰਹੀ ਹੈ। ਅੱਜ ਦੇ ਸਮੇਂ ਟੈਰਿਫ ਵਧਾਉਣੇ ਦੂਸਰੇ ਮੁਲਕ ਨੂੰ ਸਜ਼ਾ ਦੇਣ ਦੇ ਬਰਾਬਰ ਮੰਨਿਆ ਜਾਂਦਾ ਹੈ।

ਦੁਨੀਆ ਡੋਨਾਲਡ ਟਰੰਪ ਦੀ ਬੁਖਲਾਹਟ ਸਮਝਦੀ ਹੈ। ਉਸ ਦਾ ਮੁੱਖ ਮਕਸਦ ਆਪਣੇ ਵਪਾਰ ਨੂੰ ਸਿਖਰਾਂ ਤੱਕ ਪਹੁੰਚਾਉਣਾ ਹੈ। ਉਹ ਭਾਰਤ ਨੂੰ ਸਿਰਫ਼ ਇਸ ਲਈ ਵਧੀਆ ਭਾਈਵਾਲ ਨਹੀਂ ਮੰਨ ਰਿਹਾ, ਕਿਉਂਕਿ ਭਾਰਤ ਰੂਸ ਨਾਲ ਵਪਾਰਕ ਨੇੜਤਾ ਵਧਾ ਰਿਹਾ ਹੈ। ਇਸੇ ਬੁਖਲਾਹਟ ਕਰਕੇ ਹੀ ਉਹ ਲੱਗਭਗ 1700 ਗੈਰਕਾਨੂੰਨੀ ਤੌਰ 'ਤੇ ਅਮਰੀਕਾ ਪਹੁੰਚੇ ਭਾਰਤੀਆਂ ਨੂੰ ਗੁਲਾਮਾਂ ਵਾਂਗ ਭਾਰਤ ਵਾਪਸ ਭੇਜ ਚੁੱਕਿਆ ਹੈ। ਪਿਛਲੇ ਦਿਨੀਂ ਗੁਆਂਢੀ ਮੁਲਕ ਨਾਲ ਵਪਾਰਕ ਸਬੰਧ ਸੁਧਾਰਦਿਆਂ ਉਸ ਨੂੰ ਟੈਕਸ 29 ਫੀਸਦੀ ਤੋਂ ਘਟਾ ਕਿ 19 ਫੀਸਦੀ ਕਰ ਰਿਹਾ ਹੈ, ਪਰ ਭਾਰਤ 'ਤੇ ਟੈਕਸ ਵਧਾਉਣ ਦੀਆਂ ਧਮਕੀਆਂ ਦੇ ਬਿਆਨ ਦਾਗ਼ ਰਿਹਾ ਹੈ।

ਅਸਲ ਵਿੱਚ ਕੁਝ ਪਿੱਛੇ ਮੁੜ ਕੇ ਵੇਖਿਆ ਜਾਵੇ ਤਾਂ ਸੰਸਾਰਕ ਠੰਢੀ ਜੰਗ ਤੋਂ ਬਾਅਦ ਅਮਰੀਕਾ ਨੂੰ ਦੁਨੀਆ 'ਤੇ ਆਪਣੀ ਧੌਂਸ ਜਮਾਉਣ ਦੀ ਆਦਤ ਪੈ ਗਈ ਹੈ। ਸਭ ਤੋਂ ਪਹਿਲਾਂ ਅਮਰੀਕਾ ਨੇ ਗ੍ਰੇਨਾਡਾ ਵਰਗੇ ਕੈਰੀਬੀਅਨ ਗੁਆਂਢੀਆਂ, ਵੀਅਤਨਾਮੀਆਂ ਅਤੇ 1986 ਵਿੱਚ ਲਿਬੀਅਨਾਂ ਉਪਰ ਹਮਲਾਵਰ ਕਾਰਵਾਈ ਕੀਤੀ ਅਤੇ ਉਸ ਤੋਂ ਬਾਅਦ ਇਰਾਕ? ਉਪਰ ਰਸਾਇਣਕ ਹਥਿਆਰਾਂ ਦੇ ਨਾਂਅ 'ਤੇ ਤਖਤਾ ਪਲਟਾਉਣ ਤੋਂ ਬੰਦਸ਼ਾਂ ਲਾਉਣ ਤੱਕ ਕਾਰਵਾਈ ਕਰਦਾ ਰਿਹਾ। ਲਿਬੀਆ ਦੇ ਕਰਨਲ ਗੱਦਾਫ਼ੀ ਇਸ ਦੇ ਸ਼ਿਕਾਰ ਬਣੇ। ਸੂਡਾਨ ਵਰਗੇ ਦੇਸ਼ਾਂ 'ਤੇ ਦਹਿਸ਼ਤਗਰਦਾਂ ਨੂੰ ਖਤਮ ਕਰਨ ਦੇ ਨਾਮ 'ਤੇ ਮਿਜ਼ਾਇਲ ਦਾਗ਼ ਦਿੰਦਾ ਰਿਹਾ ਹੈ, ਜਿਹੜਾ ਕਿ ਇਸ ਦੀ ਧੌਂਸ ਦਾ ਨੰਗਾ ਨਾਚ ਹੁੰਦਾ ਹੈ। ਅਫਗਾਨਿਸਤਾਨ 'ਚੋਂ ਇਸ ਨੂੰ ਖਹਿੜਾ ਛੁਡਾ ਕੇ ਭੱਜਣਾ ਪਿਆ। ਗੱਲ ਕੀ ਅਮਰੀਕਾ ਆਪਣੇ ਆਪ ਨੂੰ ਸੁਪਰ ਤਾਕਤ ਸਮਝ ਰਿਹਾ ਹੈ ਅਤੇ ਸੰਸਾਰ ਵਿੱਚ ਅਮਨ ਦਾ ਮਸੀਹਾ ਕਹਾਉਣ ਦਾ ਯਤਨ ਕਰ ਰਿਹਾ ਹੈ, ਪਰ ਮਾੜੀਆਂ ਸੋਚਾਂ ਅਤੇ ਮਾੜੀਆਂ ਨੀਅਤਾਂ ਕਾਰਨ ਫਿਰ ਮੂੰਹ ਦੀ ਖਾਣੀ ਪੈਂਦੀ ਹੈ।

ਭਾਰਤ ਨੂੰ ਪਹਿਲਾਂ ਸੀ ਟੀ ਬੀ ਟੀ ਦੇ ਮਾਮਲੇ 'ਤੇ ਦਸਤਖ਼ਤ ਨਾ ਕਰਨ 'ਤੇ ਬੰਦਿਸ਼ਾਂ ਦਾ ਸਾਹਮਣਾ ਕਰਦਿਆਂ ਇਸ ਦੀ ਧੌਂਸ ਦਾ ਸ਼ਿਕਾਰ ਹੋਣਾ ਪਿਆ ਹੈ, ਪਰ ਸਰਦਾਰ ਮਨਮੋਹਨ ਸਿੰਘ ਜਿਹੇ ਅਰਥ ਸ਼ਾਸਤਰੀ ਕਾਰਨ ਇਸ ਦੀਆਂ ਬੰਦਿਸ਼ਾਂ ਬਹੁਤਾ ਅਸਰਦਾਇਕ ਸਾਬਤ ਨਹੀਂ ਹੋਈਆਂ। ਅੱਜ ਦੇ ਸਮੇਂ ਯੂ ਐਨ ਓ ਨੂੰ ਆਪਣੀ ਚੁੱਪ ਤੋੜਨੀ ਚਾਹੀਦੀ ਹੈ। ਸੰਸਾਰ ਨੇ ਇਸ ਦੀ ਸਥਾਪਨਾ ਹੀ ਇਸ ਮਕਸਦ ਲਈ ਕੀਤੀ ਸੀ ਕਿ ਵਿਕਸਤ ਦੇਸ਼ ਕਲਿਆਣਕਾਰੀ ਬਣਨਗੇ ਅਤੇ ਯੂ ਐੱਨ ਓ ਕਿਤੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣ ਦੇਵੇਗੀ, ਪਰ ਅੱਜ ਇਹ ਸੰਘ ਵੀ ਇਸ ਦੀ ਘੁਰਕੀ ਅੱਗੇ ਚੁੱਪ ਹੈ ਅਤੇ ਗਾਜ਼ਾ ਵਿੱਚ ਹੁੰਦਾ ਮਨੁੱਖੀ ਕਤਲੇਆਮ ਇਸ ਨੂੰ ਵਿਖਾਈ ਨਹੀਂ ਦੇ ਰਿਹਾ।

ਖ਼ੈਰ, ਅਮਰੀਕਾ ਦੁਨੀਆ ਨੂੰ ਆਪਣਾ ਰੰਗ ਵਿਖਾ ਰਿਹਾ ਹੈ। ਕਦੇ ਕਿਸੇ ਦੇਸ਼ ਨੂੰ ਰਲ ਕੇ ਵਪਾਰ ਕਰਨ ਦਾ ਸੱਦਾ ਦਿੰਦਾ ਹੈ, ਕਦੇ ਧਮਕੀਆਂ 'ਤੇ ਉਤਰ ਆਉਂਦਾ ਹੈ। ਭਾਰਤ ਜਾਣਦਾ ਹੈ ਕਿ ਅਮਰੀਕਾ ਖੁਦ ਆਪ ਪਰਮਾਣੂ ਅਤੇ ਆਟੋ ਮੋਬਾਈਲ ਉਦਯੋਗਾਂ ਲਈ ਰੂਸੀ ਸਮਾਨ ਖਰੀਦ ਰਿਹਾ ਹੈ। ਅਮਰੀਕਾ ਅਤੇ ਯੂਰਪੀਨ ਯੂਨੀਅਨ ਦੇ ਦੋਗਲੇ ਕਿਰਦਾਰਾਂ ਨੂੰ ਭਾਰਤ ਦੁਨੀਆ ਅੱਗੇ ਰੱਖ ਰਿਹਾ ਹੈ, ਕਿਉਂਕਿ ਇਹਨਾਂ ਖੁਦ ਰੂਸ ਨਾਲ ਕਾਰੋਬਾਰੀ ਸੰਬੰਧ ਰੱਖੇ ਹੋਏ ਹਨ। ਜੇ ਅਮਰੀਕਾ ਸ਼ਰੇਆਮ ਭਾਰਤ ਨੂੰ ਟੈਰਿਫ ਵਧਾਉਣ ਤੇ ਬੰਦਿਸ਼ਾਂ ਲਗਾਉਣ ਦੀ ਸੋਚ ਰਿਹਾ ਹੈ ਤਾਂ ਭਾਰਤ ਵੀ ਇਸ ਨੂੰ ਆਪਣਾ ਸ਼ੀਸ਼ਾ ਦਿਖਾ ਸਕਦਾ ਹੈ।

ਭਾਰਤ ਇੱਕ ਆਜ਼ਾਦ ਅਤੇ ਲੋਕਤੰਤਰਿਕ ਦੇਸ਼ ਹੈ। ਦੁਨੀਆ ਭਰ ਦੇ ਮੰਚ 'ਤੇ ਆਪਣੀ ਆਵਾਜ਼ ਮਜ਼ਬੂਤੀ ਨਾਲ ਪੇਸ਼ ਕਰੇਗਾ ਅਤੇ ਕਰਨੀ ਵੀ ਚਾਹੀਦੀ ਹੈ। ਇਹ ਅਮਰੀਕਾ ਦਾ ਪਿਛਲੱਗ ਨਹੀਂ ਹੈ। ਇਹ ਡਰਪੋਕ ਵੀ ਨਹੀਂ ਕਿ ਅਮਰੀਕਾ ਦੀ ਹਾਂ ਵਿੱਚ ਹਾਂ ਮਿਲਾ ਦੇਵੇਗਾ। ਇਹ ਵਿਕਾਸ ਦੇ ਰਾਹ 'ਤੇ ਹੈ, ਅਮਰੀਕਾ ਦੀਆਂ ਗਿੱਦੜ ਭਬਕੀਆਂ ਦਾ ਟਾਕਰਾ ਕਰੇਗਾ। ਦੁਨੀਆ ਵਿੱਚ ਆਪਣੀ ਛਵੀ ਬਰਕਰਾਰ ਰੱਖੇਗਾ।

# ਸੰਪਰਕ : 98761-84954

# ਭੁੱਖ ਨਾਲ ਮਰ ਰਹੇ ਮਾਸੂਮ ਤੇ ਦੁਨੀਆ ਦੀ ਚੁੱਪ


ਗੁਰਚਰਨ ਸਿੰਘ ਨੂਰਪੁਰ

ਜਿਸ ਦੁਨੀਆ ਵਿੱਚ ਅਸੀਂ ਰਹਿ ਰਹੇ ਹਾਂ, ਇਸ ਦੇ ਮੱਧ-ਪੂਰਬ ਦੇ ਖਿੱਤੇ ਗਾਜ਼ਾ ਪੱਟੀ ਵਿੱਚ ਪਿਛਲੇ ਅਰਸੇ ਦੌਰਾਨ ਘਰਾਂ, ਸਕੂਲਾਂ, ਹਸਪਤਾਲਾਂ ਨੂੰ ਤਹਿਸ-ਨਹਿਸ ਕਰਕੇ ਹਜ਼ਾਰਾਂ ਜਿਉਂਦੇ ਜਾਗਦੇ ਲੋਕਾਂ ਨੂੰ ਲਾਸ਼ਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਬੰਬਾਂ, ਮਿਜ਼ਾਇਲਾਂ ਤੋਂ ਬਚੇ ਲੋਕ ਜਦੋਂ ਬੰਕਰਾਂ ਤੇ ਹੋਰ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਤਾਂ ਇਜ਼ਰਾਇਲ ਵੱਲੋਂ ਹਰ ਤਰ੍ਹਾਂ ਦੀ ਉਹਨਾਂ ਦੀ ਮਦਦ ਰੋਕ ਕੇ ਉਹਨਾਂ ਨੂੰ ਭੁੱਖ ਨਾਲ ਵਿਲ੍ਹਕ-ਵਿਲ੍ਹਕ ਕੇ ਮਰਨ ਲਈ ਛੱਡ ਦਿੱਤਾ ਗਿਆ। ਇਹਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਉਹ ਮਾਸੂਮ ਬੱਚੇ ਹਨ, ਜਿਹਨਾਂ ਦਾ ਧਰਮਾਂ, ਨਸਲਾਂ, ਦੇਸ਼ਾਂ ਦੇ ਹੱਦ-ਬੰਨਿਆਂ ਨਾਲ ਫਿਲਹਾਲ ਕੋਈ ਲੈਣ-ਦੇਣ ਨਹੀਂ।

ਹਾਲਾਤ ਹੁਣ ਇਹ ਹਨ ਕਿ ਮਾਵਾਂ ਦੇ ਸੀਨਿਆਂ 'ਚੋਂ ਨੀਰ ਮੁੱਕ ਗਿਆ ਹੈ। ਭੁੱਖ ਨਾਲ ਵਿਲ੍ਹਕਦੇ, ਤਿਲ-ਤਿਲ ਮਰਦੇ, ਮਾਵਾਂ ਦੀਆਂ ਛਾਤੀਆਂ ਨਾਲ ਲੱਗੇ ਮਾਸੂਮਾਂ ਨੂੰ ਦੁਨੀਆ ਦੀ ਅਗਵਾਈ ਕਰਨ ਵਾਲੀਆਂ ਤਾਕਤਾਂ ਮੂਕ-ਦਰਸ਼ਕ ਬਣ ਵੇਖ ਰਹੀਆਂ ਹਨ। ਬੰਬਾਂ, ਮਿਜ਼ਾਇਲਾਂ ਦੇ ਸ਼ਿਕਾਰ ਬਣਾ ਕੇ ਮਾਰ ਦਿੱਤੇ ਗਏ ਲੋਕਾਂ ਨਾਲੋਂ ਭੁੱਖ ਨਾਲ ਵਿਲ੍ਹਕ-ਵਿਲ੍ਹਕ ਕੇ ਮਰਦੇ ਬੱਚਿਆਂ ਦੀ ਮੌਤ ਦਾ ਇਹ ਮੰਜ਼ਰ ਉਸ ਕਿਤੇ ਵੱਧ ਭਿਆਨਕ ਹੈ। ਇਹ ਅਤਿ ਨਿੰਦਨਯੋਗ ਅਤੇ ਅਤਿ ਭਿਆਨਕ ਹੈ। ਇਹਨਾਂ ਜ਼ਾਲਮਾਨਾ ਤੇ ਕਰੂਰ ਹਾਲਤਾਂ ਦੀ ਕਿਉਂ ਸਿਰਜਣਾ ਕੀਤੀ ਗਈ? ਇਸ ਸਥਿਤੀ ਨੂੰ ਚੁੱਪ ਰਹਿ ਕੇ ਕਿਉਂ ਵੇਖਿਆ ਜਾ ਰਿਹਾ ਹੈ? ਇਹ ਵੱਡੇ ਸਵਾਲ ਹਨ, ਜਿਸ ਦਾ ਜਵਾਬ ਕਿਸੇ ਕੋਲ ਨਹੀਂ। ਇਸ ਲਈ ਬਿਆਨਬਾਜ਼ੀਆਂ ਦੀ ਲੋੜ ਨਹੀਂ, ਕੁਝ ਕਰਨ ਦੀ ਲੋੜ ਹੈ, ਪਰ ਸ਼ਾਇਦ ਉਡੀਕਿਆਂ ਜਾ ਰਿਹਾ ਹੈ ਕਿ ਜੋ ਕੁਝ ਹੋਣਾ ਚਾਹੀਦਾ ਹੈ, ਉਹ ਹੋਣ ਦਿੱਤਾ ਜਾਵੇ। ਜਾਗਦੀਆਂ ਜ਼ਮੀਰਾਂ ਵਾਲੇ ਦੁਨੀਆ ਭਰ ਦੇ ਲੋਕਾਂ ਲਈ ਇਹ ਬੇਹੱਦ ਕਸ਼ਟਦਾਇਕ ਸਥਿਤੀ ਹੈ।

ਪਿਛਲੇ ਦਿਨੀ ਇੱਕ ਮਾਂ ਵੱਲੋਂ ਗੋਦੀ ਚੁੱਕੇ ਹੋਏ ਭੁੱਖ ਨਾਲ ਪਿੰਜਰ ਬਣ ਗਏ ਬੱਚੇ ਦੀ ਤਸਵੀਰ ਦੁਨੀਆ ਭਰ ਵਿੱਚ ਏਨੀ ਵਾਇਰਲ ਹੋਈ ਕਿ ਇਸ ਤਸਵੀਰ ਨੂੰ ਵੇਖ ਕੇ ਹਰ ਸੰਵੇਦਨਸ਼ੀਲ ਅੱਖ ਨਮ ਹੋਈ। ਰਾਖ ਦੇ ਮਲਬੇ 'ਤੇ ਬੈਠੇ ਹਜ਼ਾਰਾਂ ਲੋਕਾਂ ਦੀਆਂ ਅਜਿਹੀਆਂ ਭਿਆਨਕ ਤਸਵੀਰਾਂ ਆ ਰਹੀਆਂ ਹਨ, ਜਿਹਨਾਂ ਨੂੰ ਵਿਖਾਏ ਜਾਣ ਤੋਂ ਪਹਿਲਾਂ ਚੈਨਲਾਂ 'ਤੇ ਲਿਖਿਆ ਆਉਂਦਾ ਹੈ ਕਿ ਇਹ ਤਸਵੀਰਾਂ ਤੁਹਾਨੂੰ ਵਿਚਲਿਤ ਕਰ ਸਕਦੀਆਂ ਹਨ। ਸਬਜ਼ੀ ਦੇ ਇੱਕ ਟੱਬ ਤੋਂ ਸਬਜ਼ੀ ਲੈਣ ਲਈ ਹਜ਼ਾਰਾਂ ਲੋਕ ਭਾਂਡੇ ਲੈ ਕੇ ਆ ਜਾਂਦੇ ਹਨ। ਇੱਕ ਬਰੈੱਡ ਨੂੰ ਹਾਸਲ ਕਰਨ ਲਈ ਸੈਂਕੜੇ ਹੱਥ ਅਹੁਲਦੇ ਹਨ। ਭੁੱਖ ਦਾ ਅਜਿਹਾ ਭਿਆਨਕ ਮੰਜ਼ਰ ਕਿ ਭੁੱਖ ਨਾਲ ਆਪਣੀਆਂ ਅੱਖਾਂ ਸਾਹਮਣੇ ਤਿਲਤਿਲ ਮਰਦੇ ਬੱਚਿਆਂ ਨੂੰ ਵੇਖ ਕੇ ਮਾਵਾਂ ਆਖਣ ਲੱਗੀਆਂ ਹਨ-ਇਹ ਮੌਤ ਬਹੁਤ ਭਿਆਨਕ ਹੈ। ਇਸ ਨਾਲੋਂ ਤਾਂ ਚੰਗਾ ਸੀ ਇਹ ਮਾਸੂਮ ਗੋਲੀਆਂ ਨਾਲ ਹੀ ਮਰ ਜਾਂਦੇ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਬਿਆਨ ਦੇ ਰਹੇ ਹਨ ਕਿ ਗਾਜ਼ਾ ਵਿੱਚ ਭੁੱਖ ਵਰਗੀ ਕੋਈ ਸਥਿਤੀ ਨਹੀਂ, ਜਦਕਿ ਹਾਲਾਤ ਏਨੇ ਭਿਆਨਕ ਹਨ ਕਿ ਉੱਥੇ ਕਵਰੇਜ਼ ਕਰ ਰਹੇ ਵੱਡੇ ਮੀਡੀਆ ਹਾਊਸਾਂ ਦੇ ਪੱਤਰਕਾਰਾਂ ਨੂੰ ਵੀ ਕਈ ਕਈ ਦਿਨ ਖਾਣਾ ਨਹੀਂ ਮਿਲਦਾ। ਨੇਤਨਯਾਹੂ ਸਰਕਾਰ ਦੇ ਮੰਤਰੀ ਵੀ ਇਹ ਬਿਆਨਬਾਜ਼ੀਆਂ ਕਰਦੇ ਰਹੇ ਹਨ ਕਿ ਜੰਗ ਤੋਂ ਬਚੇ ਫਲਸਤੀਨੀਆਂ ਨੂੰ ਭੁੱਖ ਨਾਲ ਮਰਨ ਲਈ ਮਜਬੂਰ ਕਰ ਦਿੱਤਾ ਜਾਵੇਗਾ। ਇਸ ਦਾ ਸਿੱਧਾ ਭਾਵ ਇਹ ਹੈ ਕਿ ਗਾਜ਼ਾ ਦੇ ਲੋਕ ਭੁੱਖ ਨਾਲ ਮਰ ਨਹੀਂ ਰਹੇ, ਬਲਕਿ ਇਹਨਾਂ ਨੂੰ ਮਾਰਿਆ ਜਾ ਰਿਹਾ ਹੈ। ਕਿਸੇ ਰਾਹਤ ਕੈਂਪ ਤੋਂ ਖਾਣਾ ਲੈ ਰਹੇ ਲੋਕਾਂ 'ਤੇ ਇਜ਼ਰਾਈਲੀ ਫੌਜ ਵੱਲੋਂ ਅਚਾਨਕ ਗੋਲੀਆਂ ਦੀ ਵਾਛੜ ਕਰ ਦਿੱਤੀ ਜਾਂਦੀ ਹੈ, ਜਿਸ ਦਾ ਭਾਵ ਇਹ ਹੈ ਕਿ ਲੋਕ ਭੁੱਖ ਜਾਂ ਗੋਲੀ ਦੋਹਾਂ ਵਿੱਚੋਂ ਇੱਕ ਨੂੰ ਚੁਣ ਲੈਣ। ਹਸਪਤਾਲ ਵਿੱਚ ਦਾਖਲ ਇੱਕ 16-17 ਸਾਲਾ ਲੜਕਾ, ਜਿਸ ਦਾ ਇੱਕ ਹੱਥ ਬੰਬ ਨਾਲ ਉੱਡ ਗਿਆ ਸੀ, ਦਾਖਲ ਹੋਣ ਸਮੇਂ ਚਾਲੀ ਕਿੱਲੋ ਦਾ ਸੀ, ਉਸ ਨੂੰ ਖਾਣਾ ਨਾ ਮਿਲਣ ਕਰਕੇ ਕੁਝ ਹੀ ਦਿਨਾਂ ਵਿੱਚ ਇਹ ਦਸ ਕਿੱਲੋ ਦਾ ਰਹਿ ਗਿਆ। ਅਸੀਂ ਅੰਦਾਜ਼ਾ ਕਰ ਸਕਦੇ ਹਾਂ ਕਿੰਨੇ ਮਾੜੇ ਹਾਲਾਤ ਹਨ।

ਇਸ ਸਮੇਂ ਨੇਤਨਯਾਹੂ ਦਾ ਆਪਣੇ ਦੇਸ਼ ਇਜ਼ਰਾਈਲ ਵਿੱਚ ਹੀ ਵੱਡਾ ਵਿਰੋਧ ਹੋ ਰਿਹਾ ਹੈ। ਵੱਡੀ ਗਿਣਤੀ ਵਿੱਚ ਇਜ਼ਰਾਈਲੀ ਉਸ ਦੀ ਕਾਰਜਪ੍ਰਣਾਲੀ ਤੋਂ ਖੁਸ਼ ਨਹੀਂ ਹਨ। ਲੋਕ ਲਗਾਤਾਰ ਸਵਾਲ ਪੁੱਛ ਰਹੇ ਹਨ ਕਿ ਜਿਸ ਯੁੱਧ ਨੂੰ ਬਹੁਤ ਪਹਿਲਾਂ ਬੰਦ ਕਰ ਦਿੱਤਾ ਜਾਣਾ ਚਾਹੀਦਾ ਸੀ, ਲਗਾਤਾਰ ਚਲਦਾ ਕਿਉਂ ਰੱਖਿਆ ਜਾ ਰਿਹਾ ਹੈ? ਹਾਲਾਤ ਇਹ ਹਨ ਕਿ ਜੰਗ ਲਾਈ ਰੱਖਣੀ ਅਤੇ ਭਿਆਨਕ ਤੋਂ ਭਿਆਨਕ ਹਾਲਾਤ ਬਣਾਈ ਰੱਖਣੇ ਇੱਕ ਘਟਨਾ ਤੋਂ ਮਗਰੋਂ ਦੂਜੀ ਤੇ ਦੂਜੀ ਤੋਂ ਮਗਰੋਂ ਕਿਸੇ ਤੀਜੀ ਘਟਨਾ ਨੂੰ ਅੰਜ਼ਾਮ ਦੇਣਾ, ਜਿਵੇਂ ਉਸ ਦੀ ਮਜਬੂਰੀ ਬਣ ਗਿਆ ਹੈ। ਉਸ ਨੂੰ ਇਸ ਗੱਲ ਦਾ ਇਲਮ ਹੋ ਗਿਆ ਹੈ ਕਿ ਜਦੋਂ ਹਾਲਾਤ ਆਮ ਵਰਗੇ ਹੋਣਗੇ ਤਾਂ ਤੁਰੰਤ ਉਸ ਨੂੰ ਜਨਤਾ ਦੀ ਅਦਾਲਤ ਵਿੱਚ ਖੜ੍ਹੇ ਹੋਣਾ ਪਵੇਗਾ। ਅਮਰੀਕਾ ਵਿੱਚ ਜਿੱਥੇ ਨੇਤਨਯਾਹੂ ਨੂੰ ਇੱਕ ਚੰਗਾ ਨੇਤਾ ਸਮਝਿਆ ਜਾਂਦਾ ਸੀ, ਉੱਥੇ ਵੀ ਉਸ ਦੀ ਇਸ ਸਮੇਂ ਕਿਰਕਿਰੀ ਹੋ ਰਹੀ ਹੈ। ਭੁੱਖ ਨਾਲ ਮਰਦੇ ਮਾਸੂਮ ਬੱਚਿਆਂ ਦੀਆਂ ਖਬਰਾਂ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਏਨਾ ਕਿਹਾ ਹੈ ਕਿ ਭੁੱਖਮਰੀ ਨੂੰ ਦੇਖਦਿਆਂ ਨੇਤਨਯਾਹੂ ਨੂੰ ਗੋਲੀਬੰਦੀ ਦਾ ਐਲਾਨ ਕਰ ਦੇਣਾ ਚਾਹੀਦਾ ਹੈ।

ਦਹਾਕਿਆ ਤੋਂ ਚੱਲ ਰਹੀ ਫਲਸਤੀਨ-ਇਜ਼ਰਾਈਲ ਜੰਗ ਵਿੱਚ ਹਰ ਵਾਰ ਜਦੋਂ ਵੀ ਦੋਹਾਂ ਦੇਸ਼ਾਂ ਦਰਮਿਆਨ ਜੰਗ ਹੋਈ, ਹਰ ਵਾਰ ਫਲਸਤੀਨ ਦੇ ਵੱਡੇ ਇਲਾਕਿਆਂ 'ਤੇ ਇਜ਼ਰਾਈਲ ਆਪਣਾ ਕਬਜਾ ਕਰਦਾ ਗਿਆ ਤੇ ਫਲਸਤੀਨ ਦੁਨੀਆਂ ਦੇ ਨਕਸ਼ੇ ਤੋਂ ਹਰ ਵਾਰ ਛੋਟਾ ਹੁੰਦਾ ਗਿਆ। ਮੌਜੂਦਾ ਦੌਰ ਦੇ ਘਟਨਾਕਰਮ ਵਿੱਚ ਇਜ਼ਰਾਈਲ ਇਹ ਦੋਸ਼ ਲਾਉਂਦਾ ਰਿਹਾ ਹੈ ਕਿ ਹਮਾਸ ਵੱਲੋਂ ਇੱਕ ਹਜ਼ਾਰ ਦੇ ਕਰੀਬ ਇਜ਼ਰਾਈਲੀ ਨਾਗਰਿਕ ਹਿਰਾਸਤ ਵਿੱਚ ਲਏ ਗਏ ਹਨ, ਉਹਨਾਂ ਨੂੰ ਰਿਹਾਅ ਕਰਵਾਉਣ ਲਈ ਅਸੀਂ ਜੰਗ ਲੜ ਰਹੇ ਹਾਂ, ਦੂਜੇ ਪਾਸੇ ਹਮਾਸ ਵੀ ਇਹ ਮੰਗ ਕਰ ਰਿਹਾ ਹੈ ਕਿ ਇਜ਼ਰਾਈਲ ਪਹਿਲਾਂ ਤੋਂ ਬੰਦੀ ਬਣਾਏ ਹੋਏ ਫਲਸਤੀਨ ਦੇ ਨਾਗਰਿਕਾਂ ਨੂੰ ਰਿਹਾਅ ਕਰੇ। ਇਸ ਦੌਰਾਨ ਹਮਾਸ ਵੱਲੋਂ 7 ਅਕਤੂਬਰ 2023 ਨੂੰ ਪਹਿਲਾ ਹਮਲਾ ਕੀਤਾ ਗਿਆ ਸੀ। ਇਸ ਮਗਰੋਂ ਹਮਲਾ ਰੋਕ ਦਿੱਤਾ ਗਿਆ ਅਤੇ ਇਜ਼ਰਾਈਲ ਨੂੰ ਇਹ ਕਿਹਾ ਗਿਆ ਕਿ ਜੇਕਰ ਬੰਦੀ ਬਣਾਏ ਫਲਸਤੀਨ ਨਾਗਰਿਕਾਂ ਨੂੰ ਇਜ਼ਰਾਈਲ ਛੱਡ ਦਿੰਦਾ ਹੈ ਤਾਂ ਅਸੀਂ ਵੀ ਉਸ ਦੇ ਬੰਦੇ ਬਣਾਏ ਇਜ਼ਰਾਈਲੀ ਨਾਗਰਿਕਾਂ ਨੂੰ ਰਿਹਾਅ ਕਰ ਦੇਵਾਂਗੇ, ਪਰ ਇਜ਼ਰਾਈਲ ਨੂੰ ਇਹ ਪ੍ਰਤਾਵ ਮਨਜ਼ੂਰ ਨਹੀਂ ਸੀ।

ਫਲਸਤੀਨ, ਇਜ਼ਰਾਈਲ ਜੰਗ ਦੇ ਚਲਦਿਆਂ ਮੱਧ ਪੂਰਬ ਦੇਸ਼ਾਂ ਵਿੱਚ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਅਮਰੀਕੀ ਜਨਤਾ ਦੇ ਵਿਰੋਧ ਕਰਕੇ ਅਮਰੀਕੀ ਸਰਕਾਰ ਲਗਾਤਾਰ ਇਜ਼ਰਾਈਲ ਦੀ ਹਮਾਇਤ ਜਾਰੀ ਨਹੀਂ ਰੱਖ ਸਕੇਗੀ। ਖਬਰਾਂ ਇਹ ਵੀ ਆ ਰਹੀਆਂ ਹਨ ਕਿ ਅਫਗਾਨ ਤਾਲਿਬਾਨ ਇਜ਼ਰਾਈਲ ਨਾਲ ਲੜ ਰਹੀ ਜਥੇਬੰਦੀ ਹਮਾਸ ਦੀ ਹਮਾਇਤ ਲਈ ਤਿਆਰ ਹੋ ਰਹੇ ਹਨ। ਨੀਦਰਲੈਂਡ ਵਰਗਾ ਦੇਸ਼, ਜੋ ਇਜ਼ਰਾਈਲ ਦਾ ਕੱਟੜ ਹਮਾਇਤੀ ਰਿਹਾ ਹੈ, ਨੇ ਵੀ ਆਪਣਾ ਰੁਖ਼ ਬਦਲ ਲਿਆ ਹੈ। ਯੂਰਪੀਨ ਦੇਸ਼ਾਂ ਵਿੱਚ ਇਹ ਮੰਗ ਵੀ ਜ਼ੋਰ ਫੜਨ ਲੱਗੀ ਹੈ ਕਿ ਫਲਸਤੀਨ ਨੂੰ ਇੱਕ ਮੁਕੰਬਲ ਆਜ਼ਾਦ ਦੇਸ਼ ਦਾ ਦਰਜਾ ਦਿੱਤਾ ਜਾਵੇ, ਪਰ ਇਸ ਸਭ ਕੁਝ ਦੇ ਚਲਦਿਆਂ ਫਲਸਤੀਨ ਦੇ ਲੋਕਾਂ ਦੀ ਹਾਲਤ ਹਰ ਦਿਨ ਬਦ ਤੋਂ ਬਦਤਰ ਹੋ ਰਹੀ ਹੈ।

ਪੂਰੀ ਦੁਨੀਆ ਦੇ ਇਤਿਹਾਸ ਵਿੱਚ ਜ਼ੁਲਮੋਂ ਤਸ਼ੱਦਦ ਦੀਆਂ ਅਨੇਕਾਂ ਦਿਲ ਹੂਲਵੀਆਂ ਕਹਾਣੀਆਂ ਹਨ, ਪਰ ਅੱਜ ਦੀ ਆਧੁਨਿਕ ਦੁਨੀਆਂ ਵਿੱਚ ਅਸੀਂ ਇਹ ਸਭ ਕੁਝ ਹੁੰਦਾ ਆਪਣੇ ਅੱਖੀਂ ਦੇਖ ਰਹੇ ਹਾਂ। ਅਸੀਂ ਧਰਤੀ ਵਾਸੀ ਇਸ ਦੇ ਗਵਾਹ ਹਾਂ ਕਿ ਕਿਸੇ ਦੇਸ਼ ਨੂੰ ਤਬਾਹ ਵੀ ਕਰ ਦਿੱਤਾ ਗਿਆ ਹੋਵੇ, ਉਸ ਦੇ ਅਸਮਾਨ 'ਚੋਂ ਮੌਤ ਬਰਸਾਈ ਜਾ ਰਹੀ ਹੋਵੇ ਤੇ ਧਰਤੀ 'ਤੇ ਮਾਸੂਮਾਂ ਦੇ ਮਰਨ ਲਈ ਮੌਤੋਂ ਬੁਰੀ ਭੁੱਖ ਦੀ ਤਰਾਸਦੀ ਹੋਵੇ। ਸਾਨੂੰ ਸਭ ਧਰਤੀ ਵਾਸੀਆਂ ਨੂੰ ਇਸ ਦਾ ਅਫਸੋਸ ਹੋਣਾ ਚਾਹੀਦਾ ਹੈ ਕਿ ਅਸੀਂ ਜਿਸ ਧਰਤੀ ਦੇ ਵਾਸੀ ਹਾਂ, ਉਸ ਦੇ ਇੱਕ ਖਿੱਤੇ ਵਿੱਚ 40 ਹਜ਼ਾਰ ਮਾਸੂਮ ਬੱਚੇ ਭੁੱਖ ਨਾਲ ਵਿਲ੍ਹਕ ਰਹੇ ਹਨ। ਹੁਣ ਤੱਕ ਦੀਆਂ ਖਬਰਾਂ ਮੁਤਾਬਕ 122 ਮੌਤਾਂ ਭੁੱਖ ਨਾਲ ਹੋ ਚੁੱਕੀਆਂ ਹਨ ਅਤੇ ਇਹਨਾਂ ਵਿੱਚ 83 ਮਾਸੂਮ ਬੱਚੇ ਹਨ। ਹਾਲਾਤ ਇਹ ਹਨ ਕਿ ਇਲਾਜ ਕਰਨ ਲਈ ਦਵਾਈਆਂ ਨਹੀਂ, ਪੀਣ ਲਈ ਪਾਣੀ ਨਹੀਂ ਅਤੇ ਇਲਾਜ ਕਰਨ ਵਾਲੇ ਡਾਕਟਰ ਤੱਕ ਵੀ ਭੁੱਖ ਨਾਲ ਮਰ ਰਹੇ ਹਨ।

ਇੱਕ ਤਾਨਾਸ਼ਾਹ ਵੱਲੋਂ ਗਾਜ਼ਾ ਦੇ ਵੱਡੇ ਇਲਾਕੇ ਨੂੰ ਕਤਲਗਾਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਖਾਨ ਯੂਨਿਸ, ਰਾਫਾਹ, ਅਲ ਕਬੀਰਾ, ਕਿਜ਼ਾਨ ਵਰਗੇ ਗਾਜ਼ਾ ਦੇ ਸ਼ਹਿਰਾਂ ਨੂੰ ਨੇਸਤੋਨਬੂਦ ਕਰ ਦਿੱਤਾ ਗਿਆ। ਇਹਨਾਂ 'ਚੋਂ ਵੱਡੀ ਗਿਣਤੀ ਨਾਗਰਿਕ ਇਜ਼ਰਾਈਲ ਦੇ ਕਬਜੇ ਵਿੱਚ ਹਨ। ਇਹਨਾਂ ਸ਼ਹਿਰਾਂ ਨੂੰ ਇਸ ਕਦਰ ਮਲਬੇ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਕਿ ਜੇਕਰ ਇਹਨਾਂ ਨੂੰ ਦੁਬਾਰਾ ਪਹਿਲੀ ਦਿੱਖ ਦੇਣੀ ਹੋਵੇ ਤਾਂ ਮਾਹਰਾਂ ਅਨੁਸਾਰ ਇਸ ਲਈ 80 ਸਾਲ ਲੱਗਣਗੇ।

ਇਤਿਹਾਸ ਗਵਾਹ ਹੈ ਕਿ ਮਾਨਵਤਾ ਵਿਰੋਧੀ, ਬਰਬਰਤਾ ਪੂਰਨ, ਭਿਆਨਕ ਬਿਰਤਾਂਤ ਦੀ ਸਿਰਜਣਾ ਕਰਨ ਵਾਲਿਆਂ ਨੂੰ ਲੋਕ ਕਦੇ ਮੁਆਫ ਨਹੀਂ ਕਰਦੇ। ਇਹ ਭਾਵੇਂ ਕੋਈ ਹਿਟਲਰ ਹੋਵੇ, ਮੁਸੋਲਿਨੀ ਹੋਵੇ, ਚੰਗੇਜ਼ ਖਾਨ ਹੋਵੇ ਜਾਂ ਕੋਈ ਹੋਰ, ਪਰ ਕੀ ਅੱਜ ਸਾਡੀ ਆਧੁਨਿਕ ਦੁਨੀਆ ਦੇ ਕਿਸੇ ਹਿੱਸੇ ਵਿੱਚ ਕੁਝ ਲੋਕਾਂ 'ਤੇ ਜ਼ੁਲਮ ਢਾਹੇ ਜਾ ਰਹੇ ਹਨ ਤਾਂ ਇਸ ਦੀਆਂ ਹਿੱਸੇਦਾਰ ਉਹ ਸਭ ਤਾਕਤਾਂ ਵੀ ਹਨ, ਜੋ ਇਸ ਦੁਨੀਆਂ ਨੂੰ ਚਲਾ ਰਹੀਆਂ ਹਨ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਨੂੰ ਇਸ ਜ਼ੁਲਮੋਂ-ਤਸ਼ੱਦਦ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ।

ਇਜ਼ਰਾਈਲ-ਫਲਸਤੀਨ ਦੀ ਜੰਗ ਤੋਂ ਦੁਨੀਆ ਭਰ ਦੇ ਜੰਗਬਾਜ਼ਾਂ ਤੇ ਜੰਗਾਂ-ਯੁੱਧਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਇਹ ਸਮਝ ਜਾਣਾ ਚਾਹੀਦਾ ਹੈ ਕਿ ਕੋਈ ਵੀ ਜੰਗ ਮਸਲਿਆਂ ਦਾ ਹੱਲ ਨਹੀਂ ਹੁੰਦੀ, ਬਲਕਿ ਜੰਗ ਹੋਰ ਏਨੇ ਵੱਡੇ ਮਸਲੇ ਪੈਦਾ ਕਰਦੀ ਹੈ, ਜਿਹਨਾਂ ਦੇ ਹੱਲ ਮਗਰੋਂ ਸਦੀਆਂ ਤੱਕ ਨਹੀਂ ਨਿਕਲਦੇ। ਇਸ ਖਿੱਤੇ ਵਿੱਚ ਤੁਰੰਤ ਜੰਗਬੰਦੀ ਹੋਣੀ ਚਾਹੀਦੀ ਹੈ ਅਤੇ ਜਿਵੇਂ ਕਿ ਆਵਾਜ਼ਾਂ ਉੱਠ ਰਹੀਆਂ ਹਨ ਫਲਸਤੀਨ ਨੂੰ ਇੱਕ ਆਜ਼ਾਦ ਦੇਸ਼ ਐਲਾਨ ਕਰ ਦੇਣਾ ਚਾਹੀਦਾ। ਦੁਨੀਆਂ ਭਰ ਦੀਆਂ ਤਾਕਤਾਂ ਨੂੰ ਇਸ ਸਮੇਂ ਅੱਗੇ ਵਧ ਕੇ ਫਲਸਤੀਨ ਦੇ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

# ਸੰਪਰਕ : 98850-51099

# ਤੀਆਂ; ਪੰਜਾਬੀਅਤ ਦੇ ਝਰੋਖੇ 'ਚੋਂ

**ਗਗਨਦੀਪ ਸਿੰਘ ਬੁਗਰਾ**



ਜਿਵੇਂ ਕਿ ਹਰ ਵਾਰ ਹਰ ਤਿਉਹਾਰ ਸਮੇਂ ਹੁੰਦਾ ਹੈ, ਉਸ ਤਿਉਹਾਰ ਦੇ ਚੰਗੇ-ਮਾੜੇ ਪੱਖਾਂ ਸੰਬੰਧੀ ਮੀਡੀਆ, ਸੋਸ਼ਲ ਮੀਡੀਆ 'ਤੇ ਬਹਿਸ ਸ਼ੁਰੂ ਹੋ ਜਾਂਦੀ ਹੈ, ਉਵੇਂ ਹੁਣ ਤੀਆਂ ਦੇ ਤਿਉਹਾਰ ਦੀ ਗੱਲ ਕਰਦੇ ਹਾਂ। ਹਰ ਵਾਰ ਵਾਂਗ ਹੁਣ ਵੀ ਇਹ ਬਹਿਸ ਚੱਲ ਰਹੀ ਹੈ ਕਿ ਤੀਆਂ ਵਿੱਚ ਰਾਜਿਆਂ-ਰਜਵਾੜਿਆਂ ਖਾਤਰ ਕੁੜੀਆਂ ਦੀ ਨੁਮਾਇਸ਼ ਲਾਈ ਜਾਂਦੀ ਸੀ, ਇਸ ਲਈ ਤੀਆਂ ਸਾਡਾ ਮਾਣਮੱਤਾ ਨਹੀਂ, ਸਗੋਂ ਸ਼ਰਮਨਾਕ ਤਿਉਹਾਰ ਹੈ। ਇਸ ਵਿਸ਼ੇ 'ਤੇ ਚਰਚਾ ਕਰਨੀ ਬਣਦੀ ਹੈ।

ਇੱਕ ਪਾਸੇ ਕਿਹਾ ਜਾਂਦਾ ਹੈ ਕਿ ਪੰਜਾਬੀ ਵਿਦੇਸ਼ੀ ਹਮਲਾਵਰਾਂ ਤੋਂ ਭਾਰਤ ਦੀਆਂ ਧੀਆਂ ਨੂੰ ਛੁਡਾਉਂਦੇ ਰਹੇ, ਦੂਜੇ ਪਾਸੇ ਕਿਹਾ ਜਾਂਦੈ ਕਿ ਪੰਜਾਬੀ ਤੀਆਂ 'ਚ ਆਪਣੀਆਂ ਕੁੜੀਆਂ ਦੀ ਰਾਜਿਆਂ-ਰਜਵਾੜਿਆਂ ਖਾਤਰ ਨੁਮਾਇਸ਼ ਲਾਉਂਦੇ ਰਹੇ। ਦੋਹੇਂ ਆਪਾ ਵਿਰੋਧੀ ਗੱਲਾਂ ਨੇ। ਦਰਅਸਲ ਸਾਉਣ ਪੇਂਡੂ ਕਿਸਾਨੀ ਲਈ ਵਿਹਲੀ ਰੁੱਤ ਹੁੰਦੀ ਸੀ। ਕਪਾਹਾਂ, ਮੱਕੀਆਂ ਗੁੱਡੀਆਂ ਜਾ ਚੁੱਕੀਆਂ ਹੁੰਦੀਆਂ ਤੇ ਕਪਾਹਾਂ ਚੁਗਣ ਦੀ ਅਜੇ ਰੁੱਤ ਨਹੀਂ ਆਈ ਹੁੰਦੀ ਸੀ। ਮੌਸਮ ਵੀ ਝੜੀਆਂ ਲੱਗਣ ਕਾਰਨ ਠੰਢਾ ਹੁੰਦਾ ਸੀ ਅਤੇ ਘਰ ਤੇ ਖੇਤ ਕੋਈ ਵੱਡਾ ਕੰਮ ਵੀ ਨਹੀਂ ਹੁੰਦਾ ਸੀ। ਵਿਆਹੀਆਂ ਕੁੜੀਆਂ ਪੇਕੇ ਘਰ ਆਉਂਦੀਆਂ, ਆਪਣੀਆਂ ਸਹੇਲੀਆਂ ਨੂੰ ਮਿਲਦੀਆਂ ਤੇ ਪਿੰਡੋਂ ਬਾਹਰ ਕਿਸੇ ਖੁੱਲ੍ਹੇ ਥਾਂ ਦਰੱਖਤਾਂ ਥੱਲੇ ਗਿੱਧੇ ਦਾ ਪਿੜ ਮਘਾਉਂਦੀਆਂ ਸਨ। ਜਿੱਥੇ ਆਪਣਾ ਮਨੋਰੰਜਨ ਕਰਦੀਆਂ, ਉੱਥੇ ਗੀਤਾਂ-ਬੋਲੀਆਂ ਰਾਹੀਂ ਆਪਣੇ ਦੁਖੜੇ ਬਿਆਨ ਕਰਦੀਆਂ ਸਨ। ਪੰਜਾਬੀ ਲੋਕ ਗੀਤ ਤੇ ਬੋਲੀਆਂ ਗਵਾਹ ਨੇ ਕਿ ਕੁੜੀਆਂ ਦੇ ਦੁਖੜੇ ਆਮ ਤੌਰ 'ਤੇ ਸੱਸ, ਨਣਦ ਤੇ ਪਤੀ ਦਾ ਕੱਬਾ ਸੁਭਾਅ, ਕੰਮ ਦਾ ਬੋਝ, ਕਜੋੜ ਵਿਆਹ, ਪਤੀ ਦਾ ਅਮਲੀ ਜਾਂ ਸ਼ਰਾਬੀ ਹੋਣਾ ਆਦਿ ਹੁੰਦੇ ਸਨ। ਇਸ ਤੋਂ ਇਲਾਵਾ ਉਹ ਚੰਗੀ ਸੱਸ ਅਤੇ ਪਤੀ ਦੀ ਸਿਫਤ ਕਰਦੀਆਂ, ਕੁਆਰੀਆਂ ਕੁੜੀਆਂ ਨੂੰ ਮੱਤਾਂ ਦਿੰਦੀਆਂ, ਵੀਰਾਂ ਤੇ ਪੇਕੇ ਘਰ ਦੀ ਸੁੱਖ ਮੰਗਦੀਆਂ ਸਨ। ਕੁਆਰੀਆਂ ਕੁੜੀਆਂ ਦੀਆਂ ਬੋਲੀਆਂ ਆਮ ਤੌਰ 'ਤੇ ਕੁਆਰੇ ਚਾਅ ਤੇ ਹੋਣ ਵਾਲੇ ਸਹੁਰੇ ਘਰ ਦੀ ਮਿੱਠੀ-ਮਿੱਠੀ ਕਲਪਨਾ ਦੇ ਦੁਆਲੇ ਘੁੰਮਦੇ ਸਨ। ਜੇ ਤੀਆਂ ਤੋਂ ਕੁੜੀਆਂ ਨੂੰ ਚੁੱਕ ਕੇ ਲੈ ਜਾਣ ਦੀ ਧਾਰਨਾ ਸਹੀ ਹੁੰਦੀ ਤਾਂ ਇਸ ਸੰਬੰਧੀ ਲੋਕ ਬੋਲੀਆਂ ਲਾਜ਼ਮੀ ਤੌਰ 'ਤੇ ਪ੍ਰਚਲਿਤ ਹੁੰਦੀਆਂ। ਹੱਲਿਆਂ ਤੇ ਦੰਗਿਆਂ ਤੋਂ ਬਿਨਾਂ ਪੰਜਾਬ ਵਿੱਚ ਕਦੇ ਵੀ ਵੱਡੇ ਪੱਧਰ 'ਤੇ ਔਰਤਾਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਪੜ੍ਹਨ-ਸੁਣਨ ਨੂੰ ਨਹੀਂ ਮਿਲਦੀਆਂ (ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਜੋ ਅੱਜ ਵੀ ਜਾਰੀ ਹਨ।) ਹਾਂ ਇਹ ਜ਼ਰੂਰ ਹੋ ਸਕਦਾ ਹੈ ਕਿ ਰਾਜਿਆਂ-ਰਜਵਾੜਿਆਂ ਦੇ ਟੁੱਕੜਬੋਚ ਤੀਆਂ 'ਚ ਨਿਗ੍ਹਾ ਮਾਰ ਜਾਂਦੇ ਹੋਣ ਉਹ ਵੀ ਆਪ ਪਾਣੀ ਪੀਣ ਜਾਂ ਆਪਣੇ ਪਸ਼ੂਆਂ ਨੂੰ ਪਾਣੀ ਪਿਆਉਣ ਬਹਾਨੇ, ਕਿਉਂਕਿ ਤੀਆਂ ਆਮ ਤੌਰ 'ਤੇ ਖੂਹਾਂ, ਟੋਭਿਆਂ, ਜਲ ਸਾਧਨਾਂ ਦੇ ਕੰਢਿਆਂ 'ਤੇ ਲਗਦੀਆਂ ਸਨ, ਤੇ ਫਿਰ ਸੋਹਣੀ ਕੁੜੀ ਦੇ ਘਰਦਿਆਂ ਤੱਕ ਪਹੁੰਚ ਕੀਤੀ ਜਾਂਦੀ ਹੋਵੇ। ਉੱਥੇ ਵੀ ਧੱਕਾ ਨਹੀਂ, ਸਗੋਂ ਲਾਲਚ ਦਿੱਤਾ ਜਾਂਦਾ ਸੀ ਤੇ ਜਗੀਰ ਅਤੇ ਸਰਕਾਰੀ ਦਰਬਾਰੇ ਚੜ੍ਹਤ ਦੇ ਲਾਲਚ 'ਚ ਕੁੱਝ ਲੋਕ ਆਪਣੀਆਂ ਕੁੜੀਆਂ ਦੇ ਡੋਲੇ ਰਾਜਿਆਂ-ਰਜਵਾੜਿਆਂ ਨੂੰ ਦੇ ਦਿੰਦੇ ਸਨ, ਪਰ ਬਹੁ-ਗਿਣਤੀ ਅਣਖੀ ਲੋਕ ਨਹੀਂ। ਪੰਜਾਬ ਵਿੱਚ ਲੋਕਾਂ ਦੀ ਰਾਜਿਆਂ-ਰਜਵਾੜਿਆਂ ਨੇ ਆਰਥਿਕ ਲੁੱਟ ਤਾਂ ਕੀਤੀ ਹੈ, ਪਰ ਕੁੜੀਆਂ ਚੁੱਕਣ ਦੀਆਂ ਘਟਨਾਵਾਂ ਟਾਵੀਆਂ ਟੱਲੀਆਂ ਹੋ ਸਕਦੀਆਂ ਹਨ ਆਮ ਨਹੀਂ ਸੀ, ਕਿਉਂਕਿ ਰਾਜੇ ਰਜਵਾੜਿਆਂ ਨੂੰ ਆਰਥਿਕ ਲੁੱਟ ਲਈ ਸ਼ਾਂਤੀ ਚਾਹੀਦੀ ਸੀ ਅਤੇ ਅਜਿਹੇ ਕਾਰਨਾਮਿਆਂ ਨਾਲ ਬਗਾਵਤ ਫੈਲਣ ਦਾ ਡਰ ਹੁੰਦਾ ਸੀ। ਹੋਰ ਤਾਂ ਹੋਰ ਡਾਕੂ ਵੀ ਤੀਆਂ 'ਤੇ ਗਹਿਣੇ ਲੁੱਟ ਲੈਂਦੇ, ਇਹ ਕਹਾਣੀਆਂ ਤਾਂ ਸੁਣੀਆਂ ਨੇ, ਪਰ ਕਦੇ ਨਹੀਂ ਸੁਣਿਆ ਕਿ ਕਿਸੇ ਡਾਕੂ ਨੇ ਕਿਸੇ ਕੁੜੀ ਨੂੰ ਕੁਝ ਕਿਹਾ ਹੋਵੇ। ਡਾਕੂਆਂ ਦੇ ਕਿਰਦਾਰ ਆਮ ਤੌਰ 'ਤੇ ਨਾਬਰੀ ਵਾਲੇ, ਨਿਜ਼ਾਮ ਵਿਰੋਧੀ ਤੇ ਲੋਕ ਪੱਖੀ ਹੁੰਦੇ ਸਨ, ਕਿਉਂਕਿ ਪੰਜਾਬ ਵਰਗੇ ਮੈਦਾਨੀ ਖੇਤਰ ਵਿੱਚ ਡਾਕੂਆਂ ਨੂੰ ਆਪਣੀਆਂ ਠਾਹਰਾਂ ਲਈ ਸਿਰਾਂ ਦੇ ਜੰਗਲ ਦੀ ਲੋੜ ਹੁੰਦੀ ਸੀ। ਪੰਜਾਬੀ ਲੋਕ ਮਾਨਸਿਕਤਾ ਗਹਿਣਿਆਂ ਦੀ ਲੁੱਟ ਨੂੰ ਤਾਂ ਅਚੇਤ ਮਨ 'ਚੋਂ ਮਾਫ ਕਰ ਸਕਦੀ ਹੈ, ਪਰ ਇੱਜ਼ਤ ਨੂੰ ਹੱਥ ਪਾਇਆ ਪ੍ਰਵਾਨ ਨਹੀਂ ਕਰਦੇ।

ਸਭ ਤੋਂ ਅਹਿਮ ਗੱਲ ਜਿਹੜੀ ਲੋਕ ਬੋਲੀਆਂ ਦੇ ਅਧਿਐਨ ਤੋਂ ਪ੍ਰਾਪਤ ਹੁੰਦੀ ਹੈ, ਉਹ ਇਹ ਹੈ ਕਿ ਤੀਆਂ 'ਤੇ ਜਾਂਦੀਆਂ ਹੀ ਦਲੇਰ ਕੁੜੀਆਂ ਸਨ, ਜੋ ਦਲੇਰੀ ਨਾਲ ਆਪਣੇ ਮਨ ਦਾ ਗੁੱਭ-ਗੁਭਾਟ ਕੱਢਣ ਦੀ ਸਮਰੱਥਾ ਰੱਖਦੀਆਂ ਸਨ, ਅਜਿਹੀਆਂ ਕੁੜੀਆਂ ਨਾਲ ਕੋਈ ਗਲਤ ਹਰਕਤ ਕਰਨ ਦੀ ਹਿੰਮਤ ਕਰ ਜਾਵੇ, ਸੰਭਵ ਨਹੀਂ ਹੋ ਸਕਦਾ। ਮਨ ਦੀਆਂ ਕਮਜ਼ੋਰ ਤੇ ਲੋੜੋਂ ਵੱਧ ਸੰਗਾਊ ਕੁੜੀਆਂ ਤੀਆਂ 'ਤੇ ਘੱਟ ਹੀ ਜਾਂਦੀਆਂ ਸਨ।

ਨਿਸ਼ਚਿਤ ਰੂਪ ਵਿੱਚ ਸਾਡੇ ਤਿਉਹਾਰ ਸਾਡੇ ਸਮਾਜ ਅਤੇ ਸੱਭਿਆਚਾਰ ਦਾ ਸ਼ੀਸ਼ਾ ਹੁੰਦੇ ਨੇ। ਸਾਡੇ ਤਿਉਹਾਰ ਤੇ ਰਸਮ-ਰਿਵਾਜ ਨੀਰਸ ਜ਼ਿੰਦਗੀ ਤੇ ਚਾਵਾਂ ਦਾ ਛਿੱਟਾ ਦੇ ਜਾਂਦੇ ਹਨ। ਜੇਕਰ ਤਿਉਹਾਰ ਤੇ ਰਸਮ-ਰਿਵਾਜ ਨਾ ਹੋਣ ਤਾਂ ਜ਼ਿੰਦਗੀ ਬੇਰੰਗ ਤੇ ਬੇਰਸ ਹੋ ਜਾਵੇਗੀ। ਬੱਸ ਲੋੜ ਹੈ ਕਿ ਤਿਉਹਾਰਾਂ ਨੂੰ ਮਨਾਉਣ ਦਾ ਢੰਗ ਮਨੁੱਖਤਾ, ਸਮਾਜ ਅਤੇ ਵਾਤਾਵਰਨ ਪੱਖੀ ਹੋਵੇ। ਸ਼ੋਰ-ਸ਼ਰਾਬਾ, ਪ੍ਰਦੂਸ਼ਣ ਤੇ ਨਸ਼ਿਆਂ ਤੋਂ ਬਿਨਾਂ ਜੇਕਰ ਕੋਈ ਤਿਉਹਾਰ ਜਾਂ ਰਿਵਾਜ ਮਨਾਇਆ ਜਾਂਦਾ ਹੈ ਤਾਂ ਅਸੀਂ ਉਸ ਨੂੰ ਮਾੜਾ ਨਹੀਂ ਕਹਿ ਸਕਦੇ।

# ਸੰਪਰਕ : 98149-19299

# ਕਿਵੇਂ ਖ਼ਤਮ ਹੋਵੇ ਭੀਖ ਮੰਗਣ ਦੀ ਆਦਤ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**

ਕਿਸੇ ਦੇ ਅੱਗੇ ਹੱਥ ਫੈਲਾਅ ਕੇ ਭੀਖ ਮੰਗਣਾ ਕੇਵਲ ਇੱਕ ਅਨੈਤਿਕ ਧੰਦਾ ਹੀ ਨਹੀਂ, ਸਗੋਂ ਕਾਨੂੰਨਨ ਜੁਰਮ ਵੀ ਹੈ। ਉਂਜ ਤਾਂ ਭਿਖਾਰੀ ਲਗਭੱਗ ਦੁਨੀਆਂ ਦੇ ਹਰ ਮੁਲਕ ਵਿੱਚ ਪਾਏ ਜਾਂਦੇ ਹਨ, ਪਰ ਭਾਰਤ ਵਿੱਚ ਵੱਖ-ਵੱਖ ਕਿਸਮਾਂ ਦੇ ਭਿਖਾਰੀਆਂ ਦੀ ਸੰਖਿਆ ਕਾਫੀ ਜ਼ਿਆਦਾ ਹੈ। ਇਥੇ ਜ਼ਿਆਦਾਤਰ ਭਿਖਾਰੀ ਧਰਮ ਅਸਥਾਨਾਂ ਦੇ ਆਸਪਾਸ ਪਾਏ ਜਾਂਦੇ ਹਨ, ਕਿਉਂਕਿ ਵੱਖ-ਵੱਖ ਭਾਰਤੀ ਧਰਮ ਗ੍ਰੰਥਾਂ ਵਿੱਚ ਦਾਨ ਦੇਣ ਨੂੰ ਪੁੰਨ ਦਾ ਕੰਮ ਦੱਸਿਆ ਗਿਆ ਹੈ ਤੇ ਇਥੇ ਲੋਕ ਆਪਣੇ ਵੱਖ-ਵੱਖ ਮਨੋਰਥਾਂ ਦੀ ਪੂਰਤੀ ਹਿੱਤ ਪੈਸੇ ਜਾਂ ਵਸਤਾਂ ਦਾਨ ਕਰਦੇ ਰਹਿੰਦੇ ਹਨ, ਜਿਨ੍ਹਾ ਦਾ ਲਾਭ ਲੈਣ ਲਈ ਵਿਹਲੜ ਤੇ ਆਲਸੀ ਲੋਕ ਭਿਖਾਰੀ ਬਣ ਕੇ ਸਾਹਮਣੇ ਆਉਂਦੇ ਹਨ ਤੇ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਰੋਜ਼ੀ-ਰੋਟੀ ਕਮਾਉਣ ਦੀ ਭੀਖ 'ਚ ਮਿਲੇ ਦਾਨ ਨਾਲ ਜ਼ਿੰਦਗੀ ਬਸਰ ਕਰਦੇ ਹਨ। ਭਾਰਤ ਵਿੱਚ ਕੁਝ ਇਕ ਗ਼ਰੀਬਾਂ ਦੇ ਘਰ ਜੰਮੇ ਅਪਾਹਜ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਪੜ੍ਹਾਈ-ਲਿਖਾਈ ਕਰਨ ਅਤੇ ਸਮਰੱਥਾ ਅਨੁਸਾਰ ਕੋਈ ਕੰਮ-ਧੰਦਾ ਕਰਨ ਦੀ ਥਾਂ ਭੀਖ ਮੰਗਣਾ ਸਰਲ ਜਾਪਦਾ ਹੈ। ਕੁਝ ਇਕ ਅਨਾਥ ਜਾਂ ਆਪਣੀ ਔਲਾਦ ਹੱਥੋਂ ਦੁਰਕਾਰੇ ਲੋਕ ਬੁਢਾਪੇ ਜਾਂ ਬਿਮਾਰੀ ਕਰਕੇ ਵੀ ਭੀਖ ਮੰਗ ਕੇ ਦਿਨ ਕਟੀ ਕਰਨ ਲਈ ਮਜਬੂਰ ਹੁੰਦੇ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਭਾਰਤ ਵਿੱਚ ਆਮ ਮਿਲਦੇ ਅਧਿਕਤਰ ਮੰਗਤੇ ਸਰੀਰਕ ਪੱਖੋਂ ਹੱਟੇ-ਕੱਟੇ ਤੇ ਤੰਦਰੁਸਤ ਹੁੰਦੇ ਹਨ ਤੇ ਮਟਮੈਲੇ ਕੱਪੜਿਆਂ ਵਿੱਚ ਜਨਤਕ ਥਾਵਾਂ 'ਤੇ ਭੀਖ ਮੰਗ ਕੇ ਮੋਟੀ ਦਿਹਾੜੀ ਪਾਉਂਦੇ ਹਨ ਤੇ ਵਧੀਆ ਖਾਣਾ ਖਾ ਕੇ ਰਾਤ ਨੂੰ ਚੈਨ ਦੀ ਨੀਂਦ ਸੌਂਦੇ ਹਨ।

ਭਾਰਤ ਵਿਚ ਪਿਛਲੀ ਜਨਗਣਨਾ 2011 ਵਿੱਚ ਹੋਈ ਸੀ ਤੇ ਅਗਲੀ ਜਨਗਣਨਾ 2021 ਵਿਚ ਹੋਣੀ ਸੀ, ਜੋ ਕਿ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਵੀ ਨਹੀਂ ਕਰਵਾਈ ਗਈ ਹੈ। ਉਂਜ ਸੰਨ 2011 ਦੀ ਜਨਗਣਨਾ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਸਮੁੱਚੇ ਭਾਰਤ ਵਿੱਚ ਕੁੱਲ 4 ਲੱਖ,13 ਹਜ਼ਾਰ ਤੇ 670 ਭਿਖਾਰੀ ਮੌਜੂਦ ਸਨ, ਜੋ ਕਿ ਉਸ ਵੇਲੇ ਦੀ ਭਾਰਤ ਦੀ ਕੁੱਲ ਆਬਾਦੀ ਦਾ 0.031 ਫ਼ੀਸਦੀ ਬਣਦੇ ਸਨ। ਇਨ੍ਹਾਂ ਵਿੱਚ 2,21,673 ਪੁਰਸ਼ ਅਤੇ 1,91,997 ਮਹਿਲਾ ਮੰਗਤੇ ਸ਼ਾਮਲ ਸਨ। ਇੱਕ ਹੋਰ ਸਰਵੇ ਅਨੁਸਾਰ ਭਾਰਤ ਵਿੱਚ ਪ੍ਰਤੀ ਇੱਕ ਲੱਖ ਦੀ ਆਬਾਦੀ ਪਿੱਛੇ 80 ਦੇ ਕਰੀਬ ਮੰਗਤੇ ਮੌਜੂਦ ਹਨ। ਭਾਰਤ ਵਿੱਚ ਸਭ ਤੋਂ ਵੱਧ 81,244 ਮੰਗਤੇ ਪੱਛਮੀ ਬੰਗਾਲ ਵਿੱਚ ਪਾਏ ਗਏ ਸਨ, ਜੋ ਕਿ ਭਾਰਤ ਵਿੱਚ ਮੰਗਤਿਆਂ ਦੀ ਕੁੱਲ ਸੰਖਿਆ ਦਾ 20 ਫ਼ੀਸਦੀ ਬਣਦੇ ਸਨ। ਇਨ੍ਹਾਂ ਵਿੱਚ 33,086 ਪੁਰਸ਼ ਅਤੇ 48,158 ਮਹਿਲਾ ਮੰਗਤੇ ਸ਼ਾਮਲ ਸਨ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿੱਚ 65,835, ਆਂਧਰਾ ਪ੍ਰਦੇਸ਼ ਵਿੱਚ 30,218, ਬਿਹਾਰ ਵਿੱਚ 29,723, ਰਾਜਸਥਾਨ ਵਿੱਚ 25,853 ਅਤੇ ਪੰਜਾਬ ਵਿੱਚ 7939 ਮੰਗਤੇ ਮੌਜੂਦ ਹੋਣ ਦੇ ਅੰਕੜੇ ਪ੍ਰਾਪਤ ਹੋਏ ਸਨ। ਜੇਕਰ ਮੰਗਤਿਆਂ ਦੀ ਘੱਟ ਸੰਖਿਆ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਲਕਸ਼ਦੀਪ ਵਿਖੇ ਕੇਵਲ 02, ਮਿਜ਼ੋਰਮ 'ਚ 53 ਅਤੇ ਚੰਡੀਗੜ੍ਹ ਵਿੱਚ 121 ਮੰਗਤੇ ਹਾਜ਼ਰ ਸਨ। ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਉੱਤਰ-ਪੂਰਬੀ ਰਾਜਾਂ ਵਿੱਚ ਮੰਗਤਿਆਂ ਦੀ ਸੰਖਿਆ ਪ੍ਰਤੀ ਇਕ ਲੱਖ ਦੀ ਆਬਾਦੀ ਪਿੱਛੇ 15 ਮੰਗਤੇ ਦੱਸੀ ਗਈ ਸੀ।

ਮੰਗਤਿਆਂ ਬਾਰੇ ਪ੍ਰਾਪਤ ਅੰਕੜਿਆਂ ਤੋਂ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਜਿੱਥੇ ਭਾਰਤ ਦੀ ਕੁੱਲ ਅਬਾਦੀ ਦਾ 70 ਫ਼ੀਸਦੀ ਦੇ ਕਰੀਬ ਹਿੱਸਾ ਪਿੰਡਾਂ 'ਚ ਵਸਦਾ ਹੈ, ਉਥੇ ਹੀ ਸ਼ਹਿਰੀ ਖੇਤਰਾਂ ਵਿੱਚ ਮੰਗਤਿਆਂ ਦੀ ਔਸਤ ਸੰਖਿਆ ਪ੍ਰਤੀ ਇਕ ਲੱਖ ਦੀ ਆਬਾਦੀ ਪਿੱਛੇ 39 ਮੰਗਤੇ ਅਤੇ ਪੇਂਡੂ ਖੇਤਰ ਵਿੱਚ ਪ੍ਰਤੀ ਇਕ ਲੱਖ ਦੀ ਆਬਾਦੀ ਪਿੱਛੇ 32 ਮੰਗਤੇ ਹੈ। ਸ਼ਹਿਰੀ ਖੇਤਰਾਂ ਵਿੱਚ ਪੁਰਸ਼ ਮੰਗਤਿਆਂ ਦੀ ਸੰਖਿਆ ਮਹਿਲਾ ਮੰਗਤਿਆਂ ਦੀ ਬਨਿਸਪਤ ਜ਼ਿਆਦਾ ਹੈ, ਜਦੋਂ ਕਿ ਪੇਂਡੂ ਖੇਤਰਾਂ ਵਿੱਚ ਪੁਰਸ਼ ਅਤੇ ਮਹਿਲਾ ਮੰਗਤਿਆਂ ਦੀ ਸੰਖਿਆ ਦਾ ਅਨੁਪਾਤ ਲਗਭੱਗ ਬਰਾਬਰ ਹੀ ਹੈ। ਪੱਛਮੀ ਬੰਗਾਲ,ਅਸਾਮ ਅਤੇ ਤ੍ਰਿਪੁਰਾ ਆਦਿ ਰਾਜਾਂ ਵਿੱਚ ਮਹਿਲਾ ਮੰਗਤਿਆਂ ਦੀ ਸੰਖਿਆ ਪੁਰਸ਼ ਮੰਗਤਿਆਂ ਦੇ ਮੁਕਾਬਲੇ ਦੁੱਗਣੀ ਦੇ ਕਰੀਬ ਹੈ।

ਇੱਕ ਹੋਰ ਦਿਲਚਸਪ ਤੱਥ ਇਹ ਵੀ ਸਾਹਮਣੇ ਆਇਆ ਹੈ ਕਿ ਪੇਂਡੂ ਅਤੇ ਸ਼ਹਿਰੀ ਦੋਵਾਂ ਹੀ ਖੇਤਰਾਂ ਵਿੱਚ 60 ਸਾਲ ਤੋਂ ਵੱਧ ਉਮਰ ਦੇ ਮੰਗਤਿਆਂ ਦੀ ਸੰਖਿਆ ਨੌਜਵਾਨ ਜਾਂ ਬੱਚੇ ਮੰਗਤਿਆਂ ਦੀ ਤੁਲਨਾ ਵਿੱਚ 4 ਤੋਂ 5 ਗੁਣਾ ਜ਼ਿਆਦਾ ਹੈ। ਭਾਰਤ ਵਿੱਚ ਮੁਸਲਿਮ ਬਹੁਗਿਣਤੀ ਖੇਤਰਾਂ ਵਿੱਚ ਪ੍ਰਤੀ ਇਕ ਲੱਖ ਦੀ ਆਬਾਦੀ ਪਿੱਛੇ 54 ਮੁਸਲਿਮ ਮੰਗਤੇ ਅਤੇ ਹਿੰਦੂ ਬਹੁਗਿਣਤੀ ਖੇਤਰਾਂ ਵਿੱਚ ਪ੍ਰਤੀ ਇਕ ਲੱਖ ਦੀ ਆਬਾਦੀ ਪਿੱਛੇ 28 ਹਿੰਦੂ ਮੰਗਤੇ ਮੌਜੂਦ ਹਨ। ਜਾਤੀਗਤ ਗਣਨਾ ਅਨੁਸਾਰ ਅਨੁਸੂਚਿਤ ਕਬੀਲਿਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਮੰਗਤਿਆਂ ਦੀ ਸੰਖਿਆ ਪਛੜੀ ਸ੍ਰੇਣੀ ਜਾਂ ਆਮ ਸ੍ਰੇਣੀ ਨਾਲ ਸੰਬੰਧਤ ਮੰਗਤਿਆਂ ਨਾਲੋਂ ਵੱਧ ਹੈ।

ਜ਼ਿਕਰਯੋਗ ਹੈ ਕਿ ਭਾਰਤ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਇਹ ਮੰਨਿਆ ਜਾਂਦਾ ਹੈ ਕਿ ਸਿੱਖ ਕਦੇ ਭੀਖ ਨਹੀਂ ਮੰਗਦਾ ਹੈ, ਜਿਸ ਕਰਕੇ ਮੰਗਤਿਆਂ ਵਿੱਚ ਸਿੱਖ ਮੰਗਤਾ ਵੇਖੇ ਜਾਣ ਦੀ ਪ੍ਰਤੀਸ਼ਤਤਾ ਬਹੁਤ ਘੱਟ ਹੈ। ਪੰਜਾਬ ਵਿੱਚ ਨਿਹੰਗ ਬਾਣੇ ਵਿੱਚ ਕੁਝ ਵਿਅਕਤੀ ਵੱਖ-ਵੱਖ ਤਿਉਹਾਰਾਂ ਮੌਕੇ ਵੱਖ-ਵੱਖ ਘਰਾਂ ਜਾਂ ਦੁਕਾਨਾਂ ਤੋਂ ਬਿਨਾਂ ਰਸੀਦ ਦੀ ਉਗਰਾਹੀ ਕਰਦੇ ਅਕਸਰ ਵੇਖੇ ਜਾਂਦੇ ਹਨ ਜਿਨ੍ਹਾ ਨੂੰ ਕੁਝ ਲੋਕ ਮੰਗਤਿਆਂ ਦੀ ਸ਼੍ਰੇਣੀ ਵਿੱਚ ਗਿਣਨ ਦੀ ਗੱਲ ਕਰਦੇ ਹਨ, ਪਰ ਸਰਕਾਰੀ ਅੰਕੜਿਆਂ ਵਿੱਚ ਇਹ ਗੱਲ ਅਜੇ ਸ਼ਾਮਿਲ ਨਹੀਂ ਕੀਤੀ ਗਈ ਹੈ।

ਭਾਰਤ ਵਿੱਚ ਭੀਖ ਮੰਗਣ ਦੀ ਪ੍ਰਵਿਰਤੀ ਨੂੰ ਠੱਲ੍ਹ ਪਾਉਣ ਲਈ 'ਬੰਬੇ ਪ੍ਰੀਵੈਨਸ਼ਨ ਆਫ਼ ਬੈਗਿੰਗ ਐਕਟ' ਸੰਨ 1959 ਵਿੱਚ ਬਣਾਇਆ ਗਿਆ ਸੀ, ਜੋ ਕਿ ਸੰਨ 1960 ਵਿੱਚ ਦਿੱਲੀ ਤੱਕ ਵਧਾ ਦਿੱਤਾ ਗਿਆ ਸੀ। ਇਸੇ ਤਰ੍ਹਾਂ 'ਦਿ ਜੰਮੂ ਐਂਡ ਕਸ਼ਮੀਰ ਪ੍ਰੀਵੈਨਸ਼ਨ ਆਫ਼ ਬੈਗਰੀ ਐਕਟ-1960' ਵੀ ਬਣਾਇਆ ਗਿਆ ਸੀ। ਇਸ ਐਕਟ ਤਹਿਤ ਉਹ ਖੇਤਰ ਜਿੱਥੇ ਇਹ ਐਕਟ ਲਾਗੂ ਹੈ, ਵਿੱਚ ਜੇਕਰ ਕੋਈ ਵੀ ਸ਼ਖ਼ਸ ਭੀਖ ਮੰਗਦਾ ਪਾਇਆ ਜਾਂਦਾ ਹੈ ਤਾਂ ਕੋਈ ਵੀ ਪੁਲਸ ਅਧਿਕਾਰੀ ਜਾਂ ਜ਼ਿਲਾ ਮੈਜਿਸਟ੍ਰੇਟ ਵੱਲੋਂ ਨਾਮਜ਼ਦ ਕੀਤਾ ਕੋਈ ਵੀ ਵਿਅਕਤੀ ਉਸ ਮੰਗਤੇ ਨੂੰ ਬਿਨਾ ਕਿਸੇ ਵਾਰੰਟ ਦੇ ਗ੍ਰਿਫ਼ਤਾਰ ਕਰ ਸਕਦਾ ਹੈ। ਭਾਰਤ ਵਿੱਚ ਭੀਖ ਮੰਗਣ ਦੀ ਪ੍ਰਥਾ ਨੂੰ ਠੱਲ੍ਹ ਪਾਉਣ ਲਈ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨਾਲ-ਨਾਲ ਧਾਰਮਿਕ ਸੰਸਥਾਵਾਂ ਵੀ ਮੋਹਰੀ ਭੂਮਿਕਾ ਨਿਭਾਅ ਸਕਦੀਆਂ ਹਨ। ਸਰੀਰਕ ਤੌਰ 'ਤੇ ਤੰਦਰੁਸਤ ਲੋਕਾਂ ਨੂੰ ਪ੍ਰੇਰ ਕੇ ਅਤੇ ਰੁਜ਼ਗਾਰ ਪ੍ਰਦਾਨ ਕਰਕੇ ਭੀਖ ਮੰਗਣ ਦੇ ਕੰਮ ਤੋਂ ਹਟਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਬਿਮਾਰ, ਬੇਸਹਾਰਾ, ਬਜ਼ੁਰਗ, ਅੰਗਹੀਣ ਜਾਂ ਮੰਦਬੁੱਧੀ ਮੰਗਤਿਆਂ ਦੀ ਪਛਾਣ ਕਰਕੇ ਉਨ੍ਹਾਂ ਦੇ ਇਲਾਜ ਅਤੇ ਪੁਨਰਵਾਸ ਦੇ ਠੋਸ ਯਤਨ ਕੀਤੇ ਜਾਣੇ ਚਾਹੀਦੇ ਹਨ। ਉਂਜ ਇਸ ਸਮੱਸਿਆ ਨਾਲ ਨਜਿੱਠਣ ਲਈ ਭਾਰਤ ਸਰਕਾਰ ਨੇ 14 ਜਨਵਰੀ, ਸੰਨ 2020 ਵਿੱਚ ਵੱਖ-ਵੱਖ ਸਵੈ-ਸੇਵੀ ਜਥੇਬੰਦੀਆਂ ਅਤੇ ਵਿਸ਼ਾ ਮਾਹਰਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਬੁਲਾਈ ਸੀ ਤੇ ਗੰਭੀਰ ਵਿਚਾਰ-ਚਰਚਾ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਮੰਗਤਿਆਂ ਦੇ ਪੁਨਰਵਾਸ ਲਈ ਦਿੱਲੀ, ਬੰਗਲੌਰ, ਹੈਦਰਾਬਾਦ, ਇਦੌਰ, ਲਖਨਊ, ਪਟਨਾ, ਨਾਗਪੁਰ ਆਦਿ ਸੱਤ ਵੱਡੇ ਸ਼ਹਿਰਾਂ ਵਿੱਚ ਇੱਕ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਜਾਵੇਗਾ। ਇਸ ਪ੍ਰਾਜੈਕਟ ਨੂੰ ਸਿਰੇ ਚੜ੍ਹਾਉਣ ਲਈ ਕੇਂਦਰ ਸਰਕਾਰ ਸਥਾਨਕ ਸ਼ਹਿਰੀ ਵਿਕਾਸ ਵਿਭਾਗ ਅਤੇ ਸਵੈ-ਸੇਵੀ ਜਥੇਬੰਦੀਆਂ ਵੱਲੋਂ ਆਪਸੀ ਸਹਿਯੋਗ ਕੀਤਾ ਜਾਵੇਗਾ। ਇਸੇ ਤਰ੍ਹਾਂ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸ਼ਸ਼ਕਤੀਕਰਣ ਮੰਤਰਾਲੇ ਨੇ ਵੀ 'ਸਮਾਈਲ' ਭਾਵ ਸੱਪੋਰਟ ਫ਼ਾਰ ਮਾਰਜਨਲਾਈਜ਼ਡ ਇੰਡੀਵਿਜ਼ੁਅਲਜ਼ ਫ਼ਾਰ ਲਾਈਵਲੀਹੁੱਡ ਐਂਡ ਐਂਟਰਪ੍ਰਾਈਜ਼' ਨਾਮਕ ਯੋਜਨਾ ਵੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਭੀਖ ਮੰਗਣ ਵਾਲਿਆਂ ਦੀ ਭਲਾਈ ਲਈ ਵੱਖ-ਵੱਖ ਪ੍ਰੋਗਰਾਮ ਚਲਾਏ ਜਾਣੇ ਹਨ, ਜਿਨ੍ਹਾਂ ਵਿੱਚ ਪੁਨਰਵਾਸ, ਸਿਹਤ ਸਹੂਲਤਾਂ, ਕੌਂਸਲਿੰਗ, ਸਿੱਖਿਆ ਅਤੇ ਕੌਸ਼ਲ ਵਿਕਾਸ ਆਦਿ ਵੰਨਗੀਆਂ ਸ਼ਾਮਿਲ ਹਨ। ਮੁੱਕਦੀ ਗੱਲ ਇਹ ਹੈ ਕਿ ਭਾਰਤ ਵਿੱਚ ਭੀਖ ਮੰਗਣ ਦੀ ਪ੍ਰਵਿਰਤੀ ਖ਼ਤਮ ਕਰਨ ਲਈ ਕੇਵਲ ਸਰਕਾਰੀ ਕਦਮ ਹੀ ਕਾਫੀ ਨਹੀਂ ਹਨ, ਸਗੋਂ ਆਮ ਲੋਕ ਅਤੇ ਸਵੈ-ਸੇਵੀ ਜਥੇਬੰਦੀਆਂ ਇਸ ਕੁਰੀਤੀ ਨੂੰ ਖ਼ਤਮ ਕਰਨ ਵਿੱਚ ਵੱਡੀ ਅਤੇ ਨਿਰਣਾਇਕ ਭੂਮਿਕਾ ਅਦਾ ਕਰ ਸਕਦੀਆਂ ਹਨ। ਉਂਜ ਪੰਜਾਬ ਸਰਕਾਰ ਵੱਲੋਂ ਭਿਖਾਰੀ ਬੱਚਿਆਂ ਦਾ ਡੀ ਐੱਨ ਏ ਟੈਸਟ ਕਰਵਾ ਕੇ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਅਸਲ ਮਾਪਿਆਂ ਤੱਕ ਪਹੁੰਚਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ।

# ਸੰਪਰਕ : 97816-46008

12-AUG-PAGE-5.qxd 8/11/2025 10:28 PM Page 1



# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਪੁਤਲੇ ਫੂਕੇ







**ਲੁਧਿਆਣਾ (ਰੈਕਟਰ ਕਥੂਰੀਆ)**

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਥਾਨਕ ਜ਼ਿਲ੍ਹਾ ਸਦਰ ਮੁਕਾਮ ਲੁਧਿਆਣਾ ਵਿਖੇ ਇਕੱਠੇ ਹੋ ਕੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨ ਤੋਂ ਭਗੌੜਾ ਹੋ ਚੁੱਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਦੇ ਵਿੱਤ ਮੰਤਰੀ ਤੇ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਵੱਲੋਂ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਐਨ ਮੌਕੇ 'ਤੇ ਆ ਕੇ ਮੀਟਿੰਗਾਂ ਮੁਲਤਵੀ ਕਰਨ ਦੇ ਰੋਸ ਵਜੋਂ ਰੈਲੀ ਕੀਤੀ ਗਈ ਅਤੇ ਪੰਜਾਬ ਸਰਕਾਰ ਖਿਲਾਫ ਤਿੱਖੀ ਨਾਹਰੇਬਾਜ਼ੀ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕੇ ਗਏ।

ਇਸ ਮੌਕੇ ਸੰਬੋਧਨ ਕਰਦੇ ਹੋਏ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂ ਚਰਨ ਸਿੰਘ ਸਰਾਭਾ, ਗੁਰਮੇਲ ਸਿੰਘ ਮੈਲਡੇ, ਦਲੀਪ ਸਿੰਘ, ਸੁਰਿੰਦਰ ਸਿੰਘ ਬੈਂਸ, ਪ੍ਰਵੀਨ ਕੁਮਾਰ, ਹਰਬੰਸ ਸਿੰਘ ਪੰਧੇਰ, ਰਣਧੀਰ ਸਿੰਘ, ਹਰਜਿੰਦਰ ਸਿੰਘ ਸੀਲੋਂ, ਨਿਰਮਲ ਸਿੰਘ ਲਲਤੋਂ, ਸੁਸ਼ੀਲ ਕੁਮਾਰ, ਪਵਿੱਤਰ ਸਿੰਘ, ਕੇਵਲ ਸਿੰਘ ਬਨਵੈਤ, ਚਮਕੌਰ ਸਿੰਘ ਬਰਮੀ, ਵਿਨੋਦ ਕਮਾਰ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪਿਛਲੇ ਲਗਭਗ ਸਾਢੇ ਤਿੰਨ ਸਾਲਾਂ ਤੋਂ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਗਈ ਨਾ-ਪੱਖੀ ਪਹੁੰਚ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਹੁਤ ਸਾਰੇ ਮਸਲੇ ਲਮਕ ਅਵਸਥਾ ਵਿੱਚ ਪਏ ਹਨ।ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਤਨਖਾਹਾਂ ਤੇ ਪੈਨਸ਼ਨਾਂ ਦਾ ਬਣਦਾ ਬਕਾਇਆ ਯਕਮੁਸ਼ਤ ਤੁਰੰਤ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 13 ਫੀਸਦੀ ਚਾਰ ਕਿਸ਼ਤਾਂ ਤੇ ਪਿਛਲੀਆਂ ਕਿਸ਼ਤਾਂ ਦਾ ਰਹਿੰਦਾ ਸਾਰਾ ਬਕਾਇਆ ਤੁਰੰਤ ਦਿੱਤਾ ਜਾਵੇ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ, ਸਮੂਹ ਕੱਚੇ, ਠੇਕਾ ਅਧਾਰਤ, ਆਊਟ ਸੋਰਸ ਮੁਲਾਜ਼ਮਾਂ ਤੇ ਵੱਖ-ਵੱਖ ਸਕੀਮਾਂ ਆਸ਼ਾ ਵਰਕਰਜ਼, ਆਂਗਨਵਾੜੀ ਵਰਕਰਜ਼, ਮਿੱਡ ਡੇ ਮੀਲ ਵਰਕਰਜ਼ ਆਦਿ ਸਕੀਮ ਵਰਕਰਾਂ ਨੂੰ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਤੁਰੰਤ ਬਹਾਲ ਕੀਤੀ ਜਾਵੇ ਅਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਸਮੂਹ ਮੰਗਾਂ ਦਾ ਪੰਜਾਬ ਸਰਕਾਰ ਵੱਲੋਂ ਤੁਰੰਤ ਨਿਪਟਾਰਾ ਕੀਤਾ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਲਗਾਤਾਰ ਤਿੱਖੇ ਐਕਸ਼ਨ ਕਰਕੇ ਭਗਵੰਤ ਮਾਨ ਸਰਕਾਰ ਦਾ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਤੀਰਾ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕੀਤਾ ਜਾਵੇਗਾ।ਮੌਕੇ 'ਤੇ ਹੋਰਨਾਂ ਤੋਂ ਇਲਾਵਾ ਜ਼ੋਰਾ ਸਿੰਘ ਮਨਸੂਰਾਂ, ਜੀਤ ਸਿੰਘ, ਅਮਰਜੀਤ ਸਿੰਘ ਚੋਪੜਾ, ਮਨਜੀਤ ਸਿੰਘ ਮਨਸੂਰਾਂ, ਅਸ਼ੋਕ ਕੁਮਾਰ ਮੱਟੂ, ਇੰਦਰਜੀਤ ਸਿੰਘ ਖੇਲਾ, ਜੈਵੀਰ, ਗਿਆਨ ਸਿੰਘ, ਅਮਰਨਾਥ, ਰਣਜੀਤ ਸਿੰਘ ਮੁਲਾਂਪੁਰ ਆਦਿ ਹਾਜ਼ਰ ਸਨ।

**ਮੋਗਾ (ਇਕਬਾਲ ਸਿੰਘ ਖਹਿਰਾ)**-ਮੁਲਾਜ਼ਮ ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾ ਕਮੇਟੀ ਵੱਲੋਂ ਆਨਲਾਈਨ ਮੀਟਿੰਗ ਦੇ ਫੈਸਲਿਆਂ ਨੂੰ ਲਾਗੂ ਕਰਦਿਆਂ ਮੋਗਾ ਜ਼ਿਲ੍ਹੇ ਦੇ ਮੁਲਾਜ਼ਮਾਂ ਪੈਨਸ਼ਨਰਾਂ ਨੇ ਨਛੱਤਰ ਸਿੰਘ ਭਵਨ ਵਿੱਚ ਰੈਲੀ ਕਰਨ ਉਪਰੰਤ ਬੱਸ ਸਟੈਂਡ ਤੋਂ ਮੇਨ ਚੌਕ ਤੱਕ ਰੋਹ ਭਰਪੂਰ ਮਾਰਚ ਕਰਕੇ ਪੰਜਾਬ ਦੇ ਵਿੱਤ ਮੰਤਰੀ ਤੇ ਮੁੱਖ ਮੰਤਰੀ ਦੇ ਪੁਤਲਿਆਂ ਨੂੰ ਮੁੱਖ ਚੌਂਕ ਵਿੱਚ ਰੋਹ ਭਰਪੂਰ ਨਾਰੇਬਾਜ਼ੀ ਕਰਦਿਆਂ ਫੂਕਿਆ ਗਿਆ।ਸਾਂਝਾ ਫਰੰਟ ਦੇ ਆਗੂਆਂ ਭਜਨ ਸਿੰਘ ਗਿੱਲ, ਸੁਰਿੰਦਰ ਰਾਮ ਕੁੱਸਾ, ਸੁਖਦੇਵ ਸਿੰਘ, ਪੋਹਲਾ ਸਿੰਘ ਬਰਾੜ, ਜਗਸੀਰ ਸਿੰਘ ਖੋਸਾ, ਗੁਰਮੇਲ ਸਿੰਘ ਨਾਹਰ, ਬਚਿੱਤਰ ਸਿੰਘ ਧੋਥੜ, ਰਾਜਿੰਦਰ ਸਿੰਘ ਰਿਆੜ, ਕੁਲਵੀਰ ਸਿੰਘ ਢਿੱਲੋਂ, ਰਘਵੀਰ ਸਿੰਘ ਸਿਹਤ ਵਿਭਾਗ, ਸੁਖਦੇਵ ਸਿੰਘ ਖੋਸਾ, ਜਸਪਤ ਰਾਏ, ਬਲੌਰ ਸਿੰਘ ਘਾਲੀ, ਬੰਤ ਸਿੰਘ ਬੱਧਨੀ ਕਲਾਂ, ਜਗਰੂਪ ਸਿੰਘ, ਰਾਜ ਕੁਮਾਰ, ਸਰਬਜੀਤ ਸਿੰਘ ਦੌਧਰ ਨੇ ਸੰਬੋਧਨ ਕੀਤਾ।ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਪ੍ਰਵਾਨ ਕੀਤੀਆਂ ਮੰਗਾਂ ਦਾ 20 ਅਗਸਤ ਤੱਕ ਨਿਪਟਾਰਾ ਨਾ ਕੀਤਾ ਤਾਂ ਸੰਘਰਸ਼ ਦੀ ਰੂਪ ਰੇਖਾ ਨੂੰ ਹੋਰ ਤਿੱਖਾ ਕਰਨ 23 ਅਗਸਤ ਨੂੰ ਲੁਧਿਆਣੇ ਸੂਬਾ ਪੱਧਰੀ ਆਫ਼ ਲਾਈਨ ਮੀਟਿੰਗ ਕਰਕੇ ਅਗਲੇ ਸਮੇਂ ਲਈ ਤਿੱਖੇ ਸੰਘਰਸ਼ ਦਾ ਐਲਾਨ ਕਰ ਦਿੱਤਾ ਜਾਵੇਗਾ।ਅੱਜ ਦੇ ਪ੍ਰੋਗਰਾਮ ਵਿੱਚ ਪ੍ਰੇਮ ਕੁਮਾਰ, ਜੱਜ ਪਾਲ ਬਾਜੇ ਕੇ ਜੀ ਦੀ ਯੂ ਜਗਜੀਤ ਸਿੰਘ, ਬਿੱਕਰ ਸਿੰਘ ਮਾਛੀਕੇ, ਓਮਾਂ ਕਾਂਤ ਸ਼ਾਸਤਰੀ, ਕੇਹਰ ਸਿੰਘ ਕਿਸ਼ਨਪੁਰਾ, ਬਲਵੀਰ ਸਿੰਘ ਮੋਗਾ, ਅਮਰਜੀਤ ਮਾਣੂਕੇ, ਜਸਵੰਤ ਸਿੰਘ ਕੋਟਲਾ, ਨਾਇਬ ਸਿੰਘ, ਮਨਜੀਤ ਸਿੰਘ, ਬਲਵਿੰਦਰ ਸਿੰਘ ਗਿੱਲ, ਬੂਟਾ ਸਿੰਘ ਭੱਟੀ ਸਮੇਤ ਹੋਰ ਬਹੁਤ ਸਾਰੇ ਆਗੂ ਤੇ ਸਰਗਰਮ ਵਰਕਰ ਸ਼ਾਮਲ ਹੋਏ।

**ਧੂਰੀ (ਸੁਖਦੇਵ ਧੂਰੀ)** : ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਜ਼ਬਰਦਸਤ ਰੋਹ ਦਾ ਪ੍ਰਗਟਾਵਾ ਕਰਦਿਆਂ ਪੈਨਸ਼ਨਰ ਮੰਗਾਂ ਪ੍ਰਤੀ ਗ਼ੈਰ-ਸੰਜੀਦਾ ਹੋਣ ਕਾਰਨ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ।ਇਸ ਤੋਂ ਪਹਿਲਾਂ ਹੇਮ ਰਾਜ ਸ਼ਰਮਾ ਸਰਪ੍ਰਸਤ, ਸੁਖਦੇਵ ਸ਼ਰਮਾ ਪ੍ਰਧਾਨ, ਚਰਨਜੀਤ ਸਿੰਘ ਕੈਂਥ ਕਾਰਜਕਾਰੀ ਪ੍ਰਧਾਨ, ਡਾ. ਅਮਰਜੀਤ ਸਿੰਘ ਸਕੱਤਰ ਤੇ ਸੀਨੀਅਰ ਆਗੂ ਰਮੇਸ਼ ਸ਼ਰਮਾ, ਸੀਨੀਅਰ ਆਗੂ ਇੰਦਰਜੀਤ ਸ਼ਰਮਾ ਤੇ ਸਹਾਇਕ ਸਕੱਤਰ ਗੁਰਦਾਸ ਬਾਂਸਲ ਦੀ ਪ੍ਰਧਾਨਗੀ ਹੇਠ ਹੋਈ ਐਸੋਸੀਏਸ਼ਨ ਦੀ ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪੈਨਸ਼ਨਰ ਮੰਗਾਂ ਜਿਵੇਂ ਛੇਵੇਂ ਪੇ ਕਮਿਸ਼ਨ ਦੇ ਬਕਾਏ ਦਾ ਨਿਬੇੜਾ, 2.59 ਫੈਕਟਰ ਅਨੁਸਾਰ ਪੈਨਸ਼ਨ ਰਵੀਜ਼ਨ, ਡੀ ਏ ਦੀਆਂ ਬਕਾਇਆ ਕਿਸ਼ਤਾਂ, ਮੈਡੀਕਲ ਭੱਤੇ ਵਿੱਚ ਵਾਧਾ ਆਦਿ ਮੁੱਦਿਆਂ 'ਤੇ ਸਰਕਾਰ ਨੂੰ ਰਗੜੇ ਲਾਏ।ਮੀਟਿੰਗ ਦੌਰਾਨ ਸਰਪ੍ਰਸਤ ਹੇਮ ਰਾਜ ਸ਼ਰਮਾ, ਕਾਰਜਕਾਰੀ ਪ੍ਰਧਾਨ ਚਰਨਜੀਤ ਸਿੰਘ ਕੈਂਥ, ਜਸਵੰਤ ਰਾਏ ਗੁਪਤਾ, ਰਮੇਸ਼ ਸ਼ਰਮਾ, ਰਤਨ ਸਿੰਘ ਭੰਡਾਰੀ, ਮੇਜਰ ਸਿੰਘ ਲੈਕਚਰਾਰ ਤੇ ਸੋਮ ਨਾਥ ਅੱਤਰੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਉਪਰੰਤ ਪੈਨਸ਼ਨਰ ਮੰਗਾਂ ਨੂੰ ਅਣਗੌਲਿਆ ਕਰਨ ਲਈ ਤ੍ਰਿਵੈਣੀ ਚੌਕ ਵਿੱਚ ਸਰਕਾਰ ਵਿਰੋਧੀ ਨਾਹਰਿਆਂ ਦੀ ਗੂੰਜ ਦੌਰਾਨ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੀਤਮ ਸਿੰਘ, ਪ੍ਰੋਫੈਸਰ ਮਦਨ ਲਾਲ, ਦਰਸ਼ਨ ਸਿੰਘ ਢੀਂਡਸਾ, ਜੈ ਭਗਵਾਨ ਦਾਸ, ਨਿਰਮਲ ਸਿੰਘ ਢੀਂਡਸਾ, ਭਜਨ ਸਿੰਘ ਰੰਗੀਆਂ, ਦਰਸ਼ਨ ਸਿੰਘ ਧਾਂਦਰਾ, ਸੁਰਜੀਤ ਸਿੰਘ ਘਨੌਰੀ , ਭਗਵਾਨ ਸਿੰਘ ਰਟੋਲ,ਘਮੰਡ ਸਿੰਘ ਸੋਹੀ, ਸ਼ਿਵ ਕੁਮਾਰ ਲੋਮਸ, ਕਰਮ ਸਿੰਘ ਢੀਂਡਸਾ, ਸਰਬਜੀਤ ਸਿੰਘ ਮੀਮਸਾ, ਫ਼ਕੀਰ ਸਿੰਘ, ਪ੍ਰਿੰਸੀਪਲ ਸੀਤਾ ਸਿੰਘ, ਅਮਰਜੀਤ ਗੋਇਲ, ਰਾਜ ਕੁਮਾਰ ਗੁਪਤਾ, ਨਛੱਤਰ ਸਿੰਘ ਦਿਓਲ, ਰਾਮ ਚੰਦ ਸ਼ਰਮਾ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

**ਸਮਰਾਲਾ (ਸੁਰਜੀਤ ਸਿੰਘ)** : ਸਟੇਟ ਬਾਡੀ ਦੇ ਸਾਂਝੇ ਫਰੰਟ ਵੱਲੋਂ ਦਿੱਤੀ ਗਈ ਕਾਲ ਦੇ ਸੰਦਰਭ ਵਿਚ ਇਥੇ ਮੁਲਾਜ਼ਮ ਤੇ ਪੈਨਸ਼ਨਰਜ਼ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਸਕਿੰਦਰ ਸਿੰਘ ਮੰਡਲ ਪ੍ਰਧਾਨ ਪੈਨਸ਼ਨਰਜ਼ ਐਸੋ: ਪਾਵਰਕਾਮ ਦੀ ਅਗਵਾਈ ਹੇਠ ਧਰਨੇ ਉਪਰੰਤ ਬਜ਼ਾਰ ਵਿੱਚ ਰੋਸ ਮਾਰਚ ਕਰਦੇ ਹੋਏ ਸਥਾਨਕ ਐੱਸ ਡੀ ਐੱਮ ਦਫਤਰ ਸਾਹਮਣੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਉਪਰੰਤ ਐਸਡੀਐਮ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ 'ਤੇ ਮੰਗ ਪੱਤਰ ਦਿੱਤਾ ਗਿਆ। ਧਰਨੇ ਵਿਚ ਵੱਖ ਵੱਖ ਵਿਭਾਗਾਂ ਦੀਆਂ ਜਥੇਬੰਦੀਆਂ ਦੇ ਵਰਕਰ ਤੇ ਆਗੂ ਸ਼ਾਮਲ ਹੋਏ।ਉਧਰ ਦੇਸ਼ ਵਆਪੀ ਹੜਤਾਲ ਦੇ ਸੱਦੇ 'ਤੇ ਬਿਜਲੀ ਮਹਿਕਮੇ ਦੇ ਸਾਰੇ ਕਰਮਚਾਰੀ ਤਿੰਨ ਦਿਨਾਂ ਲਈ ਛੁੱਟੀ ਤੇ ਚਲੇ ਜਾਣ ਕਾਰਨ ਬਿਜਲੀ ਦਫ਼ਤਰਾਂ ਨੂੰ ਤਾਲੇ ਲੱਗੇ ਪਾਏ ਹੈ।ਕੈਸ਼ ਕਾਊਂਟਰ ਬੰਦ ਹੋਣ ਕਾਰਨ ਖਪਤਕਾਰਾਂ ਦੇ ਬਿੱਲ ਜਮ੍ਹਾਂ ਨਹੀਂ ਹੋ ਸਕੇ।ਪਾਵਰ ਸਪਲਾਈ ਚਾਲੂ ਰੱਖਣ ਲਈ ਇੰਜੀਨੀਅਰਾਂ ਦੀ ਡਿਊਟੀਆਂ ਗਰਿੱਡਾਂ 'ਤੇ ਲਗਾ ਦਿੱਤੀ ਗਈਆਂ ਹਨ।ਪਾਵਰਕੌਮ ਮੰਡਲ ਸਮਰਾਲਾ ਦੇ ਵਧੀਕ ਨਿਗਰਾਨ ਇੰਜੀਨੀਅਰ ਕੰਵਲਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਬਿਜਲੀ ਸਪਲਾਈ ਨਿਰਵਿਘਨ ਜਾਰੀ ਹੈ।ਸੀਐਚਬੀ ਕਾਮੇ ਲਗਾਤਾਰ ਡਿਊਟੀ 'ਤੇ ਹਨ।ਇਲਾਕੇ ਵਿੱਚ ਕਿਸੇ ਤਰ੍ਹਾਂ ਦੀ ਸਪਲਾਈ ਵਿਚ ਵਿਘਨ ਨਹੀਂ ਹੈ ਅਤੇ ਨੇ ਹੀ ਕੋਈ ਬਿਜਲੀ ਸਬੰਧੀ ਸ਼ਿਕਾਇਤ ਹੀ ਪ੍ਰਾਪਤ ਹੋਈ ਹੈ।ਗਰਿੱਡਾਂ ਤੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।

## ਕਾਤਰਾਂ

### ਦਿਨ-ਦਿਹਾੜੇ ਘਰ 'ਚੋਂ ਨਗਦੀ ਚੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਧਨੇਰ (ਬਰਨਾਲਾ) ਵਿੱਚ ਅੱਜ ਸਿਖਰ ਦੁਪਹਿਰੇ ਚੋਰਾਂ ਦੇ ਗ੍ਰੋਹ ਵੱਲੋਂ ਇਕ ਘਰ ਵਿੱਚ ਦਾਖਲ ਹੋ ਕੇ ਨਗਦੀ ਚੋਰੀ ਕਰਨ ਦਾ ਪਤਾ ਲੱਗਿਆ ਹੈ । ਪੀੜਤ ਰਾਜ ਮਿਸਤਰੀ ਜਗਰਾਜ ਸਿੰਘ ਪੁੱਤਰ ਮੁਨਸ਼ਾ ਸਿੰਘ ਵਾਸੀ ਧਨੇਰ ਨੇ ਦੱਸਿਆ ਕਿ ਉਹ ਦਿਨੇ 11 ਕੁ ਵਜੇ ਪਰਿਵਾਰ ਸਮੇਤ ਦਵਾਈ ਲੈਣ ਲਈ ਬਰਨਾਲਾ ਗਏ ਸਨ।ਜਦੋਂ ਉਹ 2 ਵਜੇ ਦੇ ਕਰੀਬ ਘਰ ਵਾਪਸ ਆਏ ਤਾਂ ਘਰ ਦੇ ਮੁੱਖ ਗੇਟ ਦਾ ਜੰਦਰਾ ਟੁੱਟਿਆ ਹੋਇਆ ਸੀ।ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇੱਕ ਕਮਰੇ ਦੀ ਅਲਮਾਰੀ ਵਿੱਚ ਪਈ ਲਗਭਗ 40 ਹਜ਼ਾਰ ਰੁਪਏ ਦੀ ਨਗਦੀ ਗਾਇਬ ਸੀ।ਪੀੜਤ ਜਗਰਾਜ ਸਿੰਘ ਨੇ ਦੱਸਿਆ ਕਿ ਚੋਰੀ ਦੀ ਸੂਚਨਾ ਤੁਰੰਤ ਪੁਲਸ ਥਾਣਾ ਮਹਿਲ ਕਲਾਂ ਨੂੰ ਦਿੱਤੀ ਗਈ।

### ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਿੰਡਾਂ ਦਾ ਦੌਰਾ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਬਾਦਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਸਕੱਤਰ ਜਨਰਲ ਸ੍ਰ. ਬਲਜਿੰਦਰ ਸਿੰਘ ਬਿੰਦਰ ਗੋਨੇਆਣਾ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੀ ਅਗਵਾਈ ਹੇਠ ਜਥੇਦਾਰ ਹੀਰਾ ਸਿੰਘ ਚੜ੍ਹੇਵਾਨ, ਗੁਰਦੀਪ ਸਿੰਘ ਮੜਮਲੂ, ਮਨਜਿੰਦਰ ਸਿੰਘ ਬਿੱਟੂ, ਜਗਜੀਤ ਸਿੰਘ ਹਨੀ ਫੱਤਣਵਾਲਾ ਤੇ ਅਕਾਲੀ ਦਲ ਦੀ ਸਮੁੱਚੀ ਟੀਮ ਵੱਲੋਂ 12 ਅਗਸਤ ਮੰਗਲਵਾਰ ਨੂੰ ਮੁਕੰਦ ਸਿੰਘ ਵਾਲਾ, ਲੰਡੇ ਰੋਡੇ, ਸ਼ਿਵਪੁਰ ਕੁਕਰੀਆ, ਢਾਣੀ ਗੋਪਾਲ ਸਿੰਘ, ਨੂਰਪੁਰ ਕਿਰਪਾਲ ਕੇ, ਭੰਗੇ ਵਾਲਾ ਜਗਤ ਸਿੰਘ ਵਾਲਾ, ਕਾਨਿਆਂਵਾਲੀ, ਮਾਨ ਸਿੰਘ ਵਾਲਾ ਤੇ ਢਾਣੀ ਵੀਰ ਸਿੰਘ ਦੇ ਪਿੰਡਾਂ ਦੇ ਵਰਕਰਾਂ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਹਿਬ ਪੋਰ ਸਾਹਿਬ ਪੋੜ ਸਾਹਿਬ ਢਾਣੀ ਵੀਰ ਸਿੰਘ ਵਾਲੀ ਵਿਖੇ ਸਵੇਰੇ 10:00 ਵਜੇ ਹੋਵੇਗੀ।ਇਸ ਤੋਂ ਇਲਾਵਾ ਅੱਜ ਹੀ ਸੀਰਵਾਲੀ, ਡੋਹਕ, ਰੰਧਾਵਾ, ਵੰਗਲ ਬੂੜਾ ਗੁਜਰ ਉਦੇਕਰਨ, ਲੁਬਾਣਿਆਂ ਵਾਲੀ, ਮੜ ਮੱਲੂ, ਸੰਗਰਾਣਾ ਤੇ ਚੌਂਤਰਾ ਦੇ ਪਿੰਡਾਂ ਦੇ ਵਰਕਰਾਂ ਦੀ ਅਹਿਮ ਮੀਟਿੰਗ ਸਵੇਰੇ 11 ਵਜੇ ਡੇਰਾ ਬਾਬਾ ਦਿਆਲ ਦਾਸ ਜੀ ਲੁਬਾਣਿਆਂ ਵਾਲੀ ਵਿਖੇ ਹੋਵੇਗੀ।

### ਮੀਡੀਆ ਕਲੱਬ ਪਾਤੜਾਂ ਦੀ ਸਰਬ-ਸੰਮਤੀ ਨਾਲ ਚੋਣ

**ਪਾਤੜਾਂ (ਪੱਤਰ ਪ੍ਰੇਰਕ)**-ਸਬ ਡਵੀਜ਼ਨ ਪਾਤੜਾਂ ਦੇ ਪੱਤਰਕਾਰਾਂ ਦੀ ਸਿਰਮੌਰ ਸੰਸਥਾ ਮੀਡੀਆ ਕਲੱਬ ਪਾਤੜਾਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ।ਮੀਟਿੰਗ ਦੌਰਾਨ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਦੌਰਾਨ ਮੀਡੀਆ ਕਲੱਬ ਦੀ ਪਿਛਲੀ ਕਾਰਜਕਾਰਨੀ ਭੰਗ ਕਰਕੇ ਅਗਲੇ ਸਾਲ ਲਈ ਕਲੱਬ ਦੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ।ਇਸ ਮੌਕੇ ਹੋਈ ਚੋਣ ਵਿੱਚ ਪ੍ਰਧਾਨ ਜਗਦੀਸ਼ ਸਿੰਘ ਕੰਬੋਜ, ਸਕੱਤਰ ਭੁਪਿੰਦਰਜੀਤ ਮੌਲਵੀਵਾਲਾ ਤੇ ਖ਼ਜ਼ਾਨਚੀ ਭੂਸ਼ਨ ਸਿੰਗਲਾ ਨੂੰ ਚੁਣਿਆ।ਸੀਨੀਅਰ ਪੱਤਰਕਾਰ ਗੁਰਨਾਮ ਸਿੰਘ ਚੌਹਾਨ ਨੂੰ ਮੀਡੀਆ ਕਲੱਬ ਪਾਤੜਾਂ ਦਾ ਸਰਪ੍ਰਸਤ ਤੇ ਸਤਪਾਲ ਗਰਗ ਨੂੰ ਸਲਾਹਕਾਰ ਬਣਾਇਆ ਗਿਆ ਹੈ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਅਜੋਕੇ ਸਮੇਂ ਤੇ ਪ੍ਰੈੱਸ ਦੀ ਭੂਮਿਕਾ ਸਬੰਧੀ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾਵੇਗਾ।ਇਸ ਮੌਕੇ ਮੀਡੀਆ ਕਲੱਬ ਦੇ ਮੈਂਬਰ ਪਰਮਿੰਦਰਜੀਤ ਮੌਦਗਿਲ, ਬਲਵੀਰ ਸਿੰਘ ਢਿੱਲੋਂ, ਨਿਸ਼ਾਨ ਸਿੰਘ ਬਣਵਾਲਾ, ਦਰਸ਼ਨ ਸਿੰਗਲਾ, ਰਾਜਪਾਲ ਸਿੰਗਲਾ, ਸੰਜੇ ਗਰਗ, ਰਸ਼ਪਾਲ ਸਿੰਘ ਢੋਟ, ਦੁਰਗਾ ਸਿੰਘਲਾ, ਬਲਵੀਰ ਸਿੰਘ ਤੱਥਗਿਰ, ਮਨੋਜ ਕੁਮਾਰ ਰਿਸ਼ੀਪਾਲ, ਜਗਤਾਰ ਬਾਦਸ਼ਾਹਪੁਰ ਤੇ ਰਮਨ ਜੋਸ਼ੀ ਆਦਿ ਹਾਜ਼ਰ ਸਨ।

### ਵਿਧਾਇਕ ਸਵਨਾ ਵੱਲੋਂ ਹਲਕੇ ਅਧੀਨ ਪੈਂਦੇ ਪਿੰਡਾਂ ਦਾ ਦੌਰਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਆਪਣੇ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਪਿੰਡ ਮੁਹਾਰ ਜਮਸ਼ੇਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਇੱਥੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਪਾਕਿਸਤਾਨ ਵਾਲੇ ਪਾਸਿਓਂ ਆਏ ਪਾਣੀ ਨਾਲ ਪ੍ਰਭਾਵਿਤ ਖੇਤਾਂ ਦਾ ਦੌਰਾ ਕੀਤਾ। ਇਸ ਮੌਕੇ ਵਿਧਾਇਕ ਨੇ ਆਖਿਆ ਕਿ ਇਹ ਪਿੰਡ ਕੌਮਾਂਤਰੀ ਸਰਹੱਦ 'ਤੇ ਬਿਲਕੁਲ ਨਾਲ ਵਸਿਆ ਹੋਇਆ ਹੈ ਤੇ ਪਾਕਿਸਤਾਨ ਵਾਲੇ ਪਾਸੇ ਤੋਂ ਹੜ੍ਹ ਦਾ ਪਾਣੀ ਇਸ ਪਿੰਡ ਦੇ ਖੇਤਾਂ ਵਿੱਚ ਆਇਆ ਹੈ। ਉਨ੍ਹਾਂ ਕਿਹਾ ਕਿ ਉਹ ਅਧਿਕਾਰੀਆਂ ਨੂੰ ਮੌਕੇ 'ਤੇ ਲੈ ਕੇ ਨਾਲ ਪਹੁੰਚੇ ਹਨ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜੋ ਵੀ ਨੁਕਸਾਨ ਹੋਇਆ ਹੈ, ਉਸ ਦੀ ਗਿਰਦਾਵਰੀ ਕਰਵਾ ਕੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਬੀਤੀ ਦੇਰ ਰਾਤ ਉਨ੍ਹਾਂ ਪਿੰਡ ਜੰਡਵਾਲਾ ਮੀਰਾ ਸਾਂਗਲਾ ਦਾ ਦੌਰਾ ਕਰਕੇ ਇੱਥੇ ਜਲ ਨਿਕਾਸੀ ਦੇ ਚੱਲ ਰਹੇ ਕੰਮ ਦੇ ਜਾਇਜ਼ਾ ਲੈਣ ਤੋਂ ਇਲਾਵਾ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਗਿਰਦਾਵਰੀ ਦਾ ਕਾਰਜ ਜਲਦ ਸ਼ੁਰੂ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰੇਕ ਪ੍ਰਭਾਵਿਤ ਕਿਸਾਨ ਨੂੰ ਸਰਕਾਰੀ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਖਜਾਨ ਸਿੰਘ ਪਟਵਾਰੀ, ਮਾਰਕੀਟ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਨੂਰ ਸਾਹ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਖੇਡ ਮੈਦਾਨ ਬਣਨ ਤੋਂ ਰੋਕਣ ਨੂੰ ਲੈ ਕੇ ਬੀ ਡੀ ਪੀ ਓ ਦਫ਼ਤਰ ਵਿਖੇ ਧਰਨਾ

### ਮੁੱਖ ਮੰਤਰੀ ਤੋਂ ਖੇਡ ਮੈਦਾਨ 'ਚ ਰੋੜਾ ਬਣਨ ਵਾਲਿਆਂ ਖਿਲਾਫ਼ ਸਖ਼ਤ ਕਰਵਾਈ ਦੀ ਮੰਗ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੌੜ ਚੜਤ ਸਿੰਘ ਪਿੰਡ ਦੀ ਸਮੁੱਚੀ ਗ੍ਰਾਮ ਪੰਚਾਇਤ, ਪਿੰਡ ਵਾਸੀ ਤੇ ਕਿਸਾਨ ਯੂਨੀਅਨ ਸਿੱਧੂਪੁਰ ਦੀ ਜਥੇਬੰਦੀ ਵੱਲੋਂ ਪਿੰਡ ਅੰਦਰ ਬਣਾਏ ਜਾ ਰਹੇ ਖੇਡ ਮੈਦਾਨ ਨੂੰ ਰੋਕਣ ਸਬੰਧੀ ਬੀਡੀਪੀਓ ਮੌੜ ਦੇ ਦਫਤਰ ਅੱਗੇ ਰੋਸ ਮੁਜ਼ਾਹਰਾ ਕਰਦਿਆਂ ਹਲਕਾ ਵਿਧਾਇਕ ਮੌੜ ਤੇ ਬੀਡੀਪੀਓ ਖਿਲਾਫ ਭਰਵੀਂ ਨਾਅਰੇਬਾਜ਼ੀ ਕੀਤੀ ਗਈ।ਬੀਡੀਪੀਓ ਮੌੜ ਦੇ ਦਫਤਰ ਵਿੱਚ ਧਰਨੇ 'ਤੇ ਬੈਠੇ ਪਿੰਡ ਵਾਸੀ ਤੇ ਸਮੁੱਚੀ ਪੰਚਾਇਤ ਸਰਪੰਚ ਗਗਨਦੀਪ ਕੌਰ ਦੇ ਪਤੀ ਗੁਰਮੀਤ ਸਿੰਘ, ਪੰਚ ਹਰਬੰਸ ਸਿੰਘ, ਜਗਦੇਵ ਸਿੰਘ, ਹਰਜਿੰਦਰ ਸਿੰਘ, ਜਗਸੀਰ ਸਿੰਘ ਪੰਚ ਭੋਲਾ ਸਿੰਘ ਪ੍ਰਧਾਨ ਕਿਸਾਨ ਯੂਨੀਅਨ ਸਿੱਧੂਪੁਰ ਆਦਿ ਨੇ ਪੱਤਰਕਾਰਾਂ ਨੂੰ ਦੱਸਦਿਆਂ ਕਿਹਾ ਕਿ ਜਿਸ ਜਗ੍ਹਾ ਉੱਪਰ ਖੇਡ ਮੈਦਾਨ ਬਣਾਇਆ ਜਾ ਰਿਹਾ ਹੈ, ਉਸ ਖੇਡ ਮੈਦਾਨ ਨੂੰ ਪਿਛਲੀ ਪੰਚਾਇਤ ਵੱਲੋਂ ਮਤੇ ਰਾਹੀਂ ਪਾਸ ਕੀਤਾ ਗਿਆ ਸੀ, ਜਦਕਿ ਹਲਕੇ ਦਾ ਵਿਧਾਇਕ ਇਸ ਵਿੱਚ ਰੋੜਾ ਬਣ ਰਹੇ ਹਨ।ਉਨ੍ਹਾਂ ਕਿਹਾ ਕਿ ਜਿਸ ਜਗ੍ਹਾ ਉੱਪਰ ਪਿੰਡ ਵਾਸੀ ਤੇ ਸਮੁੱਚੀ ਪੰਚਾਇਤ ਖੇਡ ਮੈਦਾਨ ਬਣਾਉਣਾ ਚਾਹੁੰਦੀ ਹੈ, ਉਹ ਜਗ੍ਹਾ ਬਿਲਕੁਲ ਪਿੰਡ ਦੇ ਨਜ਼ਦੀਕ ਹੈ। ਇਸ ਖੇਡ ਮੈਦਾਨ ਨੂੰ ਜੋ ਪਹੀ ਲੱਗਦੀ ਹੈ, ਉਸ ਦੀ ਮਿਣਤੀ ਕਰਨ ਲਈ ਕਨੂੰਨਗੋ ਨੂੰ ਲਿਖਤੀ ਦਰਖ਼ਾਸਤ ਦਿੱਤੀ ਗਈ ਸੀ, ਜਿਸ ਦੇ ਚੱਲਦੇ ਕਨੂੰਨਗੋ ਵੱਲੋਂ ਮਿਣਤੀ ਕਰਨ ਲਈ ਪੰਚਾਇਤ ਨੂੰ 11 ਅਗਸਤ 25 ਦਾ ਦਿਨ ਦਿੱਤਾ ਗਿਆ ਸੀ, ਪ੍ਰੰਤੂ ਅੱਜ ਸੈਕਟਰੀ ਦੇ ਸਮੇਂ ਸਿਰ ਨਾ ਪਹੁੰਚਣ 'ਤੇ ਮਿਣਤੀ ਦਾ ਕੰਮ ਰੁਕ ਗਿਆ। ਪੱਤਾ ਲੱਗਾ ਹੈ ਕਿ ਸੈਕਟਰੀ ਵੱਲੋਂ ਮੈਡੀਕਲ ਛੁੱਟੀ ਲਈ ਗਈ ਹੈ, ਜਿਸ ਨੂੰ ਲੈ ਕੇ ਪਿੰਡ ਵਾਸੀਆਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ ਤੇ ਉਨ੍ਹਾਂ ਵੱਲੋਂ ਬੀ ਡੀ ਪੀ ਓ ਦਫ਼ਤਰ ਆ ਕੇ ਨਾਹਰੇਬਾਜ਼ੀ ਕੀਤੀ ਗਈ।ਪਿੰਡ ਵਾਸੀਆਂ ਵੱਲੋਂ ਪਿੰਡ ਅੰਦਰ ਖੇਡ ਮੈਦਾਨ ਨੂੰ ਰੋਕਣ ਦੇ ਦੋਸ਼ ਹਲਕਾ ਵਿਧਾਇਕ ਮੌੜ 'ਤੇ ਲਾ ਰਹੇ ਹਨ, ਕਿਉਂਕਿ ਖੇਡ ਮੈਦਾਨ ਨਾਲ ਵਿਧਾਇਕ ਦੇ ਚਾਹੇਤਾ ਦੀ ਜ਼ਮੀਨ ਲੱਗਦੀ ਹੈ।ਪਿੰਡ ਵਾਸੀਆਂ ਨੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੋਂ ਮੰਗ ਕਰਦੇ ਹੋਏ ਕਿਹਾ ਕਿ ਉਹ ਖੇਡ ਮੈਦਾਨ ਵਿੱਚ ਰੋੜਾ ਬਣਨ ਵਾਲਿਆਂ ਖਿਲਾਫ਼ ਸਖ਼ਤ ਕਰਵਾਈ ਕਰਨ।ਪਿੰਡ ਦੀ ਸਰਪੰਚ ਗਗਨਦੀਪ ਕੌਰ ਦੇ ਪਤੀ ਗੁਰਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪੰਚਾਇਤ ਘਰ ਲਈ ਪੰਜ ਲੱਖ ਰੁਪਏ ਦੀ ਗਰਾਂਟ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੱਲੋਂ ਚਾਰ ਮਹੀਨੇ ਪਹਿਲਾਂ ਭੇਜੀ ਜਾ ਚੁੱਕੀ ਹੈ, ਪਿੰਡ ਅੰਦਰ ਪੰਚਾਇਤ ਘਰ ਬਣਾਉਣ ਲਈ ਪੰਚਾਇਤ ਵੱਲੋਂ ਮਤਾ ਪਾ ਕੇ ਮਿਤੀ 5/6/25 ਨੂੰ ਸੈਕਟਰੀ ਤੇ ਜੇ ਈ ਨੂੰ ਭੇਜਿਆ ਜਾ ਚੁੱਕਾ ਹੈ, ਪ੍ਰੰਤੂ ਅੱਜ ਤੱਕ ਸੈਕਟਰੀ ਤੇ ਜੇ ਈ ਵੱਲੋਂ ਪਿੰਡ ਅੰਦਰ ਪੰਚਾਇਤ ਘਰ ਬਣਾਉਣ ਦਾ ਕੰਮ ਨਹੀਂ ਚਲਾਇਆ ਗਿਆ। ਉਨ੍ਹਾਂ ਕਿਹਾ ਕਿ ਬਲਾਕ ਮੌੜ ਦੇ ਸਾਰੇ ਪਿੰਡਾਂ ਅੰਦਰ ਵਿਕਾਸ ਦੇ ਕੰਮ ਚੱਲ ਰਹੇ ਹਨ, ਪਰ ਮੌੜ ਚੜ੍ਹਤ ਸਿੰਘ ਪਿੰਡ ਅੰਦਰ ਕੰਮ ਨਹੀਂ ਚੱਲ ਰਹੇ। ਇਸ ਸੰਬੰਧੀ ਜਦੋਂ ਹਲਕਾ ਵਿਧਾਇਕ ਨਾਲ ਗੱਲ ਕਰਨ ਲਈ ਮੋਬਾਈਲ ਫੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਆਪਣਾ ਫੋਨ ਨਹੀਂ ਚੁੱਕਿਆ। ਬੀ ਡੀ ਪੀ ਓ ਮੌੜ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਖੇਡ ਮੈਦਾਨ ਵਾਲੇ ਰਾਸਤੇ ਦੀ ਮਿਣਤੀ 18/8/25 ਨੂੰ ਕਰਵਾ ਦੇਵਾਂਗੇ। ਉਨ੍ਹਾਂ ਕਿਹਾ ਕਿ ਪਿੰਡ ਦਾ ਸੈਕਟਰੀ ਬਦਲ ਦਿੱਤਾ ਗਿਆ ਹੈ ਤੇ ਉਨ੍ਹਾਂ ਪੰਚਾਇਤ ਘਰ ਦਾ ਕੰਮ ਵੀ ਜਲਦ ਸ਼ੁਰੂ ਕਰਵਾਉਣ ਦੀ ਗੱਲ ਕੀਤੀ।

## ਸਾਦਿਕ ਬੈਂਕ ਘੁਟਾਲੇ ਦੇ ਮੁੱਖ ਦੋਸ਼ੀ ਅਮਿਤ ਧੀਗੜਾ ਦਾ ਇੱਕ ਹੋਰ ਸਾਥੀ ਗ੍ਰਿਫ਼ਤਾਰ

- ਮੁਲਜ਼ਮਾਂ ਦੀ 2.50 ਕਰੋੜ ਰੁਪਏ ਦੇ ਕਰੀਬ ਚੱਲ-ਅਚੱਲ ਜਾਇਦਾਦ ਲਈ ਕਬਜ਼ੇ 'ਚ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਐੱਸ.ਐੱਸ.ਪੀ. ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਸ ਵੱਲੋਂ ਮਾੜੇ ਅਨਸਰਾਂ ਖਿਲਾਫ ਇੱਕ ਨਿਰਣਾਇਕ ਮੁਹਿੰਮ ਵਿੱਢੀ ਗਈ ਹੈ।ਇਸੇ ਤਹਿਤ ਸ੍ਰੀ ਸੰਦੀਪ ਕੁਮਾਰ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਤੇ ਸ੍ਰੀ ਤਰਲੋਚਨ ਸਿੰਘ ਡੀ.ਐੱਸ.ਪੀ. (ਸਬ-ਡਵੀਜ਼ਨ) ਫਰੀਦਕੋਟ ਦੇ ਦਿਸ਼ਾ ਨਿਰਦੇਸ਼ ਤਹਿਤ ਇੱਕ ਵੱਡੀ ਕਾਮਯਾਬੀ ਹਾਸਲ ਕਰਦੇ ਹੋਏ, ਇੰਸਪੈਕਟਰ ਨਵਦੀਪ ਸਿੰਘ ਮੁੱਖ ਅਫਸਰ ਥਾਣਾ ਸਾਦਿਕ ਦੀ ਨਿਗਰਾਨੀ ਹੇਠ ਫਰੀਦਕੋਟ ਪੁਲਸ ਵੱਲੋਂ ਬਹੁਚਰਚਿਤ ਸਾਦਿਕ ਅੰਦਰ ਸਥਿਤ ਬੈਂਕ ਅੰਦਰ ਜਮ੍ਹਾਂ ਰਾਸ਼ੀ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿੱਚ ਮੁੱਖ ਦੋਸ਼ੀ ਅਮਿਤ ਧੀਗੜਾ ਦੇ ਇੱਕ ਸਾਥੀ ਅਭਿਸ਼ੇਕ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਿਕ ਫਰੀਦਕੋਟ ਪੁਲਸ ਨੂੰ ਮਿਤੀ 21.07.2025 ਨੂੰ ਸੂਚਨਾ ਮਿਲੀ ਕਿ ਸਟੇਟ ਬੈਂਕ ਆਫ ਇੰਡੀਆ ਦੀ ਸਾਦਿਕ ਵਿਖੇ ਸਥਿਤ ਬਰਾਂਚ ਵਿੱਚ ਬੈਂਕ ਬਤੌਰ ਕਲਰਕ ਤਾਇਨਾਤ ਅਮਿਤ ਧੀਗੜਾ ਨਾਮ ਦੇ ਵਿਅਕਤੀ ਵੱਲੋਂ ਲੋਕਾਂ ਦੇ ਖੇਤੀਬਾੜੀ ਲਿਮਟ ਖਾਤਿਆਂ ਤੇ ਐੱਫ ਡੀ ਦੇ ਖਾਤਿਆਂ ਵਿੱਚ ਪੈਸਿਆਂ ਦੇ ਲੈਣ ਦੇਣ ਬਾਰੇ ਛੇੜਛਾੜ ਕਰਕੇ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸਾਦਿਕ ਵਿਖੇ ਬੈਂਕ ਦੇ ਡਿਪਟੀ ਮੈਨੇਜਰ ਸ਼ਸਾਕ ਸ਼ੇਖਰ ਅਰੋੜਾ ਦੇ ਬਿਆਨਾਂ ਦੇ ਅਧਾਰ 'ਤੇ ਅਮਿਤ ਧੀਗੜਾ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ ਤੇ ਉਸੇ ਦਿਨ ਫਰੀਦਕੋਟ ਪੁਲਸ ਵੱਲੋਂ ਮੁਲਜ਼ਮ ਦਾ ਐੱਲ.ਓ.ਸੀ. ਜਾਰੀ ਕਰਵਾਇਆ।ਇਸ ਦੌਰਾਨ ਸਾਹਮਣੇ ਆਇਆ ਕਿ ਮੁਲਜ਼ਮ ਅਮਿਤ ਧੀਗੜਾ ਦੀ ਪਤਨੀ ਰੁਪਿੰਦਰ ਕੌਰ ਦੇ ਖਾਤਿਆਂ ਅੰਦਰ ਲਗਭਗ 2 ਕਰੋੜ 30 ਲੱਖ ਰੁਪਏ ਦੇ ਕਰੀਬ ਦਾ ਲੈਣ-ਦੇਣ ਹੋਇਆ ਸੀ, ਜਿਸ ਦੇ ਅਧਾਰ 'ਤੇ ਕਾਰਵਾਈ ਕਰਦੇ ਹੋਏ ਕਥਿਤ ਦੋਸ਼ਣ ਰੁਪਿੰਦਰ ਕੌਰ ਨੂੰ 24 ਜੁਲਾਈ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਹ ਵਿਦੇਸ਼ ਜਾਣ ਦੀ ਤਾਕ ਵਿੱਚ ਸੀ।ਉਪਰੰਤ ਪੁਲਸ ਟੀਮਾਂ ਵੱਲੋਂ ਕਾਰਵਾਈ ਕਰਦੇ ਹੋਏ ਇਸ ਮਾਮਲੇ ਦੇ ਮੁੱਖ ਦੋਸ਼ੀ ਅਮਿਤ ਧੀਂਗੜਾ ਨੂੰ ਉੱਤਰ ਪ੍ਰਦੇਸ਼ ਦੇ ਮਥੁਰਾ ਸ਼ਹਿਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮ ਅਮਿਤ ਧੀਗੜਾ ਦੀ ਪੁੱਛਗਿੱਛ ਤੇ ਦੋਸ਼ੀ ਦੇ ਬੈਂਕ ਖਾਤਿਆਂ ਦੀ ਸਟੇਟਮੈਂਟ ਦੇ ਅਧਾਰ 'ਤੇ ਉਸ ਦੇ 3 ਸਾਥੀਆਂ ਨੂੰ 04 ਅਗਸਤ 2025 ਨੂੰ ਮੁਕੱਦਮਾ ਵਿੱਚ ਨਾਮਜ਼ਦ ਕੀਤਾ ਗਿਆ ਸੀ, ਜਿਸ ਵਿੱਚ ਸਫਲਤਾ ਹਾਸਲ ਕਰਦੇ ਹੋਏ ਮੁੱਖ ਦੋਸ਼ੀ ਅਮਿਤ ਧੀਗੜਾ ਦੇ ਸਾਥੀ ਅਭਿਸ਼ੇਕ ਕੁਮਾਰ ਗੁਪਤਾ ਨੂੰ ਉਸ ਦੇ ਗਾਜ਼ੀਆਬਾਦ ਵਿਖੇ ਸਥਿਤ ਫਲੈਟ ਵਿੱਚੋਂ 7 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ।ਦੋਸ਼ੀ ਪਾਸੋਂ ਅਮਿਤ ਧੀਗੜਾ ਵੱਲੋਂ ਪੈਸੇ ਭੇਜ ਕੇ ਦਿੱਤੇ ਹੋਏ ਕਰੀਬ 10 ਤੋਲੇ ਦੇ ਸੋਨੇ ਦੇ ਗਹਿਣੇ ਬਰਾਮਦ ਕੀਤੇ ਗਏ ਹਨ। ਤਫਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਅਮਿਤ ਧੀਗੜਾ ਵੱਲੋਂ ਲੋਕਾਂ ਦੇ ਖਾਤਿਆਂ ਵਿੱਚ ਹੇਰਫੇਰ ਕਰਕੇ ਪੈਸੇ ਕੱਢ ਕੇ ਆਪਣੇ ਦੋਸਤ ਅਭਿਸ਼ੇਕ ਕੁਮਾਰ ਨੂੰ ਗਾਜੀਆਬਾਦ ਵਿਖੇ ਫਲੈਟ, ਜਿਸ ਦੀ ਕੀਮਤ ਕ੍ਰੀਬ 01 ਕਰੋੜ 50 ਲੱਖ ਕਰੀਬ ਹੈ, ਲੈ ਕੇ ਦਿੱਤਾ ਹੋਇਆ ਹੈ।ਇਸ ਤੋਂ ਇਲਾਵਾ ਦੋਸ਼ੀ ਦੇ ਖਾਤੇ ਵਿੱਚ ਅਮਿਤ ਧੀਗੜਾ ਵੱਲੋਂ ਭੇਜੇ ਗਏ ਕਰੀਬ 10 ਲੱਖ ਰੁਪਏ ਵੀ ਅਭਿਸ਼ੇਕ ਦੇ ਖਾਤੇ ਵਿੱਚ ਮੌਜੂਦ ਹਨ।ਇਸ ਤੋਂ ਇਲਾਵਾ ਅਭਿਸ਼ੇਕ ਗੁਪਤਾ ਦੇ ਫਲੈਟ ਵਿੱਚ ਕ੍ਰੀਬ 40 ਲੱਖ ਦਾ ਫਰਨੀਚਰ ਤੇ ਡੈਕੋਰੇਸ਼ਨ ਕੀਤੀ ਗਈ ਹੈ। ਜਿਸ ਨੂੰ ਕਿ ਸੀਲ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਇਸ ਤਰ੍ਹਾਂ ਪੁਲਸ ਟੀਮਾਂ ਵੱਲੋਂ ਦੋਸੀਆਂ ਦੀ ਕਰੀਬ 2.50 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਜ ਨੂੰ ਕਬਜ਼ੇ ਵਿੱਚ ਲਿਆ ਗਿਆ ਹੈ।ਇਸ ਮਾਮਲੇ ਨਾਲ ਜੁੜੇ ਹੋਰ ਦੋਸ਼ੀਆਂ ਦੇ ਕਰੀਬ 2 ਕਰੋੜ ਰੁਪਏ ਦੇ ਹੋਰ ਬੈਕਵਰਡ ਲਿੰਕ ਸਥਾਪਤ ਕੀਤੇ ਜਾ ਚੁੱਕੇ ਹਨ, ਜਿਸ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਬਿਜਲੀ ਮੁਲਾਜ਼ਮਾਂ ਵੱਲੋਂ ਤਿੰਨ ਦਿਨਾ ਸਮੂਹਕ ਛੁੱਟੀ ਦੇ ਪਹਿਲੇ ਦਿਨ ਗੇਟ ਰੈਲੀਆਂ





**ਸੰਗਰੂਰ (ਪ੍ਰਵੀਨ ਸਿੰਘ)**-ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੇ ਸਾਂਝੇ ਫਰੰਟ ਵੱਲੋਂ ਸਮੁੱਚੇ ਪੰਜਾਬ ਅੰਦਰ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਤੋਂ ਆਪਣੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਤੇ ਮੰਗਾਂ ਸਬੰਧੀ ਸਰਕੂਲਰ ਜਾਰੀ ਕਰਵਾਉਣ ਸਬੰਧੀ 11, 12 ਤੇ 13 ਅਗਸਤ ਨੂੰ ਤਿੰਨ ਦਿਨਾਂ ਦੀ ਸਮੂਹਕ ਛੁੱਟੀ ਲੈ ਕੇ ਹੜਤਾਲ 'ਤੇ ਜਾਣ ਦਾ ਫੈਸਲਾ ਕੀਤਾ ਗਿਆ ਸੀ। ਇਸੇ ਲੜੀ ਤਹਿਤ ਸਰਕਲ ਸੰਗਰੂਰ ਵਿਖੇ ਸਮੂਹਕ ਛੁੱਟੀ ਦੇ ਪਹਿਲੇ ਦਿਨ ਬਿਜਲੀ ਮੁਲਾਜ਼ਮਾਂ ਵੱਲੋਂ ਸਰਕਲ ਦਫਤਰ ਦੇ ਗੇਟ ਅੱਗੇ ਭਰਵਾਂ ਰੋਸ ਮੁਜ਼ਾਹਰਾ ਕੀਤਾ ਗਿਆ। ਸਮੁੱਚੇ ਫੀਲਡ ਤੇ ਦਫਤਰੀ ਕਰਮਚਾਰੀਆਂ ਨੇ ਆਪੋ ਅਪਣਾ ਕੰਮ ਠੱਪ ਕਰਕੇ ਸਰਕਲ ਦਫਤਰ ਅੱਗੇ ਇਕੱਠੇ ਹੋ ਕੇ ਹੜਤਾਲ ਵਿੱਚ ਸ਼ਮੂਲੀਅਤ ਕੀਤੀ।

ਆਗੂਆਂ ਨੇ ਬੋਲਦਿਆਂ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਸੂਬਾ ਕਮੇਟੀ ਦੀ ਮੀਟਿੰਗ 2 ਜੂਨ ਨੂੰ ਮੁਹਾਲੀ ਵਿਖੇ ਪਾਵਰਕਾਮ ਮੈਨੇਜਮੈਂਟ ਨਾਲ ਮਾਣਯੋਗ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਸਾਹਿਬ ਦੀ ਹਾਜ਼ਰੀ ਵਿੱਚ ਹੋਈ ਤੇ ਬਿਜਲੀ ਮੁਲਾਜ਼ਮਾਂ ਦੀਆਂ ਬਹੁਤ ਸਾਰੀਆਂ ਮੰਗਾਂ ਉੱਪਰ ਸਹਿਮਤੀ ਹੋਈ ਸੀ। ਤਕਰੀਬਨ ਇੱਕ ਮਹੀਨਾ ਬੀਤ ਜਾਣ ਤੋਂ ਬਾਅਦ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ। ਸੂਬਾ ਕਮੇਟੀ ਅਤੇ ਸਮੁੱਚੇ ਬਿਜਲੀ ਮੁਲਾਜ਼ਮਾਂ ਨੂੰ ਉਮੀਦ ਸੀ ਕਿ 11/8 ਤੱਕ ਪਾਵਰਕੌਮ ਵੱਲੋਂ ਕੋਈ ਨਾ ਕੋਈ ਸਰਕੂਲਰ ਜ਼ਰੂਰ ਜਾਰੀ ਕੀਤਾ ਜਾਵੇਗਾ, ਪ੍ਰੰਤੂ ਅਜੇ ਤੱਕ ਕੋਈ ਸਰਕੂਲਰ ਜਾਰੀ ਨਹੀਂ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਪਾਵਰਕੌਮ ਮੈਨੇਜਮੈਂਟ ਵੱਲੋਂ ਅਜੇ ਵੀ ਮੰਗਾਂ ਨਾ ਮੰਨ ਕੇ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਤੇ ਮੁਲਾਜ਼ਮਾਂ ਨੂੰ ਜਾਣਬੁੱਝ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਸਮੂਹਿਕ ਛੁੱਟੀ ਨੂੰ ਹੋਰ ਅੱਗੇ ਵਧਾਇਆ ਜਾ ਸਕਦਾ ਹੈ। ਜੇਕਰ ਮੁਲਾਜਮਾਂ ਦੇ ਸਮੂਹਕ ਛੁੱਟੀ 'ਤੇ ਜਾਣ ਕਾਰਨ ਪੰਜਾਬ ਅੰਦਰ ਬਿਜਲੀ ਗੁੱਲ ਹੁੰਦੀ ਹੈ ਤੇ ਬਲੈਕ ਆਊਟ ਹੁੰਦਾ ਹੈ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੀ ਹੋਵੇਗੀ। ਇਸ ਮੌਕੇ ਸਰਕਲ ਪ੍ਰਧਾਨ ਬਿਕਰਮਜੀਤ ਸਿੰਘ, ਨਿਰਭੈ ਸਿੰਘ, ਜੀਵਨ ਸਿੰਘ, ਭੋਲਾ ਸਿੰਘ ਗੱਗੜਪੁਰ, ਕੁਲਵਿੰਦਰ ਸਿੰਘ, ਹਰਦੀਪ ਸਿੰਘ, ਜਗਜੀਤ ਸਿੰਘ, ਮਿੱਠੂ ਸਿੰਘ, ਪਰਮਪਾਲ ਸਿੰਘ, ਹਰਪ੍ਰੀਤ ਸਿੰਘ, ਗੁਰਬਖਸ਼ੀਸ਼ ਸਿੰਘ, ਰਾਜਭਿੰਦਰ ਸਿੰਘ, ਗੌਰਵ ਜੋਸ਼ੀ, ਯਸਪਾਲ ਸ਼ਰਮਾ ਤੇ ਪੁਸ਼ਪਿੰਦਰ ਸਿੰਘ ਸੈਣੀ ਆਦਿ ਆਗੂਆਂ ਨੇ ਸੰਬੋਧਨ ਕੀਤਾ, ਜਦੋਂਕਿ ਸਟੇਜ ਦੀ ਕਾਰਵਾਈ ਨਿਰਭੈ ਸਿੰਘ ਭੱਠਲ ਨੇ ਨਿਭਾਈ ਅਤੇ ਪਰਮਿੰਦਰ ਸਿੰਘ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

**ਮੂਨਕ (ਰਾਜਪਾਲ ਸਿੰਗਲਾ)** : ਸਬ ਡਵੀਜ਼ਨ ਸਿਟੀ ਤੇ ਦਿਹਾਤੀ ਮੂਨਕ ਵੱਲੋਂ ਬੰਗਾਂ ਯੂਨਿਟ ਤੇ ਏਕਤਾ ਮੰਚ ਦੇ ਸੱਦੇ 'ਤੇ ਸੋਮਵਾਰ ਮੂਨਕ ਡਵੀਜ਼ਨ ਦਫਤਰ ਅੱਗੇ ਗੇਟ ਰੈਲੀ ਕੀਤੀ ਗਈ। ਇਸ ਮੌਕੇ ਯੂਨੀਅਨ ਦੇ ਆਗੂ ਡਵੀਜ਼ਨ ਪ੍ਰਧਾਨ ਭੀਮ ਸਿੰਘ ਤੇ ਸਮੂਹ ਜਥੇਬੰਦੀਆਂ ਦੀ ਲੀਡਰਸ਼ਿਪ ਇਸ ਗੇਟ ਰੈਲੀ ਵਿੱਚ ਪਹੁੰਚੀ, ਜਿਨ੍ਹਾਂ ਦੀ ਅਗਵਾਈ ਹੇਠ ਸਮੂਹ ਕਰਮਚਾਰੀਆਂ ਨੇ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ ਗਈ। ਇਸ ਰੋਸ ਪ੍ਰਦਰਸ਼ਨ ਨੂੰ ਲੈ ਕੇ ਦਫਤਰ ਦਾ ਕੰਮਕਾਰ ਵੀ ਬੰਦ ਰਿਹਾ। ਇਸ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਅਤੇ ਮੈਨੇਜਮੈਂਟ ਨੇ ਮੁਲਾਜ਼ਮਾਂ ਵਿਰੋਧੀ ਨੀਤੀ ਅਪਣਾਈ ਹੋਈ ਹੈ, ਜਿਸ ਨੂੰ ਲੈ ਕੇ 11, 12 ਤੇ 13 ਅਗਸਤ ਤੱਕ ਰੋਸ ਪ੍ਰਦਰਸ਼ਨ ਜਾਰੀ ਰਹੇਗਾ। ਇਸ ਮੌਕੇ ਬਲਵਿੰਦਰ ਸਿੰਘ ਬੋਲਰਾਂ, ਸੁਰੇਸ਼ ਕੁਮਾਰ, ਪ੍ਰਧਾਨ ਸੁਬੋਧ ਕੁਮਾਰ, ਅਜੈਬ ਸਿੰਘ ਮੂਨਕ ਤੇ ਮੁਲਾਜ਼ਮ ਗੇਟ ਰੈਲੀ ਵਿੱਚ ਪਹੁੰਚੇ।

## ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਲੈਂਡ ਪੂਲਿੰਗ ਨੀਤੀ ਵਿਰੁੱਧ ਪਿੰਡਾਂ 'ਚ ਰੋਸ ਮਾਰਚ

- ਬਿਜਲੀ ਮੁਲਾਜ਼ਮਾਂ ਦੀ ਤਿੰਨ ਰੋਜ਼ਾ ਹੜਤਾਲ ਦੀ ਕੀਤੀ ਹਮਾਇਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਬੀਕੇਯੂ ਬਹਿਰਾਮ ਕੇ, ਬੀਕੇਯੂ ਏਕਤਾ ਅਜ਼ਾਦ, ਬੀਕੇਯੂ ਕ੍ਰਾਂਤੀਕਾਰੀ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਵੱਲੋਂ ਅੱਜ ਜ਼ਿਲ੍ਹਾ ਮੋਗਾ ਦੇ ਚਾਰ ਪਿੰਡਾਂ ਜਿਵੇਂ ਤਲਵੰਡੀ ਭੰਗੇਰੀਆਂ, ਰੌਲੀ, ਕਪੂਰੇ, ਚੁਗਾਵਾਂ ਆਦਿ ਦੀ ਲੈਂਡ ਪੂਲਿੰਗ ਸਕੀਮ ਅਧੀਨ ਆਈ ਜ਼ਮੀਨ ਬਚਾਉਣ ਲਈ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਇਹ ਵਿਸ਼ਾਲ ਰੋਸ ਮਾਰਚ ਗੁਰਦੁਆਰਾ ਸਾਹਿਬ ਪਿੰਡ ਦੁਸਾਂਝ ਤੋਂ ਸ਼ੁਰੂ ਹੋ ਕੇ ਪੀੜਤ ਕਿਸਾਨਾਂ ਦੇ ਸਾਰੇ ਪਿੰਡਾਂ ਵਿੱਚ ਦੀ ਲੰਘਦਾ ਹੋਇਆ ਬੁੱਘੀਪੁਰਾ ਚੌਂਕ ਵਿੱਚ ਵਿਸ਼ਾਲ ਰੈਲੀ ਕਰਕੇ ਸਮਾਪਤ ਕੀਤਾ ਗਿਆ। ਵਿਸ਼ਾਲ ਰੋਸ ਮਾਰਚ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਤਨਾਮ ਸਿੰਘ ਪੰਨੂ, ਬਲਵੰਤ ਸਿੰਘ ਬਹਿਰਾਮ ਕੇ, ਲਖਵੀਰ ਸਿੰਘ ਦੌਧਰ ਨੇ ਐਲਾਨ ਕੀਤਾ ਕਿ ਜ਼ਿਲ੍ਹਾ ਮੋਗਾ ਦੀ ਜ਼ਮੀਨ ਸਮੇਤ ਪੰਜਾਬ ਭਰ ਦੀ 65533 ਏਕੜ ਲੈਂਡ ਪੂਲਿੰਗ ਸਕੀਮ ਵਿੱਚ ਐਕਵਾਇਰ ਕੀਤੀ ਗਈ ਜ਼ਮੀਨ ਦਾ 1 ਇੰਚ ਵੀ ਦਿੱਲੀ ਤੋਂ ਆਏ ਧਾੜਵੀਆਂ ਕੇਜਰੀਵਾਲ ਤੇ ਉਸ ਦੀ ਜੁੰਡਲੀ ਨੂੰ ਨਹੀਂ ਦਿੱਤੀ ਜਾਵੇਗੀ। ਪੰਜਾਬ ਦੇ ਲੋਕ ਇਨ੍ਹਾਂ ਧਾੜਵੀਆਂ ਤੇ ਇਨ੍ਹਾਂ ਦੀ ਪਿੱਠੂ ਪੰਜਾਬ ਸਰਕਾਰ ਨੂੰ ਮੂੰਹ ਤੋੜ ਜਵਾਬ ਦਿੰਦੇ ਹੋਏ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦਾ ਕੋਈ ਵੀ ਆਗੂ ਮੁੱਖ ਮੰਤਰੀ, ਮੰਤਰੀ ਤੇ ਵਿਧਾਇਕਾਂ ਨੂੰ ਨਹੀਂ ਵੜਨ ਦਿੱਤਾ ਜਾਵੇਗਾ, ਪੰਜਾਬ ਦੇ 13 ਹਜ਼ਾਰ ਪਿੰਡਾਂ ਵਿੱਚ ਇਹਨਾਂ ਦੇ ਬਾਈਕਾਟ ਦੇ ਬੋਰਡ ਲੱਗ ਰਹੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਬਿਜਲੀ ਦੇ ਨਿੱਜੀਕਰਨ ਦੇ ਵਿਰੋਧ, ਸਮਾਰਟ ਮੀਟਰ ਨਾ ਲੱਗਣ ਦੇਣ ਤੇ ਹੋਰ ਮੁਦਿਆਂ ਨੂੰ ਲੈ ਕੇ ਬਿਜਲੀ ਮੁਲਾਜ਼ਮ ਜਥੇਬੰਦੀਆਂ ਵੱਲੋਂ ਅੱਜ ਤੋਂ ਕੀਤੀ ਜਾ ਰਹੀ ਤਿੰਨ ਰੋਜ਼ਾ ਹੜਤਾਲ ਦਾ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਪੂਰਾ ਪੂਰਾ ਸਮਰਥਨ ਕੀਤਾ ਜਾਂਦਾ ਹੈ।ਇਸੇ ਤਰ੍ਹਾਂ ਗ੍ਰਾਮ ਪੰਚਾਇਤ ਪੰਪ ਅਪਰੇਟਰ ਯੂਨੀਅਨ ਵੱਲੋਂ ਆਪਣੀਆਂ ਹੱਕਾਂ ਮੰਗਾਂ ਲਈ ਲੜੇ ਜਾ ਰਹੇ ਸੰਘਰਸ਼ ਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪੂਰੀ ਪੂਰੀ ਹਮਾਇਤ ਕੀਤੀ ਜਾਂਦੀ ਹੈ। ਕਿਸਾਨ ਆਗੂਆਂ ਨੇ 20 ਅਗਸਤ ਨੂੰ ਜਲੰਧਰ ਦੇ ਪਿੰਡ ਕੁੱਕੜ ਦੀ ਦਾਣਾ ਮੰਡੀ ਵਿਖੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ 1 ਲੱਖ ਤੋਂ ਵੱਧ ਕਿਸਾਨਾਂ ਦੇ ਪਹੁੰਚਣ ਦਾ ਦਾਅਵਾ ਕਰਦਿਆਂ ਕਿਹਾ ਕਿ ਲੋਕਾਂ ਨੂੰ ਕਿਸੇ ਵੀ ਅਰਬਨ ਅਸਟੇਟ ਜਾਂ ਕਾਰਪੋਰੇਟ ਉਦਯੋਗ ਦੀ ਕੋਈ ਲੋੜ ਨਹੀਂ ਹੈ।ਇਸ ਮੌਕੇ ਜ਼ਿਲ੍ਹਾ ਆਗੂ ਨਛੱਤਰ ਸਿੰਘ ਹੇਰ, ਸੋਹਣ ਸਿੰਘ ਰਾਮੂਵਾਲਾ, ਸੁਖਦੇਵ ਸਿੰਘ ਤਲਵੰਡੀ ਭੰਗੇਰੀਆ, ਅਵਤਾਰ ਸਿੰਘ ਧਰਮ ਸਿੰਘ ਵਾਲਾ, ਦਰਸ਼ਨ ਸਿੰਘ, ਰਣਜੀਤ ਸਿੰਘ ਬੁੱਟਰ, ਹਰਬੰਸ ਸਿੰਘ ਸਾਹ ਵਾਲਾ, ਗੁਰਦੇਵ ਸਿੰਘ,ਗੁਰਭੇਜ ਸਿੰਘ, ਸੁਖਦੇਵ ਸਿੰਘ ਦੌਲੇਵਾਲਾ,ਹਰਪ੍ਰੀਤ ਸਿੰਘ ਮੇਲਕ ਆਦਿ ਆਗੂਆਂ ਨੇ ਇਕੱਠ ਨੂੰ ਸੰਬੋਧਨ ਕੀਤਾ।

## ਭਗਤਾ ਬਲਾਕ ਖਤਮ ਕੀਤੇ ਜਾਣ 'ਤੇ 'ਆਪ' ਦੇ ਭੁਮੱਕੜਾਂ ਨੇ ਵਿਧਾਇਕ ਤੇ ਚੇਅਰਮੈਨ ਨੂੰ ਲਿਆ ਕਰੜੇ ਹੱਥੀਂ

- ਸਮਾਂ ਰਹਿੰਦੇ ਕਾਰਵਾਈ ਕੀਤੀ ਹੁੰਦੀ ਤਾਂ ਭਗਤਾ ਬਲਾਕ ਨਾ ਟੁੱਟਦਾ
- ਦੋਹਾਂ ਲੀਡਰਾਂ ਨੇ ਹਲਕੇ 'ਚ 'ਆਪ' ਦਾ ਭੋਗ ਪਾਇਆ



**ਬਠਿੰਡਾ (ਰਾਜੀਵ ਗੋਇਲ)**

ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਅਧੀਨ ਪੈਂਦੇ ਬਲਾਕ ਭਗਤਾ ਨੂੰ ਖਤਮ ਕਰਕੇ ਫੂਲ ਨਾਲ ਜੋੜੇ ਜਾਣ ਦੇ ਵਿਰੋਧ ਨੇ ਜਿੱਥੇ ਵਿਰੋਧੀ ਸਿਆਸੀ ਆਗੂਆਂ ਨੂੰ ਸਰਕਾਰ 'ਤੇ ਤੰਜ ਕੱਸਣ ਦਾ ਮੌਕਾ ਦੇ ਦਿੱਤਾ, ਉੱਥੇ ਹੀ ਆਮ ਆਦਮੀ ਪਾਰਟੀ ਦੇ ਪੁਰਾਣੇ ਭੁਮੱਕੜ ਹੁਣ ਇਸ ਮਸਲੇ ਦੇ ਵਿਰੋਧ ਵਿੱਚ ਉੱਤਰ ਆਏ ਹਨ ਅਤੇ ਇਸੇ ਹੀ ਮਸਲੇ ਨੂੰ ਲੈ ਕੇ ਆਪ ਭੁਮੱਕੜਾਂ ਦੀਆਂ ਹਫਤੇ ਅੰਦਰ ਦੋ ਹੰਗਾਮੀ ਮੀਟਿੰਗਾਂ ਹੋ ਚੁੱਕੀਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੁਰਾਣੇ ਭੁਮੱਕੜ ਵਜੋਂ ਜਾਣੇ ਜਾਂਦੇ ਨਛੱਤਰ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੀ ਪੁਰਾਣੇ ਵਰਕਰਾਂ ਤੇ ਆਗੂਆਂ ਨਾਲ ਇੱਕ ਸਾਂਝੀ ਮੀਟਿੰਗ ਹੋਈ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਪਾਰਟੀ ਦੇ ਵਿਰੋਧ ਦਾ ਤਾਂ ਭਾਵੇਂ ਹੀ ਅਜੇ ਤੱਕ ਕੋਈ ਜ਼ਿਕਰ ਨਹੀਂ ਕੀਤਾ ਗਿਆ, ਪਰ ਉਨ੍ਹਾਂ ਇਕੱਤਰ ਆਗੂਆਂ ਵੱਲੋਂ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਤੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਨੂੰ ਕਰੜੇ ਹੱਥੀਂ ਲੈਂਦਿਆਂ ਤਿੱਖੇ ਸ਼ਬਦੀ ਵਾਰ ਕੀਤੇ ਗਏ ਹਨ ਅਤੇ ਕਿਹਾ ਗਿਆ ਹੈ ਕਿ ਪਾਰਟੀ ਨੂੰ ਅੰਦਰੂਨੀ ਤੌਰ 'ਤੇ ਖਤਮ ਕਰਨ ਵਿੱਚ ਇਨ੍ਹਾਂ ਦੋਹਾਂ ਆਗੂਆਂ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਬਲਾਕ ਭਗਤਾ ਟੁੱਟਣ ਤੋਂ ਬਚ ਜਾਂਦਾ, ਪਰ ਅਜਿਹਾ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦਰਮਿਆਨ ਆਮ ਆਦਮੀ ਪਾਰਟੀ ਨੂੰ ਕਰੀਬ 56000 ਵੋਟਾਂ ਦਾ ਭੁਗਤਾਨ ਹੋਇਆ ਸੀ, ਜਿਸ ਦੀ ਵਜ੍ਹਾ ਪਾਰਟੀ ਦੇ ਪੁਰਾਣੇ ਭੁਮੱਕੜ ਸਨ, ਜਿਨ੍ਹਾਂ ਵੱਲੋਂ ਦਿਨ-ਰਾਤ ਮਿਹਨਤ ਕਰਕੇ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਗਿਆ ਸੀ, ਪਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਹ ਅੰਕੜਾ ਸਿਰਫ 22000 ਦੇ ਕਰੀਬ ਵੋਟਾਂ ਤੱਕ ਸਿਮਟ ਕੇ ਰਹਿ ਗਿਆ ਅਤੇ ਇਹ ਚੋਣਾਂ ਇਨ੍ਹਾਂ ਵੱਡੇ ਆਗੂਆਂ ਦੀ ਮਿਹਨਤ ਦਾ ਨਤੀਜਾ ਸਨ ਅਤੇ ਹੁਣ 2027 ਦੀਆਂ ਚੋਣਾਂ ਵਿੱਚ ਜੋ ਹਾਲ ਰਾਮਪੁਰਾ ਫੂਲ ਹਲਕੇ ਵਿੱਚ ਆਮ ਆਦਮੀ ਪਾਰਟੀ ਦਾ ਹੋਵੇਗਾ, ਉਹ ਕਹਿਣੇ ਸੁਣਨੇ ਤੋਂ ਬਾਹਰ ਹੋਵੇਗਾ।

ਉਨ੍ਹਾਂ ਕਿਹਾ ਕਿ ਲਗਪਗ ਹਲਕੇ ਵਿੱਚ ਆਮ ਆਦਮੀ ਪਾਰਟੀ ਦਾ ਇਨ੍ਹਾਂ ਲੀਡਰਾਂ ਵੱਲੋਂ ਭੋਗ ਪਾ ਦਿੱਤਾ ਗਿਆ ਹੈ। ਪੁਰਾਣੀਆਂ ਪਾਰਟੀਆਂ ਦੇ ਆਗੂਆਂ ਨੂੰ ਅਹੁਦੇਦਾਰੀਆਂ ਨਿਵਾਜ ਕੇ ਪਾਰਟੀ ਦੇ ਪੁਰਾਣੇ ਤੇ ਮਿਹਨਤੀ ਵਲੰਟੀਅਰਾਂ ਨੂੰ ਖੁੱਡੇ ਲਾਈਨ ਲਗਾ ਦਿੱਤਾ ਗਿਆ ਹੈ ਤਾਂ ਕਿ ਉਹ ਲੋਕ ਰੁੱਸ ਕੇ ਘਰ ਬੈਠ ਜਾਣ ਤੇ ਪਾਰਟੀ ਦਾ ਨੁਕਸਾਨ ਕਰਨ।

ਇਸ ਮੌਕੇ ਇਕੱਤਰ ਹੋਏ ਆਗੂਆਂ ਨੇ ਪਾਰਟੀ ਨੂੰ ਅਪੀਲ ਕੀਤੀ ਕਿ ਉਹ ਹਲਕਾ ਰਾਮਪੁਰਾ ਫੂਲ ਦੀ ਸਾਰ ਲੈਂਦੇ ਹੋਏ ਭਗਤਾ ਬਲਾਕ ਨੂੰ ਤੋੜੇ ਜਾਣ ਵਾਲੇ ਫੈਸਲੇ 'ਤੇ ਤੁਰੰਤ ਵਿਚਾਰ ਕਰੇ ਤਾਂ ਕਿ ਇਸ ਨਾਲ ਆਮ ਲੋਕਾਂ ਨੂੰ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚਾਇਆ ਜਾ ਸਕੇ। ਆਗੂਆਂ ਵੱਲੋਂ ਮੀਟਿੰਗ ਦਰਮਿਆਨ ਇੱਕ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜਿਹੜੀ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਲਾਮਬੰਦ ਕਰਦੀ ਹੋਈ ਉਨ੍ਹਾਂ ਦੇ ਦੁੱਖ ਤੇ ਵਿਚਾਰ ਸੁਣੇਗੀ। ਇਸ ਮੌਕੇ ਰਾਜਵਿੰਦਰ ਸਿੰਘ ਭਗਤਾ, ਬਹਾਦਰ ਸਿੰਘ ਬਰਾੜ, ਅਵਤਾਰ ਸਿੰਘ ਕੋਠਾਗੁਰੂ, ਜਸਵੀਰ ਸਿੰਘ, ਲਖਵੀਰ ਸਿੰਘ, ਕਾਲਾ ਸੰਧੂ, ਭਾਗ ਸਿੰਘ ਦਿਆਲਪੁਰਾ, ਸਰਬਜੀਤ ਸਿੰਘ ਬੁਰਜ ਲੱਧਾ ਸਿੰਘ ਵਾਲਾ, ਕੁਲਜਿੰਦਰ ਸਿੰਘ ਸਰਪੰਚ, ਜੱਗਾ ਸਿੰਘ ਗੁੰਮਟੀ, ਕਿਰਨਜੀਤ ਸਿੰਘ ਗੁੰਮਟੀ, ਰਾਮ ਕੁਮਾਰ ਗੁਰੂਸਰ, ਬਲਵਿੰਦਰ ਸਿੰਘ ਗੁਰੂਸਰ, ਲਖਵੀਰ ਸਿੰਘ ਸਲਾਬਤਪੁਰਾ, ਬੀਰਾ ਮੈਂਬਰ, ਸੇਵਕ ਸਿੰਘ ਦੁੱਲੇਵਾਲਾ, ਗੁਰਮੇਲ ਸਿੰਘ ਸਿਰੀਏਵਾਲਾ, ਕਰਮਜੀਤ ਸਿੰਘ ਭਗਤਾ, ਹਰੀ ਬਾਂਸਲ, ਬਲਜਿੰਦਰ ਸਿੰਘ ਕੋਠਾਗੁਰੂ, ਜਗਰੂਪ ਸਿੰਘ, ਗੁਰਦੀਪ ਸਿੰਘ ਸਿਰੀਏਵਾਲਾ, ਪਰਮਜੀਤ ਸਿੰਘ ਦਿਆਲਪੁਰਾ ਆਦਿ ਹਾਜ਼ਰ ਸਨ।

## ਸਮਰਾਲਾ ਮਹਾਂਪੰਚਾਇਤ ਨੂੰ ਸਫਲ ਬਣਾਉਣ ਲਈ ਕੇ ਕੇ ਯੂ ਦੀ ਸੰਗਰਾਣਾ 'ਚ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਸਗਰਾਣਾ ਵਿਖੇ ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਇਕਾਈ ਪ੍ਰਧਾਨ ਗੁਰਸੇਵਕ ਸਿੰਘ ਸੰਗਰਾਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲ ਵਾਲੀ ਤੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲ ਵਾਲੀ ਨੇ ਕਿਹਾ ਲੈਂਡ ਪੂਲਿੰਗ ਸਕੀਮ ਪੰਜਾਬ ਦੇ ਲੋਕਾਂ ਨਾਲ ਇੱਕ ਬਹੁਤ ਵੱਡਾ ਧੋਖਾ ਹੈ, ਇਸ ਦਾ ਇੱਕੋ ਇੱਕ ਮਕਸਦ ਪਿੰਡ ਵਸਦੇ ਲੋਕਾਂ ਨੂੰ ਉਜਾੜ ਕੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣਾ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨਾਂ 'ਤੇ ਲਿਆਂਦੀ ਗਈ ਨੀਤੀ ਦੁਨੀਆ ਦਾ ਸਭ ਤੋਂ ਵੱਡਾ ਘੁਟਾਲਾ ਸਾਬਿਤ ਹੋਵੇਗੀ। ਪੰਜਾਬ ਸਰਕਾਰ ਸ਼ਰੇਆਮ ਝੂਠ ਬੋਲ ਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਨਹੀਂ ਖੋਹੀਆਂ ਜਾਣਗੀਆਂ, ਸਗੋਂ ਕਿਸਾਨਾਂ ਦੀ ਸਹਿਮਤੀ ਨਾਲ ਹੀ ਜ਼ਮੀਨਾਂ ਲਈਆਂ ਜਾਣਗੀਆਂ, ਪਰ ਹਕੀਕਤ ਬਿਲਕੁਲ ਇਸ ਦੇ ਉਲਟ ਹੈ। ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਨਾਲ ਸੰਬੰਧਤ ਜਾਰੀ ਨੋਟੀਫਿਕੇਸ਼ਨ ਵਿੱਚ ਸਾਫ ਲਿਖਿਆ ਗਿਆ ਕਿ ਜਿਹੜੇ ਕਿਸਾਨ ਜ਼ਮੀਨ ਦੇਣ ਤੋਂ ਆਨਾਕਾਨੀ ਕਰਨਗੇ, ਉਨ੍ਹਾਂ ਦੀਆਂ ਜ਼ਮੀਨਾਂ 2013 ਦੇ ਲੈਂਡ ਐਕੋਜ਼ੀਸ਼ਨ ਐਕਟ ਰਾਹੀਂ ਧੱਕੇ ਨਾਲ ਲਈਆਂ ਜਾਣਗੀਆਂ। ਲੈਂਡ ਪੂਲਿੰਗ ਨੀਤੀ ਅਨੁਸਾਰ ਜਿਸ ਕਿਸਾਨ ਦੀ ਇੱਕ ਏਕੜ ਜ਼ਮੀਨ ਹੈ, ਉਸ ਤੋਂ ਛੇ ਕਨਾਲਾਂ ਜ਼ਮੀਨ ਬਿਨਾਂ ਧੇਲਾ ਮੁਆਵਜ਼ਾ ਦਿੱਤਿਆਂ ਬਿਲਕੁਲ ਮੁਫਤ ਲਈ ਜਾਵੇਗੀ। ਇੱਥੇ ਹੀ ਬੱਸ ਨਹੀਂ 9 ਏਕੜ ਜ਼ਮੀਨ ਦੇ ਮਾਲਕ ਕਿਸਾਨ ਕੋਲੋਂ ਨਾ ਸਿਰਫ 6 ਏਕੜ ਜ਼ਮੀਨ ਮੁਫਤ 'ਚ ਹਥਿਆਈ ਜਾਵੇਗੀ, ਸਗੋਂ ਬਚਦੀ ਤਿੰਨ ਏਕੜ ਉੱਤੇ ਮਾਲਕ ਕਿਸਾਨ ਤੋਂ ਇੱਕ ਏਕੜ ਦੇ ਦੋ ਕਰੋੜ ਦੇ ਹਿਸਾਬ ਨਾਲ ਅਖੌਤੀ ਕਲੋਨੀ ਦੇ ਵਿਕਾਸ ਦੇ ਨਾਂ 'ਤੇ 6 ਕਰੋੜ ਰੁਪਿਆ ਵੀ ਹੋਰ ਲਿਆ ਜਾਵੇਗਾ। ਇਸ ਤੋਂ ਵੱਡੀ ਧੋਖਾਧੜੀ ਹੋਰ ਕੀ ਹੋ ਸਕਦੀ ਹੈ ? ਆਗੂਆਂ ਨੇ ਕਿਹਾ ਕਿ ਸਰਕਾਰ ਕੋਲੇ ਇਸ ਗੱਲ ਦਾ ਕੋਈ ਜਵਾਬ ਨਹੀਂ ਹੈ ਕਿ ਜਿਹੜੇ ਪ੍ਰਭਾਵਿਤ ਕਿਸਾਨ ਮਜ਼ਦੂਰ ਦੁਕਾਨਦਾਰ ਇਸ ਨੀਤੀ ਦੇ ਲਾਗੂ ਹੋਣ ਕਰਕੇ ਪਿੰਡਾਂ 'ਚੋਂ ਉਜੜਨਗੇ, ਉਹ ਕਿੱਥੇ ਜਾਣਗੇ, ਉਨ੍ਹਾਂ ਦੇ ਵਸੇਬੇ ਦਾ ਕੀ ਪ੍ਰਬੰਧ ਹੋਵੇਗਾ ?

ਇਸ ਮੌਕੇ ਸੰਬੋਧਨ ਕਰਦਿਆਂ ਪਿੰਡ ਇਕਾਈ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਗਰਾਣਾ, ਮੀਤ ਪ੍ਰਧਾਨ ਗੁਰਮੀਤ ਸਿੰਘ ਸੰਗਰਾਣਾ, ਸੈਕਟਰੀ ਕੁਲਦੀਪ ਸਿੰਘ ਤੇ ਜਗਤਾਰ ਸਿੰਘ ਚੋਟੀਆਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 24 ਅਗਸਤ ਨੂੰ ਸਮਰਾਲਾ ਵਿੱਚ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ ਜਾਵੇ ਤਾਂ ਜੋ ਪੰਜਾਬ ਸਰਕਾਰ ਨੂੰ ਲੈਂਡ ਪੋਲਿੰਗ ਨੀਤੀ ਨੂੰ ਰੱਦ ਕਰਨ ਲਈ ਮਜਬੂਰ ਕੀਤਾ ਜਾਵੇ। ਇਸ ਮੌਕੇ ਸਗਨਦੀਪ ਸਿੰਘ ਸਕੱਤਰ, ਬਲਜੀਤ ਸਿੰਘ ਫੌਜੀ ਝਮੇਲ ਵਾਲੀ ਖਜ਼ਾਨਚੀ, ਸੁਰਜੀਤ ਸਿੰਘ ਮੈਂਬਰ, ਰਾਜਪ੍ਰੀਤ ਸਿੰਘ, ਇਕਬਾਲ ਸਿੰਘ ਸਾਬਕਾ ਸਰਪੰ, ਮੈਂਬਰ ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ, ਬਾਬਾ ਸੁਖਚੈਨ ਸਿੰਘ, ਜੈਦੀਪ ਸਿੰਘ, ਕਰਨਪ੍ਰੀਤ ਸਿੰਘ, ਪ੍ਰੈੱਸ ਸਕੱਤਰ ਜਸਵੰਤ ਸਿੰਘ ਪੱਪੂ, ਮੀਤ ਪ੍ਰਧਾਨ ਜਗਦੇਵ ਸਿੰਘ, ਮੀਤ ਪ੍ਰਧਾਨ ਦਰਬਾਰਾ ਸਿੰਘ, ਨਛੱਤਰ ਸਿੰਘ ਆਦਿ ਮੌਜੂਦ ਸਨ।

## ਖੋ-ਖੋ ਮੁਕਾਬਲਿਆਂ 'ਚ ਵਿਜ਼ਡਮ ਸਕੂਲ ਥਾਂਦੇਵਾਲਾ ਦੇ ਵਿਦਿਆਰਥੀਆਂ ਛਾਏ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਈ. ਸੀ. ਐੱਸ. ਈ. ਬੋਰਡ ਵੱਲੋਂ ਜ਼ੋਨਲ ਲੈਵਲ 'ਤੇ ਜੇਤੂ ਵਿਦਿਆਰਥੀਆਂ ਦੇ ਰਿਜਨਲ ਪੱਧਰ 'ਤੇ ਵੱਖ ਵੱਖ ਟੂਰਨਾਮੈਂਟ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਸੋਮਵਾਰ ਨੂੰ ਜੋਗਿੰਦਰਾ ਪਬਲਿਕ ਸਕੂਲ, ਫਿਰੋਜ਼ਪੁਰ ਵੱਲੋਂ ਖੋ-ਖੋ ਟੂਰਨਾਮੈਂਟ ਕਰਵਾਇਆ ਗਿਆ।ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਦੇ ਵਿਦਿਆਰਥੀਆਂ ਨੇ ਤੀਜੀ ਪੁਜ਼ੀਸ਼ਨ ਹਾਸਲ ਕਰਕੇ ਬਰੋਨਜ਼ ਮੈਡਲ ਪ੍ਰਾਪਤ ਕੀਤਾ ਅਤੇ ਆਪਣੇ ਸਕੂਲ ਦਾ ਮਾਣ ਵਧਾਇਆ।ਸਕੂਲ ਦੇ ਚੇਅਰਮੈਨ ਸ੍ਰ. ਜਸਵਿੰਦਰ ਸਿੰਘ ਨੇ ਦੱਸਿਆ ਕਿ ਇਹ ਸਭ ਪ੍ਰਾਪਤੀਆਂ ਬੱਚਿਆਂ ਦੀ ਮਿਹਨਤ ਤੇ ਲਗਨ ਸਦਕਾ ਹੀ ਪ੍ਰਾਪਤ ਹੋਈਆਂ ਹਨ।ਇਸ ਮੌਕੇ ਉਨ੍ਹਾਂ ਸਕੂਲ ਦੇ ਡੀ ਪੀ ਮਿਸਟਰ ਕੁਲਦੀਪ ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੇ ਜੀਵਨ ਦਾ ਆਧਾਰ ਹਨ।ਇਸ ਲਈ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਉਹ ਇਕੱਠੇ ਰਹਿਣਾ, ਅਨੁਸ਼ਾਸਨ 'ਚ ਰਹਿਣਾ, ਮਿਲ ਕੇ ਕੰਮ ਕਰਨਾ ਆਦਿ ਗੁਣ ਵੀ ਸਿੱਖਦੇ ਹਨ।ਸਕੂਲ ਦੇ ਪ੍ਰਿੰਸੀਪਲ ਮੈਡਮ ਸੁਮਨ ਰਾਣੀ ਵੱਲੋਂ ਬੱਚਿਆਂ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਭਾਗ ਲੈਣ ਲਈ ਉਤਸ਼ਾਹਤ ਕੀਤਾ।ਅੰਤ ਵਿੱਚ ਸਕੂਲ ਮੈਨੇਜਮੈਂਟ ਵੱਲੋਂ ਸਕੂਲ ਸਟਾਫ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਮੈਡਮ ਸੋਨੀਆ, ਡੀ ਪੀ ਕੁਲਦੀਪ ਸਰ, ਪੂਨਮ ਸ਼ਰਮਾ ਤੇ ਸਮੂਹ ਸਟਾਫ ਸੀ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

### ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਲਾਗੂ ਕਰਨ ਦਾ ਤੁਰੰਤ ਐਲਾਨ ਕਰੇ

**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਕੀਤੇ ਫੈਸਲਿਆਂ ਤਹਿਤ ਪੰਜਾਬ ਸਰਕਾਰ ਦੇ ਵਾਰ ਵਾਰ ਫਰੰਟ ਦੇ ਆਗੂਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੁਲਤਵੀ ਕਰਨ ਦੇ ਖਿਲਾਫ ਰੋਸ ਪ੍ਰਗਟ ਕਰਨ ਵਾਸਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਕਨਵੀਨਰ ਸੁਬੇਗ ਸਿੰਘ ਅਜੀਜ਼, ਸਹਾਇਕ ਕਨਵੀਨਰ ਡੀਐਸਪੀ ਜਸਪਾਲ ਸਿੰਘ ਪ੍ਰਧਾਨ ਪੁਲਸ ਪੈਨਸ਼ਨਰਜ਼ ਐਸੋਸੀਏਸ਼ਨ, ਪ੍ਰੈਸ ਸਕੱਤਰ ਗੁਰਦੇਵ ਸਿੰਘ ਸਿੱਧੂ ਜਿਲ੍ਹਾ ਪ੍ਰਧਾਨ ਪ ਸ ਸ ਫ (1406-22-ਬੀ ਚੰਡੀਗੜ੍ਹ), ਰਾਮ ਪ੍ਰਸਾਦ ਪ੍ਰਧਾਨ ਦਰਜਾ ਚਾਰ ਮੁਲਾਜ਼ਮ ਯੂਨੀਅਨ, ਅਜੀਤ ਸਿੰਘ ਸੋਢੀ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਬਾਹਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਚੀਮਾ ਦਾ ਪੁਤਲਾ ਫੂਕਿਆ ਗਿਆ ਅਤੇ ਜੰਮ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਫਰੰਟ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਤੇ ਵਿੱਤ ਮੰਤਰੀ ਵਾਰ ਵਾਰ ਮੀਟਿੰਗਾਂ ਦੇ ਕੇ ਭੱਜ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕੀਤੇ ਵਾਅਦੇ ਯਾਦ ਕਰਵਾਉਣ ਲਈ ਪੰਜਾਬ ਭਰ ਵਿੱਚ ਸੰਘਰਸ਼ ਉਲੀਕੇ ਗਏ ਹਨ।ਉਨ੍ਹਾਂ ਕਿਹਾ ਕਿ ਕੀਤੇ ਵਾਅਦਿਆਂ ਤਹਿਤ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਸਾਰੇ ਵਰਗਾਂ ਦੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, 31 ਦਸੰਬਰ 2015 ਤੋਂ ਪਹਿਲਾਂ ਰਿਟਾਇਰ ਸਾਥੀਆਂ ਦੀ ਪੈਨਸ਼ਨ 2.59 ਦੇ ਗੁਣਾਂਕ



ਨਾਲ ਸੁਧਾਈ ਕੀਤੀ ਜਾਵੇ, 66 ਮਹੀਨਿਆਂ ਦਾ ਬਕਾਇਆ ਰਕਮ ਯਕਮੁਸ਼ਤ ਦਿੱਤਾ ਜਾਵੇ, ਮਹਿੰਗਾਈ ਭੱਤੇ ਦੀਆਂ ਪਿਛਲੀਆਂ ਕਿਸ਼ਤਾਂ ਤੇ 13 ਪ੍ਰਤੀਸ਼ਤ ਡੀ ਏ ਸੈਂਟਰ ਸਰਕਾਰ ਦੀ ਤਰਜ਼ 'ਤੇ ਦਿੱਤਾ ਜਾਵੇ, 200 ਰੁਪਏ ਜਜੀਆ ਟੈਕਸ ਬੰਦ ਕੀਤਾ ਜਾਵੇ।

ਬੁਲਾਰਿਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਫਰੰਟ ਨਾਲ ਮੀਟਿੰਗ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇ ਨਹੀਂ ਤਾਂ 23 ਅਗਸਤ 2025 ਨੂੰ ਲੁਧਿਆਣਾ ਵਿਖੇ ਸੂਬਾਈ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਇਸ ਮੌਕੇ ਸੁਬੇਗ ਸਿੰਘ ਅਜੀਜ਼, ਜਸਪਾਲ ਸਿੰਘ ਡੀਐਸਪੀ, ਪ ਸ ਸ ਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਜ਼ਿਲ੍ਹਾ ਜਨਰਲ ਸਕੱਤਰ ਜਗਦੀਪ ਸਿੰਘ ਮਾਂਗਟ, ਰਾਮ ਪ੍ਰਸਾਦ ਪ੍ਰਧਾਨ ਦਰਜਾ ਚਾਰ ਮੁਲਾਜ਼ਮ ਯੂਨੀਅਨ, ਪੰਜਾਬ ਪੈਨਸ਼ਨਰ ਜੂਨੀਅਨ ਆਗੂ ਬਲਵੰਤ ਸਿੰਘ, ਓਮ ਪ੍ਰਕਾਸ਼, ਗੁਰਤੇਜ ਸਿੰਘ, ਮਲਕੀਤ ਚੰਦ ਪਾਸੀ, ਜਸਪਾਲ ਸਿੰਘ ਪੁਲਸ ਵੈੱਲਫੇਅਰ ਐਸੋਸੀਏਸ਼ਨ, ਨਰਿੰਦਰ ਸ਼ਰਮਾ ਪੈਰਾ ਮੈਡੀਕਲ ਯੂਨੀਅਨ, ਬਲਬੀਰ ਸਿੰਘ ਇੰਟਕ, ਮਨੋਹਰ ਲਾਲ ਪੀ ਐਮ ਐਸ ਯੂ, ਚਨਣ ਸਿੰਘ ਪੀ ਐਸ ਪੀ ਸੀ ਐੱਲ, ਅਮੀਰ ਸਿੰਘ ਰੋਡਵੇਜ਼ ਪੈਨਸ਼ਨਰ ਮਨਜੀਤ ਸਿੰਘ ਜੇਲ੍ਹ ਪੈਨਸ਼ਨਰ ਐਸੋਸੀਏਸ਼ਨ, ਗੁਰਪ੍ਰਤਾਪ ਸਿੰਘ ਪ੍ਰਧਾਨ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ, ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਹਿੰਦਰ ਸਿੰਘ ਧਾਲੀਵਾਲ ਆਦਿ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।

## ਬੀ ਐੱਸ ਐੱਫ ਨੇ 'ਹਰ ਘਰ ਤਿਰੰਗਾ' ਮੁਹਿੰਮ ਤਹਿਤ ਵਾਤਾਵਰਣ ਦੀ ਸੰਭਾਲ ਲਈ ਚੁੱਕਿਆ ਕਦਮ

■ ਬੀ ਐੱਸ ਐੱਫ ਦੇ ਜਵਾਨਾਂ ਤੇ ਸਥਾਨਕ ਲੋਕਾਂ ਨੇ 200 ਤੋਂ ਵੱਧ ਪੌਦੇ ਲਗਾਏ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਸ਼ ਭਰ ਵਿੱਚ 'ਹਰ ਘਰ ਤਿਰੰਗਾ' ਮੁਹਿੰਮ-2025 ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ, ਜਿਸ ਤਹਿਤ ਦੇਸ਼ ਭਗਤੀ ਦੀ ਭਾਵਨਾ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਬੀ ਐੱਸ ਐੱਫ ਦੀ 160ਵੀਂ ਬਟਾਲੀਅਨ ਨੇ ਇਸ ਮੁਹਿੰਮ ਨੂੰ ਇੱਕ ਨਵੀਂ ਦਿਸ਼ਾ ਦਿੰਦਿਆਂ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਵੀ ਦਿੱਤਾ ਹੈ। ਬੀਤੇ ਦਿਨ ਬਟਾਲੀਅਨ ਦੇ ਮੁੱਖ ਦਫ਼ਤਰ ਸੀ. ਏ. ਵਾਲਾ ਵਿਖੇ ਇੱਕ ਵਿਸ਼ਾਲ ਬੂਟੇ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨਾ ਸਿਰਫ਼ ਲੋਕਾਂ ਨੂੰ ਤਿਰੰਗੇ ਨਾਲ ਜੋੜਨਾ ਸੀ, ਬਲਕਿ ਵਾਤਾਵਰਣ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਵੀ ਯਾਦ ਕਰਵਾਉਣਾ ਸੀ। ਇਸ ਪ੍ਰੋਗਰਾਮ ਵਿੱਚ ਸਰਹੱਦੀ ਪਿੰਡਾਂ ਦੇ ਲਗਭਗ 25 ਤੋਂ ਵੱਧ ਬਜ਼ੁਰਗਾਂ ਤੇ 80 ਤੋਂ ਵੱਧ ਬੀ ਐੱਸ ਐੱਫ ਦੇ ਜਵਾਨਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਪ੍ਰਧਾਨਗੀ ਕਮਾਂਡੈਂਟ ਪ੍ਰਿਥਵੀ ਸਿੰਘ, 160ਵੀਂ ਬਟਾਲੀਅਨ, ਬੀ ਐੱਸ ਐੱਫ ਤੇ ਮਾਰਕੀਟ ਕਮੇਟੀ ਜਲਾਲਾਬਾਦ (ਪੰਜਾਬ) ਦੇ ਚੇਅਰਮੈਨ ਦੇਵ ਰਾਜ ਸ਼ਰਮਾ ਨੇ ਕੀਤੀ। ਇਸ ਮੌਕੇ ਵੱਖ-ਵੱਖ ਕਿਸਮਾਂ ਦੇ 200 ਤੋਂ ਵੱਧ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ, ਜਿਨ੍ਹਾਂ ਵਿੱਚ ਨਿੰਮ, ਅੰਬ, ਅਮਰੂਦ ਤੇ ਹੋਰ ਕਈ ਪ੍ਰਜਾਤੀਆਂ ਸ਼ਾਮਲ ਸਨ। ਬੀ ਐੱਸ ਐੱਫ ਅਧਿਕਾਰੀਆਂ ਨੇ ਦੱਸਿਆ ਕਿ ਅਜਿਹੇ ਸਮਾਗਮਾਂ ਨਾਲ ਸੁਰੱਖਿਆ ਬਲਾਂ ਤੇ ਸਥਾਨਕ ਨਾਗਰਿਕਾਂ ਵਿਚਕਾਰ ਆਪਸੀ ਤਾਲਮੇਲ ਵਧਦਾ ਹੈ। ਉਨ੍ਹਾਂ ਕਿਹਾ ਕਿ ਬੀ ਐੱਸ ਐੱਫ ਨਾ ਸਿਰਫ਼ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੀ ਹੈ, ਸਗੋਂ ਸਮਾਜਿਕ ਤੇ ਵਾਤਾਵਰਣਕ ਜ਼ਿੰਮੇਵਾਰੀਆਂ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੀ ਹੈ। ਭਵਿੱਖ ਵਿੱਚ ਵੀ 160ਵੀਂ ਬਟਾਲੀਅਨ ਵੱਲੋਂ ਅਜਿਹੇ ਹੋਰ ਪ੍ਰੋਗਰਾਮ ਕੀਤੇ ਜਾਣਗੇ, ਜਿਨ੍ਹਾਂ ਦਾ ਉਦੇਸ਼ ਸਵੱਛ, ਹਰਿਆ-ਭਰਿਆ ਤੇ ਸਿਹਤਮੰਦ ਵਾਤਾਵਰਣ ਬਣਾਉਣਾ ਹੋਵੇਗਾ। ਇਸ ਸਮਾਗਮ ਨੇ 'ਹਰ ਘਰ ਤਿਰੰਗਾ' ਮੁਹਿੰਮ ਨੂੰ ਇੱਕ ਵਿਲੱਖਣ ਤੇ ਸਾਰਥਕ ਪਹਿਲ ਦੇ ਰੂਪ ਵਿੱਚ ਪੇਸ਼ ਕੀਤਾ ਹੈ।

## ਬੱਸ ਪਾਸ ਦੀ ਸਹੂਲਤ ਬਹਾਲ ਕਰਵਾਉਣ ਲਈ ਦਿੱਤਾ ਮੰਗ ਪੱਤਰ



**ਮੂਣਕ (ਰਾਜਪਾਲ ਸਿੰਗਲਾ)**-ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਵੱਲੋਂ ਯੂਨੀਵਰਸਿਟੀ ਕਾਲਜ ਮੂਣਕ ਦੇ ਵਿੱਚ ਰਿਆਇਤੀ ਬੱਸ ਪਾਸ ਦੀ ਸਹੂਲਤ ਬਹਾਲ ਕਰਵਾਉਣ ਸਬੰਧੀ ਕਾਲਜ ਪ੍ਰਿੰਸੀਪਲ ਨੂੰ ਪੰਜਾਬ ਸਰਕਾਰ ਦੇ ਨਾਂ ਮੰਗ ਪੱਤਰ ਦਿੱਤਾ ਗਿਆ।ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਆਗੂ ਅੱਗੋਂ ਹੁਸ਼ਿਆਰ ਸਿੰਘ ਸਲੇਮਗੜ੍ਹ ਨੇ ਦੱਸਿਆ ਕਿ ਹਰ ਨਵੇਂ ਸੈਸ਼ਨ ਤੋਂ ਪੰਜਾਬ ਸਰਕਾਰ ਵੱਲੋਂ ਟ੍ਰਾਂਸਪੋਰਟ ਵਿਭਾਗ ਪੰਜਾਬ ਨੂੰ ਵਿਦਿਆਰਥੀ ਬੱਸ ਬਣਾਉਣ ਸਬੰਧੀ ਮਨਜ਼ੂਰੀ ਦੇਣੀ ਹੁੰਦੀ ਹੈ, ਪ੍ਰੰਤੂ ਇਸ ਵਾਰ ਹਾਲੇ ਤੱਕ ਪੰਜਾਬ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ, ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਤੇ ਵਿਦਿਆਰਥੀਆਂ ਨੂੰ ਆਰਥਿਕ ਬੋਝ ਵੀ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਸ ਪਾਸ ਦੀ ਸਹੂਲਤ 70ਵਿਆਂ ਦੀ ਵਿਦਿਆਰਥੀ ਲਹਿਰ ਨੇ ਸੰਘਰਸ਼ਾਂ ਦੇ ਜ਼ੋਰ ਹਾਸਲ ਕੀਤੀ ਸੀ, ਜਿਸ ਨੂੰ ਸਰਕਾਰਾਂ ਲਗਾਤਾਰ ਖੋਹਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ, ਪਰ ਕਿਸੇ ਵੀ ਕੀਮਤ 'ਤੇ ਬੱਸ ਪਾਸ ਦੀ ਸਹੂਲਤ ਖਤਮ ਨਹੀਂ ਹੋਣ ਦਿੱਤੀ ਜਾਵੇਗੀ। ਵਿਦਿਆਰਥੀ ਲਛਮਣ ਸਿੰਘ ਬਖਸ਼ੀਵਾਲਾ ਨੇ ਕਿਹਾ ਕਿ ਅੱਜ ਕਾਲਜ ਪ੍ਰਿੰਸੀਪਲ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ ਹੈ, ਜਿਸ ਰਾਹੀਂ ਰਿਆਇਤੀ ਬੱਸ ਪਾਸ ਫੌਰੀ ਬਹਾਲ ਕਰਨ, ਪੇਂਡੂ ਇਲਾਕਿਆਂ 'ਚ ਸਰਕਾਰੀ ਬੱਸਾਂ ਚਲਾਉਣ, ਹਰਿਆਣਾ ਦੀ ਤਰਜ਼ 'ਤੇ ਪੰਜਾਬ 'ਚ 90 ਕਿਲੋਮੀਟਰ ਤੱਕ ਬੱਸ ਪਾਸ ਦੀ ਸਹੂਲਤ 'ਚ ਵਾਧਾ ਕਰਨ, ਵਿੱਦਿਅਕ ਸੰਸਥਾਵਾਂ ਅੱਗੇ ਬੱਸਾਂ ਰੋਕਣੀਆਂ ਯਕੀਨੀ ਬਣਾਉਣ ਤੇ ਬੱਸ ਪਾਸ ਸਰਕਾਰੀ ਸਮੇਤ ਸਾਰੀਆਂ ਪ੍ਰਾਈਵੇਟ ਤੇ ਮਿਨੀ ਬੱਸਾਂ 'ਤੇ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਜੇਕਰ ਮੰਗਾਂ ਦਾ ਫੌਰੀ ਹੱਲ ਨਾ ਕੀਤਾ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।।

# ਬਠਿੰਡਾ 'ਚ ਹੋਵੇਗਾ ਭਾਰਤ ਦਾ ਸਭ ਤੋਂ ਇਤਿਹਾਸਕ ਆਲ ਇੰਡੀਆ ਵਪਾਰੀ ਸੰਮੇਲਨ

### ਦੇਸ਼ ਭਰ ਤੋਂ ਵਪਾਰੀ ਤੇ ਕੇਂਦਰ ਸਰਕਾਰ ਦੇ ਮੰਤਰੀ ਵੀ ਕਰਨਗੇ ਸ਼ਿਰਕਤ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੀ ਨਵਗਠਿਤ 21 ਮੈਂਬਰੀ ਕਾਰਜਕਾਰੀ ਦੀ ਪਹਿਲੀ ਬੈਠਕ ਪ੍ਰਦੇਸ਼ ਪ੍ਰਧਾਨ ਅਮਿਤ ਕਪੂਰ ਦੀ ਅਗਵਾਈ ਹੇਠ ਹੋਈ। ਇਸ ਬੈਠਕ ਵਿੱਚ ਸਾਰੇ 21 ਮੈਂਬਰ ਪੂਰੀ ਤਨ-ਮਨ ਨਾਲ ਹਾਜ਼ਰ ਰਹੇ। ਸ਼ੁਰੂਆਤ ਵਿੱਚ ਸਾਰੇ ਮੈਂਬਰਾਂ ਦਾ ਫੁੱਲਾਂ ਦੇ ਗੁਲਦਸਤਿਆਂ ਤੇ ਸਨਮਾਨ ਪੱਤਰਾਂ ਨਾਲ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ, ਜਿਸ ਨਾਲ ਮੀਟਿੰਗ ਦਾ ਮਾਹੌਲ ਹੋਰ ਵੀ ਪ੍ਰੇਰਣਾਦਾਇਕ ਬਣ ਗਿਆ। ਬੈਠਕ ਦੌਰਾਨ ਸਭ ਤੋਂ ਪਹਿਲਾਂ ਵਪਾਰ ਮੰਡਲ ਦੇ ਮੁੱਖ ਉਦੇਸ਼ਾਂ, ਆਉਣ ਵਾਲੇ ਸਮੇਂ ਦੀ ਰਣਨੀਤੀ ਅਤੇ ਸੰਗਠਨਿਕ ਵਿਸਤਾਰ 'ਤੇ ਵਿਸਥਾਰ ਨਾਲ ਵਿਚਾਰ-ਚਰਚਾ ਕੀਤੀ ਗਈ। ਪ੍ਰਧਾਨ ਅਮਿਤ ਕਪੂਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਵੀਂ ਕਾਰਜਕਾਰੀ ਦਾ ਗਠਨ ਨਾ ਸਿਰਫ਼ ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੂੰ ਹੋਰ ਮਜ਼ਬੂਤ ਕਰਨ ਲਈ ਹੈ, ਬਲਕਿ ਵਪਾਰੀ ਹਿੱਤਾਂ ਦੀ ਪੂਰੀ ਰੱਖਿਆ, ਸਮੱਸਿਆਵਾਂ ਦਾ ਹੱਲ ਤੇ ਹਰ ਕਸਬੇ ਤੋਂ ਲੈ ਕੇ ਵੱਡੇ ਸ਼ਹਿਰ ਤੱਕ ਸੰਗਠਨ ਦੀ ਸਰਗਰਮ ਮੌਜੂਦਗੀ ਦਰਜ ਕਰਾਉਣ ਲਈ ਵੀ ਹੈ।

ਉਨ੍ਹਾਂ ਜ਼ੋਰ ਦਿੱਤਾ ਕਿ ਆਉਣ ਵਾਲੇ ਮਹੀਨਿਆਂ ਵਿੱਚ ਮੈਂਬਰਸ਼ਿਪ ਅਭਿਆਨ ਨੂੰ ਹੋਰ ਵੀ ਗਤੀ ਦਿੱਤੀ ਜਾਵੇਗੀ, ਤਾਂ ਜੋ ਵੱਧ ਤੋਂ ਵੱਧ ਵਪਾਰੀ



ਇਸ ਮੰਚ ਨਾਲ ਜੁੜ ਸਕਣ ਤੇ ਇਕੱਠੇ ਹੋ ਕੇ ਆਪਣੀ ਆਵਾਜ਼ ਬੁਲੰਦ ਕਰ ਸਕਣ। ਕਪੂਰ ਨੇ ਸਪੱਸ਼ਟ ਕੀਤਾ ਕਿ ਏਕਤਾ ਹੀ ਵਪਾਰੀਆਂ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਇਸ ਏਕਤਾ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਇੱਕ ਮਹੱਤਵਪੂਰਨ ਐਲਾਨ ਕਰਦੇ ਹੋਏ ਕਿਹਾ ਕਿ ਬਠਿੰਡਾ ਵਿੱਚ ਜਲਦ ਹੀ ਇੱਕ ਭਵਿਆ ਆਲ ਇੰਡੀਆ ਵਪਾਰੀ ਸੰਮੇਲਨ ਕੀਤਾ ਜਾਵੇਗਾ, ਜਿਸ ਵਿੱਚ ਦੇਸ਼ ਭਰ ਤੋਂ ਪ੍ਰਮੁੱਖ ਵਪਾਰੀ ਨੇਤਾ ਸ਼ਾਮਲ ਹੋਣਗੇ ਤੇ ਕੇਂਦਰ ਸਰਕਾਰ ਦੇ ਮੰਤਰੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਦੇਣਗੇ। ਕਪੂਰ ਨੇ ਕਿਹਾ ਕਿ ਇਸ ਸੰਮੇਲਨ ਦਾ ਉਦੇਸ਼ ਸਿਰਫ਼ ਸਮੱਸਿਆਵਾਂ 'ਤੇ ਵਿਚਾਰ ਕਰਨਾ ਨਹੀਂ, ਸਗੋਂ ਉਨ੍ਹਾਂ ਦੇ ਠੋਸ ਤੇ ਕਾਰਗਰ ਹੱਲ ਲਈ ਰਾਹ ਤਲਾਸ਼ਣਾ ਹੋਵੇਗਾ। ਇਹ ਸੰਮੇਲਨ ਵਪਾਰੀ ਭਾਈਚਾਰੇ ਲਈ ਨਵੀਂ ਉਮੀਦ ਤੇ ਦਿਸ਼ਾ ਪ੍ਰਦਾਨ ਕਰੇਗਾ। ਮੀਟਿੰਗ ਵਿੱਚ ਸਾਰੇ ਮੈਂਬਰਾਂ ਨੇ ਇਕੱਠੇ ਮਿਲ ਕੇ ਸੁਝਾਅ ਦਿੱਤੇ ਕਿ ਕਸਬਾ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਸੰਗਠਨ ਦੀ ਪਕੜ ਮਜ਼ਬੂਤ ਬਣਾਈ ਜਾਵੇ। ਵਪਾਰੀ ਵਰਗ ਨੂੰ ਜੋੜਨ ਲਈ ਵਿਸਤ੍ਰਿਤ ਜਾਗਰੂਕਤਾ ਅਭਿਆਨ ਚਲਾਉਣ ਦਾ ਵੀ ਫ਼ੈਸਲਾ ਲਿਆ ਗਿਆ, ਤਾਂ ਜੋ ਹਰ ਵਪਾਰੀ ਤੱਕ ਸੰਗਠਨ ਦੀ ਪਹੁੰਚ ਹੋ ਸਕੇ। ਬੈਠਕ ਵਿੱਚ ਜਲਾਲਾਬਾਦ ਤੋਂ ਅਸ਼ੋਕ ਅਨੇਜਾ, ਕੈਂਡੀ ਨਾਗਪਾਲ, ਸੁਰਿੰਦਰ ਪੁੰਛੀ, ਮਲੋਟ ਤੋਂ ਰਾਜ ਰੇਸਵਾਣ, ਗਿੱਦੜਬਾਹਾ ਤੋਂ ਸੁਰਿੰਦਰ ਸਿੰਧੀ, ਫਰੀਦਕੋਟ ਤੋਂ ਰਾਜਨ ਠਾਕੁਰ, ਫਿਰੋਜ਼ਪੁਰ ਤੋਂ ਸਤਪਾਲ ਸਚਦੇਵਾ, ਗੁਲਸ਼ਨ ਸਚਦੇਵਾ, ਭੁੱਚੋ ਤੋਂ ਸੁਸ਼ੀਲ ਨਾਗਪਾਲ, ਰਾਜਪੁਰਾ ਤੋਂ ਰਾਜਿੰਦਰ ਨਿਰੰਕਾਰੀ, ਰਾਮਪੁਰਾ ਤੋਂ ਸੁਨੀਲ ਬਿੱਟਾ, ਬਠਿੰਡਾ ਤੋਂ ਕਰਤਾਰ ਸਿੰਘ ਜੌੜਾ, ਕੇ. ਕੇ. ਮਹੇਸ਼ਵਰੀ, ਜੀਵਨ ਗੋਇਲ, ਦੀਪਾਂਸ਼ ਮਿੱਤਲ, ਰਾਮਾ ਸ਼ੰਕਰ ਅਤੇ ਦੇਵਾਸ਼ੀਸ਼ ਕਪੂਰ ਸਮੇਤ ਸਾਰੇ ਅਹੁਦੇਦਾਰ ਹਾਜ਼ਰ ਰਹੇ।

## ਸ਼੍ਰੋਮਣੀ ਅਕਾਲੀ ਦਲ (ਅ) ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲੜਨ ਲਈ ਤਿਆਰ : ਭੁੱਲਰ

■ 14 ਨੂੰ ਪਟਿਆਲਾ 'ਚ ਮਨਾਇਆ ਜਾਵੇਗਾ ਕਾਲਾ ਦਿਵਸ : ਬਾਦਸ਼ਾਹਪੁਰ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹਲਕਾ ਧੂਰੀ ਦੀ ਮੀਟਿੰਗ ਐਤਵਾਰ ਸ਼ਾਮ ਨੂੰ ਸਥਾਨਕ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਵਰਕਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ 'ਚ ਹੋਈ ਵਿਚਾਰ ਚਰਚਾ ਦੌਰਾਨ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਗੁਰਨੈਬ ਸਿੰਘ ਰਾਮਪੁਰ, ਵਰਕਿੰਗ ਕਮੇਟੀ ਮੈਂਬਰ ਤੇ ਇੰਚਾਰਜ ਮੁਲਾਜ਼ਮ ਵਿੰਗ ਵਾਸਵੀਰ ਸਿੰਘ ਭੁੱਲਰ, ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਅਮਰਜੀਤ ਸਿੰਘ ਬਾਦਸ਼ਾਹਪੁਰ ਤੇ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਜਥੇਦਾਰ ਬਹਾਦਰ ਸਿੰਘ ਭਸੌੜ ਨੇ ਕਿਹਾ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਚੱਲ ਰਹੀ ਭਰਤੀ ਪ੍ਰਕਿਰਿਆ ਨੂੰ ਹਲਕਾ ਧੂਰੀ ਅੰਦਰ ਅਗਲੇ ਦਸ ਦਿਨਾਂ 'ਚ ਪੂਰਾ ਕਰ ਲਿਆ ਜਾਵੇਗਾ ਤੇ ਵੱਧ ਤੋਂ ਵੱਧ ਮੈਂਬਰਸ਼ਿਪ ਕੀਤੀ ਜਾਵੇਗੀ।ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਬਾਰੇ ਕਿਹਾ ਗਿਆ ਕਿ ਇਨ੍ਹਾਂ ਚੋਣਾਂ ਲਈ ਪਾਰਟੀ ਪੂਰੀ ਤਰ੍ਹਾਂ ਤਿਆਰ ਹੈ, ਪਰ ਉਮੀਦਵਾਰ ਉਦੋਂ ਐਲਾਨੇ ਜਾਣਗੇ ਜਦੋਂ ਪੰਜਾਬ ਸਰਕਾਰ ਇਨ੍ਹਾਂ ਚੋਣਾਂ ਬਾਰੇ ਨੋਟੀਫਿਕੇਸ਼ਨ ਜਾਰੀ ਕਰੇਗੀ।ਮੀਟਿੰਗ 'ਚ ਦੱਸਿਆ ਕਿ ਪਾਰਟੀ ਹਾਈਕਮਾਨ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਆਜ਼ਦੀ ਦਿਹਾੜੇ ਤੋਂ ਇੱਕ ਦਿਨ ਪਹਿਲਾਂ 14 ਅਗਸਤ ਨੂੰ ਪਟਿਆਲਾ ਵਿਖੇ ਕਾਲਾ ਦਿਵਸ ਮਨਾਇਆ ਜਾਵੇਗਾ, ਜਿਸ ਵਿੱਚ ਜ਼ਿਲ੍ਹਾ ਸੰਗਰੂਰ ਤੋਂ ਵਰਕਰ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨਗੇ ਤੇ 20 ਅਗਸਤ ਨੂੰ ਪਿੰਡ ਖੜਿਆਲ ਵਿਖੇ ਵੱਡਾ ਪ੍ਰੋਗਰਾਮ ਕਰਕੇ ਗ੍ਰਿਫਤਾਰ ਦਿਵਸ ਮਨਾਇਆ ਜਾਵੇਗਾ, ਜਿੱਥੋਂ ਪਰਜਾ ਮੰਡਲ ਲਹਿਰ ਦੇ ਆਗੂ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਵਿੱਚ ਧੂਰੀ ਹਲਕੇ ਦੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ, ਨਰਿੰਦਰ ਸਿੰਘ ਕਾਲਾਬੂਲਾ, ਹਰਚਰਨ ਸਿੰਘ ਜੇ ਈ, ਸਾਧੂ ਸਿੰਘ ਪੇਧਨੀ, ਨਿਰਮਲ ਸਿੰਘ ਕਾਂਝਲਾ, ਈਸ਼ਰ ਸਿੰਘ ਕਾਂਝਲਾ, ਹਰਮਿੰਦਰ ਸਿੰਘ ਲਾਲੀ ਬਾਬਾ, ਮਨਜੀਤ ਸਿੰਘ ਧਾਮੀ, ਤਰਿੰਦਰ ਸਿੰਘ ਅਲਾਲ ਤੇ ਪ੍ਰਿਤਪਾਲ ਸਿੰਘ ਘਨੌਰ ਆਦਿ ਮੌਜੂਦ ਸਨ।

# ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਲੈਂਡ ਪੂਲਿੰਗ ਖ਼ਿਲਾਫ਼ ਪਟਿਆਲ਼ਾ 'ਚ ਵਿਸ਼ਾਲ ਰੈਲੀ

■ ਹਰਪ੍ਰੀਤ ਨੂੰ ਨਵਾਂ ਪ੍ਰਧਾਨ ਬਣਾਉਣਾ ਏਜੰਸੀਆਂ ਦੀਆਂ ਚਾਲਾਂ : ਸੁਖਬੀਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਵੇਂ ਧੜੇ ਦਾ ਪ੍ਰਧਾਨ ਬਣਨ 'ਤੇ ਤੰਜ ਕਸਦਿਆਂ ਆਖਿਆ ਕਿ ਹਰਪ੍ਰੀਤ ਨੂੰ ਨਵਾਂ ਪ੍ਰਧਾਨ ਬਣਾਉਣਾ ਏਜੰਸੀਆਂ ਦੀਆਂ ਚਾਲਾਂ ਹਨ, ਕਿਉਂਕਿ ਇਨ੍ਹਾਂ ਦਾ ਮਕਸਦ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਤਮ ਕਰਨਾ ਹੈ।ਸੁਖਬੀਰ ਸਿੰਘ ਬਾਦਲ ਅੱਜ ਲੈਂਡ ਪੂਲਿੰਗ ਪਾਲਿਸੀ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਟਿਆਲਾ ਵਿਖੇ ਰੱਖੇ ਇਕੱਠ ਨੂੰ ਸੰਬੋਧਨ ਕਰਨ ਪੁੱਜੇ ਸਨ। ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਚੰਗਾ ਹੋਇਆ ਸ਼੍ਰੋਮਣੀ ਅਕਾਲੀ ਦਲ ਦਾ ਗਦਾਰ ਲੀਡਰਾਂ ਤੋਂ ਖਹਿੜਾ ਛੁੱਟਿਆ।ਉਨ੍ਹਾਂ ਕਿਹਾ ਕਿ ਮੈਨੂੰ ਲੀਡਰਾਂ ਦੀ ਨਹੀਂ ਸਗੋਂ ਵਰਕਰਾਂ ਦੀ ਲੋੜ ਹੈ ਜੋ ਕਿ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ।

ਸੁਖਬੀਰ ਬਾਦਲ ਨੇ ਆਖਿਆ ਕਿ ਪੰਜਾਬ ਬਚਾਉਣ ਲਈ ਹੁਣ ਸਮਾਂ ਆ ਗਿਆ ਹੈ ਕਿ ਗਦਾਰਾਂ ਨੂੰ ਪਛਾਣ ਕੇ ਖੇਤਰੀ ਪਾਰਟੀ ਨੂੰ ਮਜ਼ਬੂਤ ਕਰੋ ਤਾਂ ਜੋ ਪੰਜਾਬ ਨੂੰ ਮੁੜ ਲੀਹਾਂ ਤੇ ਲਿਆਂਦਾ ਜਾ ਸਕੇ ਕਿਉਂਕਿ ਸਾਰੀ ਪਾਰਟੀਆਂ ਦਿੱਲੀ ਤੋਂ ਚਲਦੀਆਂ ਹਨ ਤੇ ਇਨ੍ਹਾਂ ਦਾ ਮਕਸਦ ਪੰਜਾਬ ਨੂੰ ਲੁੱਟਣਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮਕਸਦ ਵੀ ਇਹੀ ਹੈ, ਜਿਸ ਲਈ ਇਨ੍ਹਾਂ ਨੇ ਦਿੱਲੀ ਤੋਂ ਨਕਾਰੇ ਹੋਏ ਆਗੂ ਪੰਜਾਬ ਸੰਭਾਲਣ ਲਈ ਲਗਾਏ ਹਨ।ਸੁਖਬੀਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਿਰਫ਼ ਫੋਟੋਆਂ ਖਿਚਵਾਉਣ ਲਈ ਹੀ ਰੱਖਿਆ ਹੋਇਆ ਹੈ ਬਾਕੀ ਕੰਮ ਕੇਜਰੀਵਾਲ ਤੇ ਉਸ ਦੀ ਟੀਮ ਦੇਖਦੀ ਹੈ। ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਨਾਮ ਲਏ ਬਗੈਰ ਬਾਦਲ ਨੇ ਆਖਿਆ ਕਿ ਨਵੇਂ ਬਣੇ ਪੰਥ ਹਤੈਸ਼ੀਆਂ ਬਾਰੇ ਸਭ ਨੂੰ ਪਤਾ ਹੈ ਕਿ ਉਨ੍ਹਾਂ ਦੇ ਘਰ ਵਿੱਚ ਹੀ ਨਸ਼ਾ ਵਗਦਾ ਹੈ, ਇਸ ਲਈ ਅਜਿਹੇ ਲੋਕਾਂ ਦੇ ਸਬਜ਼ਬਾਗ ਵਿੱਚ ਨਾ ਆ ਕੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰੋ ਤਾਂ ਕਿ ਖੇਤਰੀ ਪਾਰਟੀ ਹੋਣ ਦੇ ਨਾਤੇ ਪੰਜਾਬ ਨੂੰ ਬਚਾਇਆ ਜਾ ਸਕੇ।ਲੈਂਡ ਪੂਲਿੰਗ ਨੀਤੀ ਖਿਲਾਫ ਸੁਖਬੀਰ ਬਾਦਲ ਨੇ ਆਖਿਆ ਕਿ ਕੇਜਰੀਵਾਲ ਨੇ ਦਿੱਲੀ ਦੇ ਬਿਲਡਰਾਂ ਨਾਲ ਸਮਝੌਤਾ ਕਰਕੇ ਇਹ ਨੀਤੀ ਲਿਆਂਦੀ ਹੈ, ਜਿਨ੍ਹਾਂ ਦਾ ਮਕਸਦ ਪੰਜਾਬ ਨੂੰ ਉਜਾੜਨਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਇੱਕ ਇੰਚ ਜ਼ਮੀਨ ਵੀ ਬਿਲਡਰਾਂ ਨੂੰ ਨਹੀਂ ਦੇਣ ਦਿੱਤੀ ਜਾਵੇਗੀ।

ਇਸ ਮੌਕੇ ਕਈ ਹੋਰਨਾਂ ਅਕਾਲੀ ਆਗੂਆਂ ਨੇ ਵੀ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਲੈਂਡ ਪਾਲਿਸੀ ਖਿਲਾਫ਼ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

## ਗਾਇਕ ਹਰਦੀਪ ਪੰਜਾਬੀ 'ਵਰਸਿਟੀ ਦੀ 'ਸਲਾਹਕਾਰ ਕਮੇਟੀ' 'ਚ ਮੈਂਬਰ ਨਿਯੁਕਤ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਪ੍ਰੋ. ਭੀਮ ਇੰਦਰ ਸਿੰਘ ਦੇ ਹਸਤਾਖਰਾਂ ਹੇਠ ਜਾਰੀ ਕੀਤੇ ਗਏ ਪੱਤਰ ਅਨੁਸਾਰ ਪੰਜਾਬੀ ਦੇ ਪ੍ਰਸਿੱਧ ਗਾਇਕ ਹਰਦੀਪ ਨੂੰ ਅਕਾਦਮਿਕ ਸਾਲ 2025-2026 ਲਈ ਸਲਾਹਕਾਰ ਕਮੇਟੀ ਦਾ ਬਤੌਰ ਮੈਂਬਰ ਨਿਯੁਕਤ ਕੀਤਾ ਗਿਆ ਹੈ।ਪ੍ਰੋ. ਭੀਮ ਇੰਦਰ ਸਿੰਘ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਲਈ ਕਰਵਾਈਆਂ ਜਾਣ ਵਾਲੀਆਂ ਸੱਭਿਆਚਾਰਕ ਗਤੀਵਿਧੀਆਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਵਾਈਸ ਚਾਂਸਲਰ ਵਲੋਂ ਵੱਖ-ਵੱਖ ਕਲਾਵਾਂ ਦੇ ਖੇਤਰਾਂ ਵਿੱਚ ਆਪ ਦੇ ਯੋਗਦਾਨ ਨੂੰ ਦੇਖਦੇ ਹੋਏ ਬਤੌਰ ਮੈਂਬਰ ਨਿਯੁਕਤੀ ਕੀਤੀ ਗਈ ਹੈ।ਇਸ ਸਬੰਧੀ ਪੰਜਾਬੀ ਦੇ ਪ੍ਰਸਿੱਧ ਗੀਤਕਾਰ ਸ਼ਮਸ਼ੇਰ ਸੰਧੂ, ਥੀਏਟਰ ਤੇ ਫ਼ਿਲਮਾਂ ਦੇ ਅਦਾਕਾਰ ਅਤੇ ਲਾਈਨ ਨਿਰਮਾਤਾ ਦਰਸ਼ਨ ਔਲਖ, ਹਰੀ ਓਮ ਜਲੋਟਾ, ਅਮਰਜੀਤ ਨਰਾਇਣ ਤੇ ਗੁਰਦੇਵ ਨੇ ਗਾਇਕ ਹਰਦੀਪ ਨੂੰ ਇਸ ਜ਼ਿੰਮੇਵਾਰੀ ਲਈ ਵਧਾਈ ਦਿੰਦੇ ਹੋਏ ਕਿਹਾ ਕਿ ਗਾਇਕ ਹਰਦੀਪ ਦਾ ਲੰਮੇ ਸਮੇਂ ਦਾ ਤਜਰਬਾ ਤੇ ਉਨ੍ਹਾਂ ਦੀ ਸਾਫ਼ ਸੁਥਰੀ ਅਤੇ ਮਿਆਰੀ ਗਾਇਕੀ ਨਿਸ਼ਚੇ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਲਈ ਕਾਰਗਰ ਸਾਬਿਤ ਹੋਵੇਗੀ।ਇਸੇ ਦੌਰਾਨ ਗਾਇਕ ਹਰਦੀਪ ਨੇ ਗੱਲ ਕਰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਨਾਲ ਉਸ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਵੀ ਵਧੇਰੇ ਵਧ ਗਈ ਹੈ ਅਤੇ ਉਹ ਕੋਸ਼ਿਸ਼ ਕਰਨਗੇ ਕਿ ਸੱਭਿਆਚਾਰਕ ਗਤੀਵਿਧੀਆਂ ਦੇ ਮਿਆਰ ਨੂੰ ਹਰ ਪੱਖ ਤੋਂ ਉੱਚਾ ਤੇ ਵਧੀਆ ਬਣਾਇਆ ਜਾ ਸਕੇ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ ਅਰਥੀ ਫੂਕ ਮੁਜ਼ਾਹਰਾ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫਿਸ ਯੂਨਿਟ ਪਟਿਆਲਾ ਦੀ ਮੀਟਿੰਗ ਅਣਖੀ ਭਵਨ ਪਟਿਆਲਾ ਵਿਖੇ ਸ੍ਰ: ਭਿੰਦਰ ਸਿੰਘ ਯੂਨਿਟ ਪ੍ਰਧਾਨ ਦੀ ਪ੍ਰਧਾਨਗੀ ਹੋਈ।ਇੰਜ. ਹਰਜੀਤ ਸਿੰਘ ਨੇ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੂੰ ਮਹੀਨੇ ਦੇ ਲੰਘੇ ਦੂਜੇ ਸ਼ਨਿੱਚਰਵਾਰ ਨੂੰ ਰੱਖੜੀ ਦਿਵਸ ਦੀਆਂ ਵਧਾਈਆਂ ਦੇਣ ਉਪਰੰਤ ਸਤਿਕਾਰਯੋਗ ਮੈਂਬਰ ਇੰਜ. ਅਮਰਜੀਤ ਸਿੰਘ ਵਾਲੀਆ ਸਾਬਕਾ ਮੁੱਖ ਇੰਜੀਨੀਅਰ ਦੀ ਧਰਮ ਪਤਨੀ ਸ਼੍ਰੀਮਤੀ ਭੁਪਿੰਦਰ ਕੌਰ ਦੀ ਮੌਤ ਹੋਣ ਕਾਰਨ ਵਿੱਛੜੀ ਰੂਹ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।ਵਿੱਛੜੀ ਰੂਹ ਦਾ ਪੰਜਾਬੀ ਸਹਿਤ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ।ਮੀਟਿੰਗ ਵਿੱਚ ਇੰਜ: ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ ਤੇ ਮੁੱਖ ਆਰਗੇਨਾਈਜ਼ਰ, ਮਲਕੀਅਤ ਸਿੰਘ ਯੂਨਿਟ ਸਰਪ੍ਰਸਤ ਨੇ ਪਾਵਰਕਾਮ ਤੇ ਪੰਜਾਬ ਸਰਕਾਰ ਦੀ ਕਰੜੀ ਅਲੋਚਨਾ ਕਰਦਿਆਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਦਿੱਤੇ ਗਏ ਅਰਥੀ ਫੂਕ ਮੁਜ਼ਾਹਰੇ ਤੇ ਪ੍ਰਦਰਸ਼ਨ ਦੇ ਕੀਤੇ ਫੈਸਲੇ ਦੀ ਹਮਾਇਤ ਵਿੱਚ ਸਰਕਾਰ ਵਿਰੁੱਧ ਨਿਖੇਧੀ ਮਤਾ ਪਾਸ ਕੀਤਾ ਗਿਆ। ਸਾਂਝੇ ਫਰੰਟ ਦੇ ਫੈਸਲੇ ਦੀ ਪ੍ਰੋੜਤਾ ਵਿੱਚ ਪੰਜਾਬ ਦੇ ਮੁੱਖ ਮੰਤਰੀ ਦਾ ਭਰੇ ਬਜ਼ਾਰ ਜਨਤਾ ਸਨਮੁੱਖ ਗੁੱਸਾ ਜ਼ਾਹਰ ਕਰਦੇ ਹੋਏ ਅਰਥੀ ਫੂਕੀ ਗਈ।ਜਨਤਾ ਨੂੰ ਜਾਣੂ ਕਰਵਾਇਆ ਕਿ ਅਜਿਹੇ ਪ੍ਰਦਰਸ਼ਨਾਂ ਲਈ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ, ਕਿਉਂਕਿ ਸਰਕਾਰ ਸਾਂਝੇ ਫਰੰਟ ਵਾਰ ਵਾਰ ਲਿਖਤੀ ਮੀਟਿੰਗਾਂ ਦੇ ਕੇ ਹਰ ਵਾਰ ਮੀਟਿੰਗ ਲਈ ਦਿੱਤੇ ਵਕਤ ਤੇ ਭੱਜ ਜਾਂਦੀ ਹੈ।ਸ੍ਰ: ਭਿੰਦਰ ਸਿੰਘ ਚਹਿਲ ਪ੍ਰਧਾਨ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਪੈਨਸ਼ਨਰਾਂ ਦੀ ਮੰਗਾਂ ਜਿਵੇਂ ਕਿ 01.01.2016 ਤੋਂ ਪਹਿਲਾਂ ਰਿਟਾਇਰ ਪੈਨਸ਼ਨਰਾਂ ਨੂੰ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਦੇਣ ਦੀ ਮੰਗ ਕਰਦੇ ਹੋਏ ਪਾਵਰਕਾਮ ਮੈਨੇਜਮੈਂਟ ਨੂੰ ਵੀ ਕਰੜੇ ਹੱਥੀਂ ਲੈਂਦਿਆਂ ਹੋਇਆ ਹੈਰਾਨੀ ਪ੍ਰਗਟਾਈ ਗਈ ਕਿ ਪਾਵਰਕਾਮ ਦੀਆਂ ਹਦਾਇਤਾਂ ਦੀ ਜ਼ਮੀਨੀ ਪੱਧਰ 'ਤੇ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ, ਕਿਉਂਕਿ ਮੈਨੇਜਮੈਂਟ ਵੱਲੋਂ ਪੇ-ਕਮਿਸ਼ਨ ਦੇ ਬਕਾਇਆ ਦੀ ਅਦਾਇਗੀ ਲਈ ਜਾਰੀ ਕੀਤੇ ਸ਼ਡਿਊਲ ਦੀ ਪਾਲਣਾ ਨਹੀਂ ਹੋ ਰਹੀ ਹੈ।ਪੈਨਸ਼ਨਰ ਵਰਗ ਤੁੱਛ ਪੈਨਸ਼ਨਰਾਂ ਤੋਂ ਸਿਵਾਏ ਮੈਨੇਜਮੈਂਟ ਦੀਆਂ ਹਦਾਇਤਾਂ ਦੇ ਬਾਵਜੂਦ ਬਕਾਇਆ ਦੀ ਉਡੀਕ ਕਰ ਰਿਹਾ ਹੈ ਤੇ ਸਮੇਂ ਸਮੇਂ ਸਿਰ ਜਥੇਬੰਦੀ ਦੇ ਵਫ਼ਦਾਂ ਨੂੰ ਝੂਠੇ ਦਿਲਾਸੇ ਦਿੱਤੇ ਜਾ ਰਹੇ ਹਨ, ਜੋ ਕਿ ਨਿੰਦਣਯੋਗ ਵਰਤਾਰਾ ਹੈ।ਮੀਟਿੰਗ ਵਿੱਚ ਗੱਜਣ ਸਿੰਘ ਮੀਡੀਆ ਸਲਾਹਕਾਰ ਸੂਬਾ ਕਮੇਟੀ ਤੇ ਯੂਨਿਟ, ਇੰਜ. ਜਗਤਾਰ ਸਿੰਘ ਕੈਸ਼ੀਅਰ, ਇੰਜ ਕਰਤਾਰ ਸਿੰਘ ਸਲਾਹਕਾਰ, ਭੁਪਿੰਦਰ ਸਿੰਘ ਮੀਤ ਪ੍ਰਧਾਨ, ਇੰਜ. ਅਮਰਜੀਤ ਸਿੰਘ ਵਾਲੀਆ ਸਾਬਕਾ ਮੁੱਖ ਇੰਜੀਨੀਅਰ, ਗੁਰਦੀਪ ਸਿੰਘ, ਓ ਪੀ ਚਾਵਲਾ, ਇੰਜ ਸਤਪਾਲ ਸ਼ਰਮਾ, ਅਮਰੀਕ ਸਿੰਘ, ਮਨਮੋਹਨ ਸਿੰਘ ਐਡੀਟਰ, ਰੁਪਿੰਦਰ ਸਿੰਘ ਕੰਧੋਲਾ, ਗੌਰੀ ਸ਼ੰਕਰ, ਰੇਸ਼ਮ ਸਿੰਘ ਮਾਨ ਤੇ ਬਹੁਤਾਤ ਗਿਣਤੀ ਮੈਂਬਰ ਸ਼ਾਮਲ ਸਨ।


**punjab national bank** ...Together for the better

ARMB - JALANDHAR
Company Bagh, Civil Lines, Jalandhar (144001)
Phone : 0181-4697613, email : cs8249@pnb.co.in

**ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

**ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ ਜਿਨ੍ਹਾਂ ਦਾ ਬੈਂਕ ਦੇ ਅਧਿਕਾਰਤ ਅਫਸਰ/ਸਕਿਉਰਡ ਕ੍ਰੈਡਿਟਰ ਵੱਲੋਂ ਰਚਨਾਤਕਮਕ/ਭੌਤਿਕ/ਸੰਕੇਤਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ, ਸੰਬੰਧਤ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਬੈਂਕ/ਸਕਿਉਰਡ ਕ੍ਰੈਡਿਟਰ ਦੀ ਬਕਾਇਆ ਰਕਮ ਵਸੂਲਣ ਲਈ, ਹੇਠਾਂ ਦਰਸਾਈ ਸਾਰਣੀ 'ਚ ਦਰਸਾਈ ਮਿਤੀ 'ਤੇ "ਜਿਵੇਂ ਹੈ ਜਿਥੇ ਹੈ", "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਡਿਪਾਜ਼ਟ ਸੰਬੰਧਤ ਜਾਇਦਾਦਾਂ ਵਿਰੁੱਧ ਹੇਠਾਂ ਦਰਸਾਈ ਸਾਰਣੀ ਅਨੁਸਾਰ ਹੋਵੇਗੀ।

| ਲੌਟ ਨੰਬਰ | ਬਰਾਂਚ ਦਾ ਨਾਂਅ / ਨਿਲਾਮੀ ਦਾ ਹਵਾਲਾ ਨੰਬਰ / ਖਾਤੇ ਦਾ ਨਾਂਅ / ਕਰਜ਼ਦਾਰ/ਗਰੰਟਰਾਂ ਦੇ ਖਾਤੇ ਦਾ ਨਾਂਅ ਅਤੇ ਪਤੇ | ਰਹਿਣ ਕੀਤੀਆਂ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂਅ (ਜਾਇਦਾਦਾਂ ਦਾ ਰਹਿਣਕਾਰ) | (ਏ) ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ ਦੀ ਮਿਤੀ<br>(ਬੀ) ਬਕਾਇਆ ਰਕਮ<br>(ਸੀ) ਸਰਫੇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜੇ ਦੀ ਮਿਤੀ<br>(ਡੀ) ਕਬਜ਼ੇ ਦੀ ਕਿਸਮ ਸੰਕੇਤਕ, ਭੌਤਿਕ, ਰਚਨਾਤਮਕ | (ਏ) ਰਾਖਵੀਂ ਕੀਮਤ (ਰੁ: ਲੱਖਾਂ 'ਚ)<br>(ਬੀ) ਈ ਐੱਮ ਡੀ<br>(ਸੀ) ਬੋਲੀ ਵਾਧਾ ਰਕਮ | (ਈ)-ਨਿਲਾਮੀ ਦੀ ਮਿਤੀ/ਸਮਾਂ | ਸਕਿਉਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਜੋਖਮਾਂ ਦੇ ਵੇਰਵੇ |
|---|---|---|---|---|---|---|
| 1. | PNB- 351100-JALANDHAR, G.T. ROAD<br>PUNB3511KK1, PUNB3511KK2<br>ਮੈਸ: ਕੇ.ਕੇ. ਇੰਟਰਪ੍ਰਾਈਜਜ਼, ਦੁਕਾਨ ਨੰ. 46-47, ਭਾਈ ਦਿੱਤ ਸਿੰਘ ਨਗਰ, ਨੇੜੇ ਭਗਤ ਸਿੰਘ ਚੌਂਕ, ਜਲੰਧਰ-144001<br>1. ਸ੍ਰੀ ਵਿਜੇ ਕੁਮਾਰ ਗੋਇਲ ਪੁੱਤਰ ਸ੍ਰੀ ਬੀ.ਆਰ. ਗੋਇਲ, 365-ਰਮਨੀਕ ਐਵੇਨਿਊ, ਪਠਾਨਕੋਟ ਬਾਈਪਾਸ, ਜਲੰਧਰ-144004<br>2. ਸ੍ਰੀਮਤੀ ਵੰਦਨਾ ਅੱਗਰਵਾਲ ਪਤਨੀ ਸ੍ਰੀ ਵਿਜੇ ਕੁਮਾਰ ਗੋਇਲ ਪੁੱਤਰ ਸ੍ਰੀ ਬੀ.ਆਰ. ਗੋਇਲ. 365-ਰਮਨੀਕ ਐਵੇਨਿਊ, ਪਠਾਨਕੋਟ ਬਾਈਪਾਸ, ਜਲੰਧਰ-144004 | 1. ਜਾਇਦਾਦ ਪਲਾਟ ਨੰ. 37-ਏ, ਰਕਬਾ 9 ਮਰਲੇ, ਬੈਨਾਮਾ ਨੰ. 1236, ਮਿਤੀ 18.11.2013, ਪਿੰਡ ਸਦਾ ਚੱਕ, ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਮਲਕੀਅਤ : ਸ੍ਰੀਮਤੀ ਵੰਦਨਾ ਅਗਰਵਾਲ ਪਤਨੀ ਸ੍ਰੀ ਵਿਜੇ ਕੁਮਾਰ। | (ਏ) 07.07.2015<br>(ਬੀ) ਰੁ: 39,38,124.00+ 07.07.2015 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 06.10.2015<br>(ਡੀ) ਭੌਤਿਕ ਕਬਜ਼ਾ | Rs. 10,55,827/-<br>Rs. 1,06,000/-<br>Rs. 50,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |
| | | 2. ਪਲਾਟ ਨੰ. 37-ਬੀ, ਰਕਬਾ 9 ਮਰਲੇ, ਬੈਨਾਮਾ 1185 ਮਿਤੀ 08.11.2013, ਪਿੰਡ ਸਦਾ ਚੱਕ, ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਮਲਕੀਅਤ : ਵਿਜੇ ਕੁਮਾਰ ਪੁੱਤਰ ਸ੍ਰੀ ਬੀ ਆਰ ਗੋਇਲ। | (ਏ) 07.07.2015<br>(ਬੀ) ਰੁ: 39,38,124.00+ 07.07.2015 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 06.10.2015<br>(ਡੀ) ਭੌਤਿਕ ਕਬਜ਼ਾ | Rs. 10,99,560/-<br>Rs. 1,10,000/-<br>Rs. 50,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |
| 2. | 484400-JALANDHAR, BABA MOHAN DASS NAGAR<br>PUNB56G28519475<br>ਸ੍ਰੀ ਕੁਲਵੀਰ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ (ਕਰਜ਼ਦਾਰ) ਸ੍ਰੀਮਤੀ ਜਸਵੀਰ ਕੌਰ ਪਤਨੀ ਸ੍ਰੀ ਕੁਲਵੀਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ)<br>ਪਤਾ : 1-ਮਕਾਨ ਨੰ. 777, ਕਰੋਲ ਬਾਗ, ਨੇੜੇ ਜੀ ਐੱਨ ਡੀ ਯੂ ਕੈਂਪਸ, ਜਲੰਧਰ-144007 | 2. ਰਿਹਾਇਸ਼ੀ ਜਾਇਦਾਦ ਮਕਾਨ ਨੰ. 9, ਰਕਬਾ 05 ਮਰਲੇ 206 ਵਰਗ ਫੁੱਟ (1 ਮਰਲਾ=272 ਵਰਗ ਫੁੱਟ) ਜੋ ਕਿ 1566 ਵਰਗ ਫੁੱਟ ਹੈ) (29'×54') ਖਸਰਾ ਨੰ. 34//9/1, 34//9/2, 34//12, 34//19, 34//21, 34//22/1, ਖੱਤਾ/ਖਤੌਨੀ ਨੰ. 357/401, ਹਦਬਸਤ ਨੰ. 216, ਜਮ੍ਹਾਂਬੰਦੀ ਸਾਲ 2014-15, ਬੈਨਾਮਾ ਨੰ. 2020-21/186/1/2546 ਮਿਤੀ 31.08.2020, ਸਬ-ਰਜਿਸਟਰਾਰ ਜਲੰਧਰ-1 ਕੋਲ ਰਜਿਸਟਰਡ, ਜ਼ਿਲ੍ਹਾ ਜਲੰਧਰ ਦਾ ਉਚਿਤ ਗਿਰਵੀਨਾਮਾ। ਹੱਦਾਂ : ਪੂਰਬ : ਮਕਾਨ ਨੰ. 10/54' ਪੱਛਮ : 8/54', ਉੱਤਰ : ਹੋਰ/29', ਦੱਖਣ : ਸੜਕ/60'/29' | (ਏ) 19.09.2024<br>(ਬੀ) ਰੁ: 40,35,883.41+26.08.2019 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 12.12.2024<br>(ਡੀ) ਸੰਕੇਤਕ ਕਬਜ਼ਾ | Rs. 38,67,000/-<br>Rs. 3,86,700/-<br>Rs. 1,00,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |
| 3. | PNB-511700-JALANDHAR-APJ SCHOOL<br>PUNB389200AMBIKA<br>1. ਮੈਸ: ਅੰਬੀਕਾ ਟ੍ਰੇਡਿੰਗ ਕੰਪਨੀ ਰਾਹੀਂ ਇਸ ਦੇ ਪ੍ਰੋਪਰਾਈਟਰ ਲੇਟ ਸ੍ਰੀ ਬੈਕੁੰਠ ਲਾਲ ਅਰੋੜਾ ਪੁੱਤਰ ਸ੍ਰੀ ਰਾਜ ਕੁਮਾਰ, ਪਤਾ : ਅੱਡਾ ਬਿਆਸ ਪਿੰਡ ਨੇੜੇ ਕਿਸ਼ਨਗੜ੍ਹ, ਜੀ ਟੀ ਰੋਡ, ਪਠਾਨਕੋਟ ਬਾਈਪਾਸ, ਜ਼ਿਲ੍ਹਾ ਜਲੰਧਰ (ਕਰਜ਼ਦਾਰ)<br>2. ਸ੍ਰੀਮਤੀ, ਸਵੀਤਾ ਅਰੋੜਾ ਵਿਧਵਾ ਲੇਟ ਸ੍ਰੀ ਬੈਕੁੰਠ ਲਾਲ ਅਰੋੜਾ, ਪਤਾ : ਮਕਾਨ ਨੰ.204/205, ਰਮਨੀਕ ਐਵੇਨਿਊ, ਜਲੰਧਰ (ਰਹਿਣਕਾਰ/ਗਰੰਟਰ) 3. ਸ੍ਰੀ ਦੀਪਕ ਅਰੋੜਾ ਪੁੱਤਰ ਲੇਟ ਸ੍ਰੀ ਬੈਕੁੰਠ ਲਾਲ ਅਰੋੜਾ, ਪਤਾ : ਮਕਾਨ ਨੰ. 204/205, ਰਮਨੀਕ ਐਵੇਨਿਊ, ਜਲੰਧਰ (ਕਾਨੂੰਨੀ ਵਾਰਸ) 4. ਸ੍ਰੀ ਹਰਸ਼ ਅਰੋੜਾ ਪੁੱਤਰ ਲੇਟ ਸ੍ਰੀ ਬੈਕੁੰਠ ਲਾਲ ਅਰੋੜਾ, ਪਤਾ : ਮਕਾਨ ਨੰ. 204/205, ਰਮਨੀਕ ਐਵੇਨਿਊ, ਜਲੰਧਰ (ਕਾਨੂੰਨੀ ਵਾਰਸ) | 3. ਬੈਨਾਮਾ ਨੰ. 1704 ਮਿਤੀ 17.03.2010 ਅਤੇ 1705 ਮਿਤੀ 17.03.2010 ਅਨੁਸਾਰ ਸ੍ਰੀਮਤੀ ਸਵਿਤਾ ਅਰੋੜਾ ਪਤਨੀ ਸਵ. ਸ੍ਰੀ ਬੈਕੁੰਠ ਲਾਲ ਅਤੇ ਸਵ. ਸ੍ਰੀ ਬੈਕੁੰਠ ਲਾਲ ਪੁੱਤਰ ਸ੍ਰੀ ਰਾਜ ਕੁਮਾਰ ਨਾਲ ਸੰਬੰਧਤ ਪਲਾਟ ਰਕਬਾ 17 ਮਰਲੇ, 1 ਮਰਲਾ=272 ਵਰਗ ਫੁੱਟ, ਖਸਰਾ ਨੰ. 50//23/2, 24, ਪਿੰਡ ਬਿਆਸ ਪਿੰਡ, ਜ਼ਿਲ੍ਹਾ ਜਲੰਧਰ। ਹੱਦਾਂ: ਉੱਤਰ : ਪੀ/ਓ ਸਵਿਤਾ, ਦੱਖਣ : ਰਸਤਾ, ਪੂਰਬ : ਪੀ/ਓ ਸ੍ਰੀ ਹਰਸ਼, ਪੱਛਮ : ਪੀ/ਓ ਸ੍ਰੀਮਤੀ ਸਵਿਤਾ। | (ਏ) 04.10.2016<br>(ਬੀ) ਰੁ: 23,43,411/- + 30.09.2016 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 21.01.2017<br>(ਡੀ) ਭੌਤਿਕ ਕਬਜ਼ਾ | Rs. 16,13,342/-<br>Rs. 1,61,335/-<br>Rs. 50,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |
| 4. | PNB- 299900-JALANDHAR, IBB<br>PUNB2999GUERRERO<br>ਮੈਸ: ਗੁਈਰੇਰੋ ਇੰਟਰਨੈਸ਼ਨਲ (ਰਾਹੀਂ ਇਸ ਦੇ ਪ੍ਰੋਪਰਾਈਟਰ) ਸ੍ਰੀਮਤੀ ਅਨੂੰ ਜੈਨ ਪਤਨੀ ਧਰਮਵੀਰ ਜੈਨ, 1-ਸੀ, ਜੈਨ ਕਲੋਨੀ, ਗੁਲਾਬ ਦੇਵੀ ਹਸਪਤਾਲ ਰੋਡ, ਜਲੰਧਰ-144008<br>ਸ੍ਰੀ ਦਰਪਨ ਜੈਨ ਪੁੱਤਰ ਧਰਮਵੀਰ ਜੈਨ, 1-ਸੀ, ਜੈਨ ਕਲੋਨੀ, ਗੁਲਾਬ ਦੇਵੀ ਹਸਪਤਾਲ ਰੋਡ, ਜਲੰਧਰ-144008 (ਗਰੰਟਰ/ਰਹਿਣਕਾਰ) | 1. ਆਈ ਪੀ ਪਦਮ ਇਨਕਲੇਵ, ਪਲਾਟ ਨੰ. 1, ਪਿੰਡ ਸਦਾ ਚੱਕ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ, ਵਸੀਕਾ ਨੰ. 444 ਮਿਤੀ 14.06.2012 ਅਨੁਸਾਰ ਸ੍ਰੀ ਦਰਪਨ ਜੈਨ ਪੁੱਤਰ ਸ੍ਰੀ ਧਰਮਵੀਰ ਜੈਨ ਨਾਲ ਸੰਬੰਧਤ, ਜਮ੍ਹਾਂਬੰਦੀ ਸਾਲ 2007-2008, ਖੱਤਾ ਨੰ. 27/45, 46, ਖਸਰਾ ਨੰ. 12//21(8-0), 17//, 1(8-0), ਕਿੱਤੇ 2, ਰਕਬਾ 16 ਕਨਾਲ ਦਾ 1/2 ਹਿੱਸਾ 8 ਕਨਾਲ=160 ਮਰਲਾ (1 ਮਰਲਾ=272 ਵਰਗ ਫੁੱਟ)+43520 ਵਰਗ ਫੁੱਟ, ਵਾਕਿਆ ਪਿੰਡ ਸਦਾ ਚੱਕ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ। ਜਾਇਦਾਦ ਦੀ ਕਿਸਮ : ਸਨਅਤੀ ਜਾਇਦਾਦ। | (ਏ) 17.05.2016<br>(ਬੀ) ਰੁ: 2,64,73,591/- + 01.05.2016 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 26.08.2016<br>(ਡੀ) ਭੌਤਿਕ ਕਬਜ਼ਾ | Rs. 85,68,000/-<br>Rs. 8,57,000/-<br>Rs. 2,00,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |
| 5. | PNB-227200- FOCAL POINT, JALANDHAR<br>PUNB227200pnk1, PUNB227200pnk2<br>ਮੈਸ: ਪੀ ਐੱਨ ਕੇ ਇੰਡਸਟ੍ਰੀਜ਼ (ਰਾਹੀਂ ਇਸ ਦੇ ਪ੍ਰੋਪਰਾਈਟਰ ਲੇਟ ਸ੍ਰੀ ਪ੍ਰਵੇਸ਼ ਕੁਮਾਰ) ਲੇਟ ਸ੍ਰੀ ਪ੍ਰਵੇਸ਼ ਕੁਮਾਰ ਪੁੱਤਰ ਸ੍ਰੀ ਅਮੀ ਚੰਦ (ਮਾਲਕ/ਰਹਿਣਕਾਰ) ਰਾਹੀਂ ਇਸ ਦੇ ਕਾਨੂੰਨੀ ਵਾਰਸਾਂ<br>1. ਸ੍ਰੀ ਭਾਨੂੰ ਪੁੱਤਰ ਲੇਟ ਸ੍ਰੀ ਪ੍ਰਵੇਸ਼ ਕੁਮਾਰ<br>2. ਸ੍ਰੀ ਪਰਮ ਸ਼ਰਮਾ ਪੁੱਤਰ ਲੇਟ ਸ੍ਰੀ ਪ੍ਰਵੇਸ਼ ਕੁਮਾਰ<br>3. ਸ੍ਰੀਮਤੀ ਮੰਜੂ ਸ਼ਰਮਾ ਪਤਨੀ ਲੇਟ ਸ੍ਰੀ ਪ੍ਰਵੇਸ਼ ਕੁਮਾਰ<br>ਪਹਿਲਾ ਪਤਾ : 331/2, ਹਰਗੋਬਿੰਦ ਨਗਰ, ਜਲੰਧਰ ਪੰਜਾਬ-144012, ਦੂਜਾ ਪਤਾ : ਮਕਾਨ ਨੰ. ਸੀ-91, ਰਾਓਵਾਲੀ, ਪੰਜਾਬੀ ਬਾਗ, ਨੂਰਪੁਰ, ਜਲੰਧਰ-144012<br>ਸ੍ਰੀ ਪਵਨ ਕੁਮਾਰ ਪੁੱਤਰ ਸ੍ਰੀ ਅਮੀ ਚੰਦ, ਪਤਾ : ਮਕਾਨ ਨੰ. 312/2, ਹਰਗੋਬਿੰਦ ਨਗਰ, ਜਲੰਧਰ, ਪੰਜਾਬ-144012 | 1. ਅਚੱਲ ਜਾਇਦਾਦ ਰਕਬਾ 3 ਮਰਲੇ 146 ਵਰਗ ਫੁੱਟ ਦਾ ਉਚਿਤ ਗਿਰਵੀਨਾਮਾ, ਖਸਰਾ ਨੰ. 13339, 13341, 13347, 13343, 13344,19986/13345, 13348, 13349, 13342, 13337, 13338, 13340, ਮੁਹੱਲਾ ਹਰਗੋਬਿੰਦ ਨਗਰ, ਪਿੰਡ ਅਬਾਦੀ ਰੇਰੂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਬੈਨਾਮਾ ਨੰ. 915 ਮਿਤੀ 27.04.1992, ਮਲਕੀਅਤ : ਸ੍ਰੀ ਪਵਨ ਕੁਮਾਰ ਅਤੇ ਸਵ. ਸ੍ਰੀ ਪ੍ਰਵੇਸ਼ ਕੁਮਾਰ। | (ਏ) 01.07.2024<br>(ਬੀ) ਰੁ: 70,28,251.34+01.07.2024 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 11.09.2024<br>(ਡੀ) ਸੰਕੇਤਕ ਕਬਜ਼ਾ | Rs. 16,31,200/-<br>Rs. 1,63,120/-<br>Rs. 50,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |
| | | 2. ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ ਕੁਲ ਰਕਬਾ 4164 ਵਰਗ ਫੁੱਟ, ਮੁਹੱਲਾ ਹਰਗੋਬਿੰਦ ਨਗਰ, ਪਿੰਡ ਅਬਾਦੀ ਰੇਰੂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਖੇਵਟ/ਖਤੌਨੀ ਨੰ. 6719/8080, 6720/8081, 6721/8082, 7801/9304, ਖਸਰਾ ਨੰ. 13337, 13338, 19986/13345, 13346, 13339, 13347, 13341, 13343, 13344, 13348, ਹਦਬਸਤ ਨੰ. 307/5, ਜਮ੍ਹਾਂਬੰਦੀ ਸਾਲ 2004-2005, ਬੈਨਾਮਾ ਨੰ. 7625 ਮਿਤੀ 01.01.2010, ਰਕਬਾ 08 ਮਰਲੇ, 181 ਵਰਗ ਫੁੱਟ (30'×61'-3") (1 ਮਰਲਾ=207 ਵਰਗ ਫੁੱਟ) ਅਤੇ ਖੇਵਟ/ਖਤੌਨੀ ਨੰ. 6111/7629, ਖਸਰਾ ਨੰ. 19986/13345 (6-15), 13346 (3-0), 13339 (0-13), 13347 (8-10), ਹਦਬਸਤ ਨੰ. 307/5, ਜਮ੍ਹਾਂਬੰਦੀ ਸਾਲ 1999-2000, ਬੈਨਾਮਾ ਨੰ.5884, ਮਿਤੀ 07.10.2005, ਰਕਬਾ 11 ਮਰਲੇ 50 ਵਰਗ ਫੁੱਟ (38'×61'-3"), ਮਲਕੀਅਤ : ਸ੍ਰੀ ਪਵਨ ਕੁਮਾਰ ਅਤੇ ਸਵ. ਪ੍ਰਵੇਸ਼ ਕੁਮਾਰ। | (ਏ) 01.07.2024<br>(ਬੀ) ਰੁ: 70,28,251.34+01.07.2024 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 16.04.2025<br>(ਡੀ) ਭੌਤਿਕ ਕਬਜ਼ਾ | Rs. 58,37,000/-<br>Rs. 5,83,700/-<br>Rs. 1,00,000/- | 29.08.2025 at 11:00 am to 4:00 pm | |
| 6. | PNB- 511700- JALANDHAR- APJ SCHOOL<br>PUNBABA38145493<br>ਸ੍ਰੀਮਤੀ ਰੇਨੂੰ ਭਾਟੀਆ ਪਤਨੀ ਸ੍ਰੀ ਸੁਨੀਲ ਭਾਟੀਆ (ਕਰਜ਼ਦਾਰ/ਰਹਿਣਕਾਰ)<br>ਸ੍ਰੀ ਬੋਥਮ ਭਾਟੀਆ ਪੁੱਤਰ ਸ੍ਰੀ ਸੁਨੀਲ ਭਾਟੀਆ (ਸਹਿ-ਕਰਜ਼ਦਾਰ/ਰਹਿਣਕਾਰ)<br>ਪਤਾ : ਮਕਾਨ ਨੰ. 1532, ਅਮਰੀਕ ਨਗਰ, ਅਜੀਤ ਨਗਰ, ਨੇੜੇ ਦੁਰਗਾ ਮਾਤਾ ਮੰਦਰ, ਨੇੜੇ ਕਿਸ਼ਨਪੁਰਾ ਚੌਂਕ ਜਲੰਧਰ-144008 | ਰਿਹਾਇਸ਼ੀ ਜਾਇਦਾਦ ਰਕਬਾ 05 ਮਰਲੇ (1 ਮਰਲਾ=207 ਵਰਗ ਫੁੱਟ) ਦਾ ਉਚਿਤ ਗਿਰਵੀਨਾਮਾ, ਖਸਰਾ ਨੰ. 19634/10232 ਤੋਂ 10234, ਖੇਵਟ/ਖਤੌਨੀ ਨੰ. 3207/3760, ਹਦਬਸਤ ਨੰ. 307/2, ਜਮ੍ਹਾਂਬੰਦੀ ਸਾਲ 2009-10, ਬੈਨਾਮਾ ਨੰ. 5630, ਮਿਤੀ 09.08.2016, ਸਬ-ਰਜਿਸਟਰਾਰ ਜਲੰਧਰ-1 ਵਿਖੇ ਰਜਿਸਟਰਡ, ਜ਼ਿਲ੍ਹਾ ਜਲੰਧਰ। ਹੱਦਾਂ : ਪੂਰਬ : ਕੁਲਬੀਰ ਸਿੰਘ, ਪੱਛਮ : ਹੋਰ, ਉੱਤਰ : ਰਸਤਾ, ਦੱਖਣ : ਸੁਰਜੀਤ ਸਿੰਘ ਮਲਕੀਅਤ ਰੇਨੂ ਭਾਟੀਆ ਪਤਨੀ ਸ੍ਰੀ ਸੁਨੀਲ ਭਾਟੀਆ ਅਤੇ ਸ੍ਰੀ ਬੋਥਸ ਭਾਟੀਆ ਪੁੱਤਰ ਸ੍ਰੀ ਸੁਨੀਲ ਭਾਟੀਆ। | (ਏ) 22.07.2024<br>(ਬੀ) ਰੁ: 37,52,238.79 + 22.07.2024 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ<br>(ਸੀ) 01.10.2024<br>(ਡੀ) ਸੰਕੇਤਕ ਕਬਜ਼ਾ | Rs. 29,41,000/-<br>Rs. 2,94,100/-<br>Rs. 50,000/- | 29.08.2025 at 11:00 am to 4:00 pm | ਜਾਣਕਾਰੀ ਨਹੀਂ |

**ਨਿਯਮ ਅਤੇ ਸ਼ਰਤਾਂ:** ਵਿਕਰੀ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) 'ਚ ਰੂਲਜ਼ 2002 'ਚ ਦਰਸਾਈਆਂ ਸ਼ਰਤਾਂ ਤੇ ਨਿਯਮਾਂ ਅਤੇ ਹੇਠਾਂ ਦਰਸਾਈਆਂ ਹੋਰ ਸ਼ਰਤਾਂ ਅਨੁਸਾਰ ਹੋਵੇਗੀ।
1. ਜਾਇਦਾਦਾਂ, "ਜਿਵੇਂ ਹੈ ਜਿਥੇ ਹੈ" ਅਤੇ "ਜਿਵੇਂ ਹੈ ਜੋ ਹੈ" ਅਤੇ "ਉਥੇ ਜੋ ਵੀ ਹੈ, ਦੇ ਅਧਾਰ" 'ਤੇ ਹੋਵੇਗੀ। 2.ਉਪਰੋਕਤ ਦਰਸਾਈ ਸਾਰਣੀ 'ਚ ਦੱਸੇ ਗਏ ਵੇਰਵੇ ਅਧਿਕਾਰਤ ਅਫਸਰ ਦੀ ਬਿਹਤਰ ਜਾਣਕਾਰੀ ਅਨੁਸਾਰ ਹਨ ਪ੍ਰੰਤੂ ਇਸ ਐਲਾਨਨਾਮੇ 'ਚ ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨਬਾਜ਼ੀ ਜਾਂ ਗਲਤੀ ਲਈ ਜਵਾਬਦੇਹ ਨਹੀਂ। 3. ਈ ਐੱਮ ਡੀ ਨਿਲਾਮੀ ਤੋਂ ਇਕ ਦਿਨ ਪਹਿਲਾਂ ਤੱਕ ਜਮ੍ਹਾਂ ਕਰਵਾਈ ਜਾ ਸਕੇਗੀ। 4. ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬਸਾਈਟ https://baanknet.com ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 29.08.2025 ਨੂੰ ਸਵੇਰ ਦੇ 11.00 ਵਜੇ ਤੋਂ ਸ਼ਾਮ ਦੇ 04.00 ਵਜੇ ਤੱਕ ਕਰਵਾਈ ਜਾਵੇਗੀ। 5.ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ https://baanknet.com&www.pnbindia.in ਦਾ ਹਵਾਲਾ ਲਿਆ ਜਾਵੇ।

ਮਿਤੀ : 08.08.2025 ਅਧਿਕਾਰਤ ਅਫਸਰ
ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ, ਸਕਿਉਰਡ ਕ੍ਰੈਡਿਟਰ

**ਸਰਫੇਸੀ ਐਕਟ, 2002 ਦੇ ਰੂਲ 8(6) ਤਹਿਤ ਵਿਧਾਨਕ ਵਿਕਰੀ ਨੋਟਿਸ**

12- August - Page - 7.qxd 8/11/2025 10:35 PM Page 1



# ਆਲਟੋ 'ਚੋਂ ਨੌਜਵਾਨ ਤੇ ਔਰਤ ਦੀ ਲਾਸ਼ ਮਿਲੀ

ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)- ਥਾਣਾ ਗੜ੍ਹਸ਼ੰਕਰ ਅਧੀਨ ਆਉਂਦੇ ਪਿੰਡ ਸਤਨੌਰ ਵਿਖੇ ਅੱਜ ਦਰ ਸ਼ਾਮ ਵੇਲੇ ਇੱਕ ਆਲਟੋ ਕਾਰ ਵਿਚ ਪਈਆਂ ਦੋ ਲਾਸ਼ਾਂ ਬਰਾਮਦ ਹੋਈਆਂ। ਇੱਕ ਆਲਟੋ ਕਾਰ ਨੰਬਰ ਪੀ ਬੀ 11 ਬੀ ਆਰ 6250 ਸਰਕਾਰੀ ਐਲੀਮੈਂਟਰੀ ਸਕੂਲ ਸਤਨੌਰ ਲਾਗੇ ਪੈਂਦੇ ਹਲਟੀ ਵਾਲੇ ਚੌਕ ਨੇੜੇ ਖੜ੍ਹੀ ਦਿਖਾਈ ਦਿੱਤੀ। ਲੋਕਾਂ ਨੇ ਸ਼ੱਕ ਪੈਣ ਉਪਰੰਤ ਜਦੋਂ ਗੱਡੀ ਵਿੱਚ ਜਾ ਕੇ ਦੇਖਿਆ ਤਾਂ ਗੱਡੀ ਦੀ ਅਗਲੀ ਸੀਟ ਤੇ ਦੋ ਲਾਸ਼ਾਂ ਪਈਆਂ ਸਨ। ਇਸ ਦੀ ਸੂਚਨਾ ਪਿੰਡ ਵਾਸੀਆਂ ਵੱਲੋਂ ਗੜ੍ਹਸ਼ੰਕਰ ਪੁਲਸ ਨੂੰ ਦਿੱਤੀ ਗਈ। ਮ੍ਰਿਤਕ ਵਿਅਕਤੀ ਦੀ ਪਛਾਣ ਦਲਬੀਰ ਸਿੰਘ (35) ਪੁੱਤਰ ਅਵਤਾਰ ਸਿੰਘ ਵਾਸੀ ਪਦਰਾਣਾ ਥਾਣਾ ਗੜ੍ਹਸ਼ੰਕਰ ਤੇ ਔਰਤ ਦੀ ਪਛਾਣ ਰਜਨੀ ਪਤਨੀ ਗਿਆਨ ਚੰਦ ਵਾਸੀ ਪਦਰਾਣਾ ਵਜੋਂ ਹੋਈ। ਥਾਣਾ ਗੜ੍ਹਸ਼ੰਕਰ ਤੋਂ ਐੱਸ ਐੱਚ ਓ ਗਗਨਦੀਪ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਦੇਖਿਆ ਤਾਂ ਗੱਡੀ ਵਿੱਚ ਦੋ ਮ੍ਰਿਤਕ ਦੇਹਾਂ ਪਈਆਂ ਸਨ। ਪੁਲਸ ਨੇ ਲਾਸ਼ਾਂ ਤੇ ਗੱਡੀ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਮ੍ਰਿਤਕ ਦੇਹਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੜ੍ਹਸ਼ੰਕਰ ਭੇਜ ਦਿੱਤਾ। ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕੇਗਾ।


## ਨਿਲਾਮੀ ਇਸ਼ਤਿਹਾਰ

ਹਰ ਆਮ ਤੇ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਘੋੜੇਨਬ, ਤਹਿਸੀਲ ਲਹਿਰਾ (ਸੰਗਰੂਰ) ਬਨੀ ਵਾਲ ਛੱਪੜ ਨੂੰ ਮੱਛੀਆਂ ਪਾਉਣ ਲਈ ਠੇਕੇ ਤੇ ਦਿੱਤਾ ਜਾਣਾ ਹੈ। ਇਸ ਲਈ ਛੱਪੜ ਨੂੰ ਬੋਲੀ ਤੇ ਦੇਣ ਲਈ ਮਿਤੀ 25 ਅਗਸਤ 2025 ਨੂੰ ਸਵੇਰੇ 10 ਵਜੇ ਧਾਰਮਕ ਧਰਮਸ਼ਾਲਾ ਵਿਖੇ ਬੋਲੀ ਕੀਤੀ ਜਾਵੇਗੀ, ਬੋਲੀ ਦੀਆਂ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

ਰਾਮਪਾਲ
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਲਹਿਰਾਗਾਗਾ
ਸਰਪੰਚ ਲਖਵੀਰ ਸਿੰਘ 9653310464

## COURT NOTICE

(U/o 5 Rule 20 CPC)
(Succession Case)
In The Court of Supreet Kaur Additional Civil Judge (Senior Division), Amritsar
CNR No. PBAS02-001740-2025
Next Date:- 09-09-2025
Succ-31/2025
Rajneesh Kumar
Vs.
General Public

Petition U/S 372 of the Indian Succession Certificate to the debts and securities of late Jagdish Kumar s/o late Hari Krishan
Succ
Notice To: General Public :- Amritsar.
In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 09-09-2025 at 10 a.m.
For details logon to https://highcourtchd.gov.in/?trs=district_notice&district=Amritsar

Additional Civil Judge (Senior Division) Amritsar
Dated, this day of 07-08-2025

## COURT NOTICE

(U/o 5 Rule 20 CPC)
In The Court of Pawanpreet Singh Civil Judge (Junior Division), Baba Bakala
CNR No. PBASB0-000534-2022
Next Date:- 29-08-2025
Mohan Singh Son of Chanan Singh Son of Inder Singh resident of Village Butari, Tehsil Baba Bakala Sahib, District Amritsar
Vs.
Sukhchain Singh
Publication Issued To:
1. Sukhchain Singh Son of Balkar Singh Son of Partap Singh, 2. Bikramjit Singh Son of Balkar Singh Son of Partap Singh (now deceased) through his legal heirs (i) Ranjit Kaur-widow, 4. Manjit Kaur daughter of Dalbir Kaur daughter of Shangara Singh, 5. Daljit Kaur daughter of Dalbir Kaur daughter of Shangara Singh. All residents of Village Butari, Tehsil Baba Bakala Sahib, District Amritsar.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-08-2025 at 10:00 a.m.
For details logon to https://highcourtchd.gov.in/?trs=district_notice&district=Amritsar

Civil Judge (Junior Division) Baba Bakala
Dated, this day of 01-08-2025

## ਜਨਤਕ ਸੂਚਨਾ

ਮਿਤੀ : 07-08-2025

ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਅਤੇ ਇਤਰਾਜ਼ ਪ੍ਰਾਪਤ ਕਰਨ ਲਈ ਸੂਚਿਤ ਕੀਤਾ ਜਾ ਰਿਹਾ ਹੈ, ਜੇ ਆਮ ਪਬਲਿਕ ਨੂੰ ਹੋਵੇ ਕਿ ਸਾਡਾ ਮੁਅੱਕਲ ਸ੍ਰੀਮਤੀ ਬਿਮਲਾ ਵਿਧਵਾ ਸ੍ਰੀ ਚਿਰਾਗ ਮਸੀਹ, ਵਾਸੀ- ਲਾਈਨ ਨੰਬਰ 28-ਬੀ, ਮਿੱਲ ਕੁਆਰਟਰ ਧਾਰੀਵਾਲ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਨੂੰ ਐਲ.ਆਈ.ਸੀ. ਹਾਊਸਿੰਗ ਫਾਈਨਾਂਸ ਲਿਮ: ਏਰੀਆ ਦਫ਼ਤਰ ਅੰਮ੍ਰਿਤਸਰ ਨੂੰ ਮਕਾਨ ਬਨਾਉਣ ਲਈ ਕਰਜ਼ਾ ਮਨਜ਼ੂਰ ਕੀਤਾ ਗਿਆ ਹੈ ਅਤੇ ਮਾਲਕ ਸ੍ਰੀਮਤੀ ਬਿਮਲਾ ਵਿਧਵਾ ਸ੍ਰੀ ਚਿਰਾਗ ਮਸੀਹ ਜਾਇਦਾਦ ਦੀ ਮਾਲਕ ਇਕ ਕਿੱਤਾ ਜਾਇਦਾਦ 0-4 ਮਰਲੇ ਵਿੱਚੋਂ 70 ਕਨਾਲ, ਖਸਰਾ ਨੰਬਰ 12//24/2/2(0-15), 23//12/3(1-1), 16(8-0), 4/2/2(7-12), 5/2/2/2(6-8), 23//7(8- 0), 8/1(2-15), 13/3(7-10), 23//14(8-0), 15 (8-0), 23//6(8- 0), 23//5/2/2/1 (0-16), 23//3/2/2(0-6), 4/2/1 (0-4), 12//23/2 (2-13), ਖਾਤਾ ਖਤੌਨੀ ਨੰਬਰ 66 ਤੋਂ 73, ਜਮ੍ਹਾਂਬੰਦੀ ਸਾਲ 2021-22, ਉਪਰੋਕਤ ਜਗ੍ਹਾ ਦੀ ਮੌਜੂਦਾ ਹੱਦਬੰਦੀ ਵਾ ਪੈਮਾਇਸ਼ ਚੜ੍ਹਦੇ ਰਸਤਾ 20 ਫੁੱਟ ਬਾਹੀ 37.5 ਫੁੱਟ, ਲਹਿੰਦੇ : ਮਕਾਨ ਮਾਸਟਰ ਨਰੇਸ਼ ਬਾਹੀ 37.5 ਫੁੱਟ, ਪਹਾੜ ਮਾਲਕੀ ਦਿਲਖੁਰਸ਼ੀਦ ਬਾਹੀ 30 ਫੁੱਟ, ਦੱਖਣ ਰਸਤਾ 20 ਫੁੱਟ ਬਾਹੀ 30 ਫੁੱਟ ਹੈ।ਵਾਕਿਆ ਰਕਬਾ ਪਿੰਡ-ਫੱਤੇ ਨੰਗਲ, ਹਦਬਸਤ ਨੰਬਰ 387, ਤਹਿਸੀਲ ਧਾਰੀਵਾਲ ਜ਼ਿਲ੍ਹਾ ਗੁਰਦਾਸਪੁਰ ਹਾਂ। ਸੂਚਿਤ ਕੀਤਾ ਜਾਂਦਾ ਹੈ ਕਿ ਅਸਲ ਪੁਰਾਣੀ ਰਜਿਸਟਰੀ ਜਿਹੜੀ ਕਿ ਮਿਤੀ 30-6-2025 ਨੂੰ ਗੁਆਚ ਗਈ ਸੀ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ।1) ਅਸਲ ਪੁਰਾਣੀ ਰਜਿਸਟਰੀ ਮਿਤੀ 9-11-2015, ਵਸੀਕਾ ਨੰਬਰ 748 ਗੁਆਚ ਗਈ ਸੀ ਅਤੇ ਇਸ ਸੰਬੰਧ ਵਿੱਚ ਡੀ. ਡੀ.ਆਰ. ਨੰਬਰ 028 ਮਿਤੀ 11-7-2025 ਰਜਿਸਟਰਡ ਪੀ.ਐੱਸ. ਸਿਵਲ ਲਾਈਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਰਜਿਸਟਰਡ ਹੈ ਜੇਕਰ ਕੋਈ ਵਿਅਕਤੀ ਕੋਈ ਕਲੇਮ, ਹੱਕ, ਜਾਂ ਰੁਚੀ ਉਪਰੋਕਤ ਜਾਇਦਾਦ ਵਿਚ ਰੁਚੀ ਰੱਖਦਾ ਹੈ ਕਿਸੇ ਵੀ ਤਰੀਕੇ ਸੇਲ, ਗਿਫਟ, ਲੀਜ਼ ਉਤਰਾ ਅਧਿਕਾਰ, ਤਬਦੀਲੀ ਰਹਿਣ, ਚਾਰਜ ਲੀਅਨ, ਟਰੱਸਟ ਪੁਜੀਸ਼ਨ ਅਟੈਚਮੈਂਟ ਜਾਂ ਹੋਰ ਕਿਸੇ ਵੀ ਤਰ੍ਹਾਂ ਨਾਲ ਰੱਖਦਾ ਹੋਵੇ, ਤਾਂ ਉਹ ਨਿਮਨਹਸਤਾਖਰੀ ਦੇ ਧਿਆਨ ਵਿਚ ਲਿਖਤੀ ਤੌਰ 'ਤੇ ਅਤੇ ਸਬੂਤ ਦਸਤਾਵੇਜ਼ ਗਵਾਹੀ ਨਾਲ ਇਸ ਨੋਟਿਸ ਦੇ ਜਾਰੀ ਹੋਣ ਦੀ ਤਾਰੀਖ ਤੋਂ 15 ਦਿਨਾਂ ਦੇ ਅੰਦਰ-ਅੰਦਰ ਲਿਆਵੇ, ਅਜਿਹਾ ਨਾ ਕਰਨ ਦੀ ਸੂਰਤ ਵਿਚ ਜੇਕਰ ਕੋਈ ਕਲੇਮ ਹੋਵੇਗਾ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਕੋਈ ਵਿਅਕਤੀ ਕਲੇਮ ਨਹੀਂ ਕਰ ਰਿਹਾ ਅਤੇ ਸਾਡਾ ਮੁਅੱਕਲ ਜਾਂ ਉਨ੍ਹਾਂ ਦੇ ਵਾਰਸ ਨੋਮਨੀ ਕਿਸੇ ਵੀ ਤਰੀਕੇ ਪਾਬੰਦ ਨਹੀਂ ਹੋਣਗੇ।

J.K. Singh Advocate
(Jagkawal Singh) CD-AR-ADV. OO3
110-B, Distt. Courts Amritsar
Mol. 98886-73911

## PUBLIC NOTICE

Partap Singh son of ShriSukhdev Singh, Resident of Village Pala Nangal, Dera Baba Nanak, District Gurdaspur declare that Two previous Sale Deeds and One General Power of Attorney of the above said property i.e. Sale Deed executed by ShriRanjit Singh son of ShriKarnail Singh through attorney ShriGurbhej Singh son of ShriSawinderjit Singh in favour of ShriRavinder Singh son of ShriCharan Singh bearing document no. 10250 registered on 09.11.2001, Sale Deed executed by ShriSawinderjit Singh, ShriSarabjit Singh sons of ShriLachman Singh in favour of ShriRanjit Singh son of ShriKarnail Singh bearing document no. 7807 registered on 28.06.1994, General Power of Attorney executed by ShriRanjit Singh son of ShriKarnail Singh in favour of ShriGurbhej Singh son of ShriSawinderjit Singh has been lost on 09.07.2025 and report in this regard has been lodged vide General Diary No. 038 dated 25.07.2025 in Police Station Sadar, Amritsar. Now, I want to Mortgage the above said Property with Canara Bank, FatehgarhChurian Branch, DistrictGurdaspur. If any person has any objection or interest with regard to equitable mortgage of above said Property or is having any Claim/Knowledge of above said Document allege to have been lost, he may approach and file objection within 7 days before undersigned. There after bank will allow Loan against equitable mortgage of said Property considering the above said previous Registry to be lost and not deposited with any bank, private agency or person as security and thereafter, later on bank will not entertain any Claim/Objection in this regard. Anybody dealing in any manner regarding the property mentioned in lost Old Registry shall be responsible of his own. If anybody/borrower find/get the lost Old Registry, the same will have to deposit to the Canara Bank, FatehgarhChurian Branch, District Gurdaspur.

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-ਦੂਜਾ, ਅੰਮ੍ਰਿਤਸਰ-2
ਕਿਸਮ ਕੇਸ ਦਰੁਸਤੀ ਗਿਰਦਾਵਰੀ
ਪਿੰਡ ਇਬਨ ਕਲਾਂ ਤਾਰੀਖ ਪੇਸ਼ੀ 21.08.2025
ਨਰਿੰਦਰ ਕੌਰ ਵਿਧਵਾ ਕਸ਼ਮੀਰ ਸਿੰਘ ਪੁੱਤਰ ਪ੍ਰੀਤਮ ਸਿੰਘ, ਵਾਸੀ ਪਿੰਡ ਇਬਨ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ।
....ਸਾਇਲ ਧਿਰ
ਬਨਾਮ
ਗੱਜਣ ਸਿੰਘ ਪੁੱਤਰ ਕੇਹਰ ਸਿੰਘ, ਵਾਸੀ ਪਿੰਡ ਇਬਨ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਅਤੇ ਹੋਰ।
...ਉਤਰਵਾਦੀ ਧਿਰਾਂ

ਦਰਖਾਸਤ ਦਰੁਸਤੀ ਗਿਰਦਾਵਰੀ ਭੂਮੀ ਰਕਬਾ 88 ਕਨਾਲ 0 ਮਰਲੇ, ਵਾਕਿਆ ਰਕਬਾ ਪਿੰਡ ਇਬਨ ਕਲਾਂ, ਹੱਦਬਸਤ ਨੰਬਰ: 275, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ।
ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ 21.08.2025 ਨਿਸ਼ਚਿਤ ਹੋਈ ਹੈ।ਇਸ ਕੇਸ ਵਿੱਚ ਹੇਠਾਂ ਲਿਖੇ ਉੱਤਰਵਾਦੀਆਂ ਨੂੰ ਇਸ ਅਦਾਲਤੀ ਇਸ਼ਤਿਹਾਰ/ਅਖਬਾਰ ਨੋਟਿਸ ਜਾਰੀ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 21.08.2025 ਨੂੰ ਸਵੇਰੇ 10:00 ਵਜੇ ਨਿਮਨਹਸਤਾਖਰ ਦੀ ਅਦਾਲਤ ਵਿੱਚ ਵਕਾਲਤਨ ਜਾਂ ਅਸਾਲਤਨ ਹਾਜ਼ਰ ਆ ਕੇ ਆਪਣਾ ਪੱਖ ਪੇਸ਼ ਕੀਤਾ ਜਾਵੇ ਅਤੇ ਕੇਸ ਦੀ ਪੈਰਵੀ ਕੀਤੀ ਜਾਵੇ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਕਾਨੂੰਨ ਅਨੁਸਾਰ ਕਰਦੇ ਹੋਏ ਆਪ ਦੇ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿਚ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ। ਇਹ ਨੋਟਿਸ ਮੇਰੇ ਹਸਤਾਖਰਾਂ ਅਤੇ ਦਫਤਰੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।
ਉਤਰਵਾਦੀ ਨੰ:
1. ਰਜਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ, 2. ਵਰਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ, 3. ਅਮਰਜੀਤ ਕੌਰ ਪੁੱਤਰੀ ਕਸ਼ਮੀਰ ਸਿੰਘ, 4. ਕੁਲਬੀਰ ਸਿੰਘ ਪੁੱਤਰ ਸੁਰਜਨ ਸਿੰਘ ਪੁੱਤਰ ਹਾਕਮ ਸਿੰਘ, 5. ਮੋਹਨ ਸਿੰਘ ਪੁੱਤਰ ਦੇਵਾ ਸਿੰਘ ਪੁੱਤਰ ਹਾਕਮ ਸਿੰਘ, 6. ਸਵਿੰਦਰ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਦੇਵਾ ਸਿੰਘ, 7. ਕੁਲਦੀਪ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਦੇਵਾ ਸਿੰਘ, 8. ਸੁਰਜੀਤ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਦੇਵਾ ਸਿੰਘ, 9. ਪਰਦੀਪ ਕੁਮਾਰ ਪੁੱਤਰ ਨਰਿੰਦਰਪਾਲ ਢੰਡ, 10. ਐਸਬਰੋਜ ਡਿਵੈੱਲਪਮੈਂਟ ਪ੍ਰਾਈਵੇਟ ਲਿਮਿਟਡ, ਸਾਰੇ ਵਾਸੀਆਨ ਪਿੰਡ ਇਬਨ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ।
ਨੰਬਰ:ਰੀਡਰ/749 ਮਿਤੀ : 07-08-2025
ਸਹਾਇਕ ਕੁਲੈਕਟਰ ਦਰਜਾ-2, ਅੰਮ੍ਰਿਤਸਰ-2

## ਦੀ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਿਡ:, ਜਲੰਧਰ

ਨੋਟਿਸ ਅਜਲਾਸ ਆਮ

ਇਸ ਨੋਟਿਸ ਰਾਹੀ ਬੈਂਕ ਦੀਆਂ ਸਮੂਹ ਮੈਂਬਰ ਸਭਾਵਾਂ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਬੈਂਕ ਦੇ ਹਿੱਸੇਦਾਰਾਂ ਦਾ ਸਲਾਨਾ ਆਮ ਅਜਲਾਸ ਮਿਤੀ 02-09-2025 ਦਿਨ ਮੰਗਲਵਾਰ ਨੂੰ ਠੀਕ 11-00 ਵਜੇ ਬੈਂਕ ਦੇ ਮੁੱਖ ਦਫਤਰ ਜੀ. ਟੀ ਰੋਡ. ਸਾਹਮਣੇ ਜਨਰਲ ਪੋਸਟ ਆਫਿਸ, ਜਲੰਧਰ ਸ਼ਹਿਰ ਵਿਖੇ ਹੋਵੇਗਾ । ਸਹਿਕਾਰੀ ਸਭਾਵਾਂ ਦੇ ਪ੍ਰਤੀਨਿਧੀਆ ਲਈ ਜ਼ਰੂਰੀ ਹੈ ਕਿ ਉਹ ਆਪਣੀ ਸਭਾ ਦੇ ਆਮ ਅਜਲਾਸ ਜਾ ਅਜਲਾਸ ਪ੍ਰਬੰਧਕ ਕਮੇਟੀ (ਜਿਸ ਤਰ੍ਹਾਂ ਕਿ ਉਹਨਾ ਦੇ ਬਾਈਲਾਜ ਦੇ ਅਨੁਕੂਲ ਹੋਵੇ) ਦੀ ਤਸਦੀਕਸ਼ੁਦਾ ਨਕਲ ਜਿਸ ਰਾਹੀਂ ਉਹਨਾਂ ਨੂੰ ਜਨਰਲ ਬਾਡੀ ਦੀ ਮੀਟਿੰਗ ਵਿੱਚ ਸਾਮਲ ਹੋਣੇ ਦਾ ਅਧਿਕਾਰ ਦਿੱਤਾ ਗਿਆ ਹੋਵੇ, ਨਾਲ ਲਿਆਉਣ । ਇਕ ਸਭਾ ਵਲੋਂ ਸਿਰਫ ਇਕ ਹੀ ਮੈਂਬਰ ਪ੍ਰਤੀਨਿਧੀ ਜਨਰਲ ਬਾਡੀ ਮੀਟਿੰਗ ਵਿੱਚ ਸਾਮਲ ਹੋ ਸਕਦਾ ਹੈ । ਜੇਕਰ 02-09-2025 ਨੂੰ ਕੋਈ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਆਮ ਅਜਲਾਸ ਅਗਲੇ ਦਿਨ ਮਿੱਥੇ ਸਮੇਂ ਅਤੇ ਸਥਾਨ ਤੇਂ ਹੋਵੇਗਾ । ਸਾਰੇ ਹਿੱਸੇਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਨਰਲ ਬਾਡੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨ ਜੀ ।

ਸਹੀ/-
ਚੇਅਰਮੈਨ
ਮਿਤੀ : 08-08-2025 ਦੀ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਿਡ, ਜਲੰਧਰ

## VACANCIES: ESM CANTEEN HOSHIARPUR

1. Application along with bio- data including contact number are invited for the following Post on a plain paper for employment at NCC Canteen Hoshiarpur from Retired JCOS/OR/ Widows & Dependants of Defence personnel and Civilian. The application may be sent to Canteen Officer, NCC Canteen, DAV College Complex Chandigarh Road Hoshiarpur-140061 by 20 Aug. 2025. Eligible candidates will be called for Interview thereafter:-

| S/NO | Post | Vacancy | Qualification |
|---|---|---|---|
| (a) | Manager | 01 (one) | A retired JCO/OR/ Widows/ Dependants of Defence personnel and civilian with knowledge of handling computer and managerial skills. |
| (b) | Accountant | 01 (one) | Retired JCO/OR from Armed Forces, Dependent of Ex- Serviceman & civillans with knowledge of accounts & computer (Education Qualification 10+2) |

(c) Age: Preferable below 55 years of age. Tenure: Work contract upto 11 months.
NOTE:- 1. Application from Hoshiarpur & nearby cities will be preferred for employment.
2. Application received after 20 Aug 2025 will not be entertained for any query please Contact 9521663703. Selection will be based on final merit.

Lt. COL/COL ADM OFFICER
12 PB BN NCC HOSHIARPUR

## ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ 108, 110-2025-26-ADEN-JUC ਤਾਰੀਕ : 08.08.2025

ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 02.09.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 08.08.2025 | 19.08.2025 | 02.09.2025 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 108-2025-26-ADEN-JUC | ਸਹਾਇਕ ਮੰਡਲ ਇੰਜੀਨੀਅਰ – ਜਲੰਧਰ ਸ਼ਹਿਰ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ/ਕੰਮ/ਨਕੋਦਰ ਦੇ ਜੇਯੂਸੀ-ਐਨਆਰਓ ਅਤੇ ਪੀਐਚਆਰ-ਐਲਐਨਕੇ ਸੈਕਸ਼ਨ ਵਿਚ ਵਖ-ਵਖ ਐਲਐਚਐਸ ਦੇ ਸੰਯੁਕਤ ਰਿਸਾਵ ਦੀ ਮੁਰੰਮਤ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 8999911.34/- | 180000.00/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ : –ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |
| 2. | 110-2025-26-ADEN-JUC | ਸਹਾਇਕ ਮੰਡਲ ਇੰਜੀਨੀਅਰ –ਜਲੰਧਰ ਸ਼ਹਿਰ ਦੇ ਤਹਿਤ ਜਲੰਧਰ ਸ਼ਹਿਰ – ਅੰਮ੍ਰਿਤਸਰ ਸੇਕਸ਼ਨ ਵਿਚ ਮਹਤਵਪੂਰਨ ਆਰਕ ਪੂਲ ਨੰਬਰ 60 ਦੀ ਮੁਰੰਮਤ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 12999982.96/- | 215000.00/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ : –ਇਪਾਕਸੀ/ਇਪਾਕਸੀ ਆਧਾਰਿਤ ਰਸਾਇਣਾ ਦਾ ਉਪਯੋਗ ਕਰਕੇ ਮੁਰੰਮਤ ਕਰਨ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2445/25

## ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

30 ਜੂਨ, 2025 ਨੂੰ ਖਤਮ ਹੋਏ ਤਿਮਾਹੀ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ

(ਰਕਮ ਸੈਂਕਿੜਿਆਂ ਵਿੱਚ ਈ.ਪੀ.ਐਸ ਨੂੰ ਛੱਡ ਕੇ)

| ਵੇਰਵਾ | ਤਿਮਾਹੀ ਖਤਮ 30.06.2025 (ਅਣਪੜਤਾਲੇ) | ਤਿਮਾਹੀ ਖਤਮ 30.06.2024 (ਅਣਪੜਤਾਲੇ) | ਸਾਲ ਖਤਮ 31.03.2025 (ਪੜਤਾਲੇ) |
|---|---|---|---|
| ਕੁੱਲ ਆਮਦਨ | 59.95 | 58.21 | 16,596.92 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | (1,710.50) | (1,514.56) | 9,204.04 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (1,710.50) | (1,514.56) | 9,204.04 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (1,710.50) | (1,514.56) | 10,736.80 |
| ਕੁੱਲ ਕੰਪ੍ਰੀਹੈਂਸਿਵ ਆਮਦਨ | 1,62,376.87 | 1,31,973.57 | (1,01,983.59) |
| ਇਕੁਇਟੀ ਸ਼ੇਅਰ ਪੂੰਜੀ | 1,00,000.00 | 1,00,000.00 | 1,00,000.00 |
| ਹੋਰ ਇਕੁਇਟੀ | - | - | 5,68,491.56 |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ | (0.17) | (0.15) | 1.07 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੁਲੇਸ਼ਨਜ਼, 2015 ਦੀ ਰੇਗੁਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜਿਆਂ ਦਾ ਫੁੱਲ ਫਾਰਮੇਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬੱਧ ਹੈ।

ਫੌਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਈਰੇਕਟਰ
DIN-00932391

ਮਿਤੀ : 11.08.2025
ਸਥਾਂਨ : ਲੁਧਿਆਣਾ

ਰਜ਼ਿ ਦਫ਼ਤਰ : ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967


# ਕਲਾਸੀਫਾਈਡ ਇਸ਼ਤਿਹਾਰ


## Change of Name

I, Sukhwinder Singh S/o Mohinder Singh, Vill. PejoChak (Gurdaspur) Changed My Name Sukhwinder Singh to Name Sukhwinder & Surname Singh. Concerned Note.

I, Kashmir Kaur W/o Sukhwinder Singh, Vill. PejoChak (Gurdaspur) Changed My Name Kashmir Kaur to Name Kashmir & Surname Kaur. Concerned Note.

I, Ramu S/o Rasal Chand R/o Village Chomon, Adampur, Distt. Jalandhar have changed my minor Son name Harshdeep Tusamadd to Harshdeep Kumar for all future purposes.

I, Ramu S/o Rasal Chand R/o Village Chomon, Adampur, Distt. Jalandhar have changed my minor Son name Kartik Tusamadd to Kartik Kumar for all future purposes.

I, Karan Singh S/O Om Parkash R/O Near Mata Rani Mandir,Valmik Patti,Vallah,Amritsar,Punjab have changed my name from Karan Singh to Karan as my Given name and Singh as my Surname.Concerned note.

I Geeta W/o Jagdish Chander R/o Vill. Lohar Sukha Singh, Distt. Jalandahar have changed my name Geeta to Sunita Rani. Sunita Rani and Geeta is one and same person.

I BALDEV SINGH S/O SEETAL SINGH V.P.O Jodhe Tehsil Baba Bakala Sahib, Distt. Amritsar declare that in my some documents my father's name wrongly recorded as Sital Singh.My father's correct name is Seetal Singh.

I, Gajjan Singh S/o Lakhwinder Singh R/o H.No.358, Vill. Meerakot Kalan, District Amritsar have declared that Singh is my Surname and Gajjan is my Given name.

I, Major Singh S/o Pritam Singh R/O VPO Kasel Tarn Taran 143105 have changed my name from Major Singh to Mejar Singh.

I, Robanpreet Singh S/o Gurjant Singh R/o VPO Panjawa Mandal Teh Abohar, Fazilka have changed my name from Robanpreet Singh to Singh is my Surname and Given name Robanpreet.

I, Smaranjeet Kaur W/o Mehtab Singh R/o Vill Lelian PO Preet Nagar Distt Amritsar have changed my name after marriage from Smaranjeet Kaur to Harpeeet Kaur. all concerned pls note it.

I, Shamsher Singh S/o Bhag Singh R/o VPO Sheron, Tehsil & District Tarn Taran have declared that Singh is my Surname and Shamsher is my Given name.

I, Chandu NabdeepKaur SukhavindarSing D/o Shri SukhavindarSing Chandu W/o Shri Sukhraj Singh R/o Darjisheri, Vadnagar, Junagarh, Gujarat have changed my name from Chandu NabdeepKaur SukhavindarSingh to Nabdeep Kaur.

I, Jivan Singh S/o Kashmir Singh R/o F 22/270, Gali No. 1, Bijili Ghar, Mustafabad, Amritsar, Punjab have changed my name from Jivan Singh to Jeevan Singh.

I, Jiwan Kumar S/o Rajinder Pal Resident of VPO Khiwa, Tehsil Nakodar, Distt. Jalandhar - 144623 Punjab, India I have changed my name from Jiwan Kumar to Jeewan Kumar Sharma. All please note.

I, Balvir Singh S/o Mohan Singh R/o Patti Kalle Dalla, VPO Samrai Tehsil Phillaur, Distt Jalandhar Pin: 144004, Punjab,India. Currently residing at 5323 15 Ave SW Edmonton AB T6X 1S2 Canada. Have changed my name from Balvir Singh to Balvir Singh Samra. All concerned may note.

I, Shila Rani Wife of Kailash Nath R/O Village Tappa Po. Kort Patial Tehsil Bhunga and Distt Hoshiarpur have changed my name Shila Rani to Sheela Devi. All concerned be noted.

I, Rajji W/o Ramesh Kumar R/o H.No. 1025, Fozi Wali Gali, Rama Mandi, Jalandhar, Punjab-144009 have changed my name from Rajji to Raji. All concerned please note.

I Gurjeet Kour W/o Satnam Singh R/o H.No 15, Indra Colony, Tehsil And Distt. Amritsar 143501 Have Changed My Name From Gurjeet Kour to Gurjit Kaur. All Concerned May Please Note.

I Jiwan Kumar S/o Prithvi Pal R/o Vill. Narangpur Hansi , PO Danewal, Teh. Shahkot, Jalandhar-144041, , Punjab, have changed my name from Jiwan Kumar to Jeevan Kumar. All please note.

I, Hitherto Known as SAROOP SINGH BANIS son of WALI SINGH BAINS R/O House No.103, Mohan Vihar, Village Ladhewali, Distt Jalandhar, Punjab, 144007. Have changed my name and shall hereafter be known as SAROOP SINGH BAINS.

I, Gurman Sandher D/o Sukhjinder Singh R/o VPO. Talhan, Distt. Jalandhar have changed my name to Gurman Kaur Sandher. All Please Note.

I, Sukhjinder Singh S/o Amrik Singh R/o VPO. Talhan, Distt. Jalandhar have changed my name to Sukhjinder Singh Sandher (Surname as Sandher) All Please Note.

I, Sarvjit Kaur w/o Sukhjinder Singh r/o VPO. Talhan, Distt. Jalandhar have changed my name to Sarvjit Kaur Sandher (Surname as Sandher) All Please Note.

I, Avtar Singh s/o Kesar Singh r/o V.Dhaliwal, Tehsil Nakodar, Distt. Jalandhar declare that Avtar Singh & Jagtar Singh is name of one and same person. All Please Note.

I, Gurmej s/o Dharam Chand r/o H.No. 5/1173, Moh. Gouns Nakodar, Distt. Jalandhar have changed my name to Gurmej Lal. All Please Note.

I, Chaman Lal s/o Gurmej Ram r/o VPO.Gunachaur, Distt.SBS Nagar, (PB) have changed my name to Chaman Lal Virdi (Surname as Virdi. All Please Note.

I, Harjoban Singh s/o Kanwaljit Singh r/o Vill. Gudani, Po. Dhilwan, Distt. Kapurthala have changed my name to Given name as Harjoban (Surname as Singh) All Please Note.

I, Bhushan Gupta S/o Hanuman Dass R/o H.No.177, Guru Gobind Singh Avenue, Jalandhar, Punjab have change my name to Bhushan Aggarwal. All Please Note.

## Change of Name

I, hitherto known as Parvinder D/o Gurdev Chand Leel W/o Krishan Gopal R/o H.No. 6, Dhilwan Road, New Dashmesh Nagar, Phase-III, Near Sandhu Dairy, PO. Ladhewali, Jalandhar, Punjab 144007, have changed my name and shall here-after be known as Pooja.

I, Baljeet Singh Bhullar S/o Shri Sukhdev Singh R/o Ladhu wala uttar, Tahsil Jalalabad District Fazilka that the name of my son is Jaishrat Singh Bhullar and in my son's school record the name is mentioned as Jaishrat, that both the name Jaishrat Singh Bhullar and Jaishrat Singh are the name of my son, that my son's name my be corrected from Jaishrat Singh to Jaishrat Singh Bhullar in school record and birth certificate.

## PUBLIC NOTICE

I, Charanjeet Kaur W/o Manohar Singh R/o H.No. 60, Gali No.13, Madhuban Colony, Raj Nagar, Basti Bawa Khel, Jalandhar, Punjab declare that my son Lovejot Singh and his wife Payal Saini is out of my control. I disinherit them from my movable and immovable properties. I and my family members shall not be held responsible for any kind of dealings done with them. All please note.

I, Gurcharan Singh S/o Karam Singh R/o VPO. Raipur, Distt. Jalandhar, Punjab declare that my two sons Iqbal Singh and his wife Rekha and Jatinder Singh and his wife Sonia they are out of my control. I disinherit them from my movable and immovable properties. I and my family members shall not be held responsible for any kind of dealings done with them. All please note.

## ਆਮ ਸੂਚਨਾ

ਆਮ ਸੂਚਨਾ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਐਲ 3003790842/ 5 ਬੀ ਐਚ ਪੀ ਗੁਰਬਚਨ ਕੌਰ ਵਿਧਵਾ ਦੀਵਾਨ ਸਿੰਘ ਵਾਕਿਆ ਪਿੰਡ ਗੋਲਾ ਢੋਲਾਂ ਤਹਿਸੀਲ ਡੇਰਾ ਬਾਬਾ ਨਾਨਕ ਦੇ ਨਾਮ ਚੱਲਦਾ ਸਮੇਤ ਜ਼ਮੀਨ ਗੁਰਬਚਨ ਕੌਰ ਕੋਲੋਂ ਸੁਖਦੇਵ ਸਿੰਘ, ਬਲਜੀਤ ਸਿੰਘ, ਕੁਲਵਿੰਦਰ ਸਿੰਘ ਪੁੱਤਰਾਨ ਰਤਨ ਸਿੰਘ ਵਾਸੀ ਪਿੰਡ ਨੰਗਲ ਪੰਨੂਆ ਜਿਲ੍ਹਾ ਅੰਮ੍ਰਿਤਸਰ ਨੇ ਖਰੀਦ ਲਿਆ ਹੈ।ਉਕਤ ਕਨੈਕਸ਼ਨ ਗੁਰਬਚਨ ਕੌਰ ਦੇ ਨਾਮ ਤੋਂ ਬਦਲੀ ਹੋ ਕੇ ਕੁਲਵਿੰਦਰ ਸਿੰਘ ਪੁੱਤਰ ਰਤਨ ਸਿੰਘ ਦੇ ਨਾਮ ਹੋਣ ਜਾ ਰਿਹਾ ਹੈ । ਇਸ ਸੰਬੰਧੀ ਇਤਰਾਜ਼ 15 ਦਿਨਾਂ ਅੰਦਰ ਐਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ ।

ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 12/2199, 12.5 ਹਾਰਸ ਪਾਵਰ ਰਾਜਬੀਰ ਕੌਰ ਪਤਨੀ ਗੁਰਪਾਲ ਸਿੰਘ ਪੁੱਤਰ ਮੰਗਲ ਸਿੰਘ ਵਾਕਿਆ ਪਿੰਡ ਮੂਸੇ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਵਿਖੇ ਮੇਰੇ ਨਾਂਅ 'ਤੇ ਚੱਲਦਾ ਹੈ, ਜਿਸ ਨੂੰ ਸਮੇਤ ਜ਼ਮੀਨ ਜਸਵਿੰਦਰ ਸਿੰਘ, ਲਖਬੀਰ ਸਿੰਘ ਪੁੱਤਰਾਨ ਹਰਦਿਆਲ ਸਿੰਘ ਵਾਸੀਆਨ ਪਿੰਡ ਮੂਸੇ ਕਲਾਂ, ਹਾਲ ਵਾਸੀ ਝਬਾਲ ਰੋਡ ਗੁਰੂ ਨਾਨਕ ਨਗਰ ਭਰਾੜੀਵਾਲ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ ਨੇ ਖਰੀਦ ਲਿਆ ਹੈ।ਉਕਤ ਟਿਊਬਵੈੱਲ ਕੁਨੈਕਸ਼ਨ ਜਸਵਿੰਦਰ ਸਿੰਘ, ਲਖਬੀਰ ਸਿੰਘ ਪੁੱਤਰਾਨ ਹਰਦਿਆਲ ਸਿੰਘ ਵਾਸੀਆਨ ਪਿੰਡ ਮੂਸੇ ਕਲਾਂ, ਹਾਲ ਵਾਸੀ ਝਬਾਲ ਰੋਡ ਗੁਰੂ ਨਾਨਕ ਨਗਰ ਭਰਾੜੀਵਾਲ, ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਉੱਪਰ ਤਬਦੀਲ ਕਰਨ 'ਤੇ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ।

## ਨਾਂਅ ਦੀ ਬਦਲੀ

ਮੈਂ, ਰਾਜ ਰਾਣੀ ਪਤਨੀ ਸ੍ਰੀ ਵਿਜੈ ਕੁਮਾਰ ਕੌਲਧਰ ਵਾਸੀ ਮਕਾਨ ਨੰ: 51, ਗਲੀ ਨੰ: 8, ਕਾਕੀ ਪਿੰਡ ਦਕੋਹਾ, ਜਲੰਧਰ ਨੇ ਆਪਣੇ ਲੜਕੇ ਦਾ ਨਾਂਅ ਦੀਪਕ ਤੋਂ ਬਦਲ ਕੇ ਦੀਪਕ ਕੁਮਾਰ ਰੱਖ ਲਿਆ ਹੈ। ਇਹ ਦੋਵੇਂ ਨਾਂਅ ਇਕੋ ਵਿਅਕਤੀ ਦੇ ਹਨ। ਸੰਬੰਧਤ ਨੋਟ ਕਰਨ। (12379)

ਮੈਂ, ਹੀਰਾ ਲਾਲ ਪੁੱਤਰ ਨੱਥਾ ਰਾਮ ਵਾਸੀ ਮਕਾਨ ਨੰ: 154/3, ਧੋਬੀਆਂ ਵਾਲੀ ਗਲੀ, ਮੰਡੀ ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143521, ਮੈਂ ਆਪਣੇ ਲੜਕੇ ਦਾ ਨਾਂਅ ਭਾਰਗਵ ਤੋਂ ਬਦਲ ਕੇ ਭਾਰਗਵ ਜੰਬਾ ਰੱਖ ਲਿਆ ਹੈ।

ਮੈਂ, ਅੰਮ੍ਰਿਤ ਪਾਲ ਸਿੰਘ ਉਰਫ ਅੰਮ੍ਰਿਤ ਪਾਲ ਪੁੱਤਰ ਸੰਤ ਸਿੰਘ ਵਾਸੀ ਫਲੈਟ ਨੰਬਰ 6 ਈ, ਸਿਲਵਰ ਹਾਈਟਸ ਅਪਾਰਟਮੈਂਟਸ ਨਕੋਦਰ ਰੋਡ, ਜਲੰਧਰ ਨੇ ਆਪਣਾ ਨਾਂਅ ਅੰਮ੍ਰਿਤ ਪਾਲ ਸਿੰਘ ਉਰਫ ਅੰਮ੍ਰਿਤ ਪਾਲ ਤੋਂ ਬਦਲ ਕੇ ਅੰਮ੍ਰਿਤ ਪਾਲ ਰੱਖ ਲਿਆ ਹੈ।

ਮੈਂ ਨਿਸ਼ਾ ਬੱਬਰ ਪਤਨੀ ਧੀਰਜ ਕੁਮਾਰ ਵਾਸੀ 1589/1, ਗਲੀ ਕੱਕਿਆਂ ਵਾਲੀ, ਕਟੜਾ ਬੱਘੀਆਂ, ਅੰਮ੍ਰਿਤਸਰ ਐਲਾਨ ਕਰਦੀ ਹਾਂ ਕਿ ਮੈਂ ਵਿਆਹ ਤੋਂ ਬਾਅਦ ਆਪਣਾ ਨਾਮ ਨਿਸ਼ਾ ਤੋਂ ਬਦਲ ਕੇ ਨਿਸ਼ਾ ਬੱਬਰ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਦਰਸ਼ਨ ਸਿੰਘ ਪੁੱਤਰ ਜਗਤ ਸਿੰਘ ਵਾਸੀ ਪਿੰਡ ਭੁੱਚਰ ਖੁਰਦ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਰਿਸ਼ਤਾ ਨਹੀਂ ਹੈ।

ਮੈਂ ਵਰਿੰਦਰ ਪਾਲ ਪੁੱਤਰ ਗਿਰਧਾਰੀ ਲਾਲ ਵਾਸੀ ਮਕਾਨ ਨੰਬਰ 3610/11,ਬਸਤੀ ਸ਼ੇਖ, ਸੰਤ ਨਗਰ, ਨੇੜੇ ਆਰਿਆ ਸਮਾਜ ਮੰਦਿਰ , ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੌਰਵ ਉਰਫ ਚਿੰਟੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਲਖਵਿੰਦਰ ਕੁਮਾਰ ਪੁੱਤਰ ਨਾਨਕ ਚੰਦ ਵਾਸੀ ਪਿੰਡ ਰਾਮਨਗਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਮੇਰਾ ਪੁੱਤਰ ਸ਼ੁਭਮ ਕੁਮਾਰ ਅਤੇ ਉਸ ਦੀ ਪਤਨੀ ਲਲਿਤ ਦੇਵੀ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਜਤਿੰਦਰ ਸੁਖੀਜਾ ਪੁੱਤਰ ਸ਼੍ਰੀ ਹਰਬੰਸ ਲਾਲ ਅਤੇ ਸੁਨੀਤਾ ਰਾਣੀ ਪਤਨੀ ਜਤਿੰਦਰ ਸੁਖੀਜਾ, ਵਾਸੀ ਪਿੰਡ ਤੇ ਡਾਕਖਾਨਾ ਢਿਲਵਾਂ, ਪੱਤੀ ਜੱਲੂ ਕੀ, ਜਿਲਾ ਕਪੂਰਥਲਾ ਹਲਫੀਆ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਸ਼ਾਂਤ ਸੁਖੀਜਾ ਉਰਫ ਅਨਮੋਲ ਉਰਫ ਅਨੂੰ ਅਤੇ ਇਸਦੀ ਪਤਨੀ ਸੁਖਵਿੰਦਰ ਕੌਰ ਉਰਫ ਮੰਨਤ ਜੋ ਕਿ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਅਸੀਂ ਇਨ੍ਹਾ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਰਾਮ ਕਿਸ਼ਨ ਪੁੱਤਰ ਤੇਜਾ ਸਿੰਘ ਅਤੇ ਊਸ਼ਾ ਰਾਣੀ ਪਤਨੀ ਰਾਮ ਕਿਸ਼ਨ ਵਾਸੀਅਨ ਮਕਾਨ ਨੰਬਰ ਬੀ - 1/679 ,ਰਾਮ ਨਗਰ ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਤਨਾਮ ਸਿੰਘ ਅਤੇ ਉਸਦੀ ਪਤਨੀ ਸਿਮਰਨ ਸੋਨੀ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹਨਾਂ ਨਾਲ ਲੈਨ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਜਸਵੰਤ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਗੁਰਸ਼ਰਨ ਕੌਰ ਪਤਨੀ ਜਸਵੰਤ ਸਿੰਘ ਵਾਸੀ ਪਿੰਡ ਤੇ ਡਾਕ. ਤਲਵੰਡੀ ਡੱਡੀਆਂ, ਥਾਣਾ ਟਾਂਡਾ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਮਲਕੀਤ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਅਸੀਂ ਇਨ੍ਹਾਂ ਨੂੰ ਅਪਾਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਹੁਣ ਸਾਡਾ ਇਨ੍ਹਾਂ ਨਾਲ ਕੋਈ ਰਿਸ਼ਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕਿਸੇ ਪ੍ਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਮੁਹੰਮਦ ਯੂਸਫ ਪੁੱਤਰ ਸ੍ਰੀ ਵਾਲੀ ਮੁਹੰਮਦ ਅਤੇ ਹਾਫੀਜਾ ਪਤਨੀ ਮੁਹੰਮਦ ਯੂਸਫ ਵਾਸੀ ਪਿੰਡ ਸੋਹੀਆਂ, ਡਾਕ. ਕੁਰਾਲਾ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਖਤਰ, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ, ਜਿਸ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਦਿਆ ਰਾਮ ਪੁੱਤਰ ਸ੍ਰੀ ਰਾਮ ਹਿਤ ਰਾਮ ਵਾਸੀ ਪਿੰਡ ਤੇ ਡਾਕਖਾਨਾ ਲੜੋਆ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਬਲਵਿੰਦਰ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਮੇਰਾ ਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਸੰਬੰਧ ਨਹੀਂ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (12381)

ਮੈਂ, ਹਰਨਾਮ ਸਿੰਘ ਡੱਲਾ ਪੁੱਤਰ ਜੀਵਾ ਸਿੰਘ ਵਾਸੀ ਮਕਾਨ ਨੰਬਰ 340, ਸੈਕਟਰ -15 ਦਸਮੇਸ਼ ਨਗਰ, ਖਰੜ, ਤਹਿ. ਖਰੜ, ਜ਼ਿਲ੍ਹਾ ਮੁਹਾਲੀ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਅਰਸ਼ਦੀਪ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਤਰਜਿੰਦਰ ਪਾਲ ਕੌਰ ਪਤਨੀ ਲੇਟ ਬਲਵੰਤ ਸਿੰਘ ਵਾਸੀ ਮਕਾਨ ਨੰਬਰ 41, ਗਲੀ ਨੰ: 3, ਭਾਈ ਮੰਝ ਐਵੀਨਿਊ, ਕੋਟ ਮਿੱਤ ਸਿੰਘ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਭਜੋਤ ਸਿੰਘ (ਵਿਆਹਿਆ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ।

ਅਸੀਂ ਜਗੀਰ ਸਿੰਘ ਪੁੱਤਰ ਨਿੱਕਾ ਸਿੰਘ ਅਤੇ ਰੀਤੂ ਪਤਨੀ ਨਿੱਕਾ ਸਿੰਘ ਵਾਸੀ ਪਿੰਡ ਗਿਦੜਵਿੰਡੀ ਤਹਿਸੀਲ ਵਾ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਰੀਆ ਸਾਡੇ ਕਹਿਣੇ ਤੋ ਬਾਹਰ ਹੈ ਤੇ ਆਪਣੀ ਮਨਮਰਜੀ ਕਰਦੀ ਹੈ । ਅਸੀਂ ਇਸ ਨੂੰ ਆਪਣੀ ਚਲ-ਅਚਲ ਜਾਇਦਾਦ ਤੋ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।

ਮੈ ਗੁਰਬਚਨ ਸਿੰਘ ਪੁੱਤਰ ਬੱਗਾ ਸਿੰਘ ਪਿੰਡ ਕਰੀ ਕਲਾਂ (ਫਿਰੋਜ਼ਪੁਰ) ਦਾ ਹਾਂ। ਮੇਰਾ ਬਾਲਗ ਲੜਕਾ ਦਵਿੰਦਰ ਸਿੰਘ ਮਾੜੀ ਸੰਗਤ ਵਿਚ ਪੈਣ ਕਾਰਨ ਮੇਰੇ ਕਹਿਣੇ ਤੋ ਬਾਹਰ ਹੈ। ਮੈ ਉਸਨੂੰ ਆਪਣੀ ਚਲ-ਅਚਲ ਜਾਇਦਾਦ ਅਤੇ ਆਪਣੇ ਪਰਿਵਾਰ ਤੋ ਬੇਦਖਲ ਕਰਦਾ ਹਾਂ। ਮੇਰਾ ਜਾਂ ਮੇਰੇ ਪਰਿਵਾਰ ਦਾ ਅੱਜ ਤੋ ਬਾਅਦ ਦਵਿੰਦਰ ਸਿੰਘ ਨਾਲ ਕੋਈ ਤੁਅਲਕ ਵਾਸਤਾ ਨਹੀ ਹੋਵੇਗਾ,ਨਾ ਹੀ ਅਸੀ ਉਸਦੇ ਚੰਗੇ-ਮਾੜੇ ਕੰਮ ਦੇ ਜਿੰਮੇਵਾਰ ਹੋਵਾਗਾ।ਦਵਿੰਦਰ ਸਿੰਘ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।.

ਮੈਂ ਬਿਕਰਮਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਛੋਟੇ ਰਵਾਲ ਤਹਿਸੀਲ ਡੇਰਾ ਬਾਬਾ ਨਾਨਕ ਜਿਲ੍ਹਾ ਗੁਰਦਾਸਪੁਰ ਆਪਣੀ ਲੜਕੀ ਪਾਇਲਪ੍ਰੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਆਪਣੇ ਸਬੰਧ ਖਤਮ ਕਰ ਰਿਹਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹੈ । ਮੇਰੀ ਸਹਿਮਤੀ ਤੋਂ ਬਿਨਾਂ ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ, ਓਮ ਮਹਾਜਨ ਪੁੱਤਰ ਦੀਨਾ ਨਾਥ ਮਹਾਜਨ ਵਾਸੀ ਡਬਲਯੂ ਐਲ-91, ਬਸਤੀ ਗੁਜਾਂ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਸੋਨਿਕਾ ਮਹਾਜਨ ਵਾ ਉਸਦੀ ਲੜਕੀ ਸ਼ਰਧਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਵਾ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਰਾਣੀ ਦੇਵੀ ਪਤਨੀ ਵੁਧਵਾ ਵਿਸ਼ਵਾਸ ਅਤ ਵੁਧਵਾ ਵਿਸ਼ਵਾਸ ਪੁੱਤਰ ਤਰੋਨੀ ਵਿਸ਼ਵਾਸ ਵਾਸੀ ਮਕਾਨ ਨੰ: 4/213, ਮਜੀਠਾ ਰੋਡ, ਗ੍ਰੀਨ ਫੀਲਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸੂਰਜ ਬਿਸ਼ਵਾਸ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਨਮੋਹਨ ਕੌਰ ਪਤਨੀ ਲੇਟ ਸ੍ਰੀ ਗੁਲਸ਼ਨ ਭੁਟਾਨੀ ਵਾਸੀ ਮਕਾਨ ਐੱਨ ਸੀ.-262, ਕੋਟ ਕਿਸ਼ਨ ਚੰਦ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਨਦੀਪ ਭੁਟਾਨੀ ਅਤੇ ਉਸ ਦੀ ਪਤਨੀ ਜਸਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਵਿਕਰਮੀਤ ਭਾਟੀਆ ਪੁੱਤਰ ਲੇਟ ਵਿਸ਼ਵਾਮਿੱਤਰ ਭਾਟੀਆ ਵਾਸੀ ਮ. ਨੰ: 1820, ਸ਼ਰੀਫਪੁਰਾ ਨੇੜੇ ਮਹਿਕ ਡੇਅਰੀ, ਗੋਲ ਮਸਜਿਦ ਬਾਜ਼ਾਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਨੀਤ ਭਾਟੀਆ ਅਤੇ ਇਸ ਦੀ ਪਤਨੀ ਮੋਨਿਕਾ ਭਾਟੀਆ ਅਤੇ ਮੇਰੇ ਪੋਤੇ-ਪੋਤਰੀਆਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਜੀਤ ਕੌਰ ਪਤਨੀ ਕਵਲਬੀਰ ਸਿੰਘ ਵਾਸੀ ਮਕਾਨ ਨੰ: 495/3, ਗਲੀ ਨੰ: 3, ਮਾਹਣਾ ਸਿੰਘ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਵਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਨਹੀਆ ਜਸਵਾਲ ਪੁੱਤਰ ਰਾਮ ਸਾਗਰ ਜਸਵਾਲ ਵਾਸੀ ਮਕਾਨ ਨੰ. 165, ਗਲੀ ਨੰ. 08, ਗੁਰੂ ਰਾਮਦਾਸ ਨਗਰ, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਖੁਸ਼ਬੂ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਗੁਰਦਿਆਲ ਸਿੰਘ ਕਰੜਾ ਪੁੱਤਰ ਪ੍ਰਕਾਸ਼ ਸਿੰਘ ਕਰੜਾ ਅਤੇ ਸਰੀਤਾ ਕਰੜਾ ਪਤਨੀ ਗੁਰਦਿਆਲ ਸਿੰਘ ਕਰੜਾ ਵਾਸੀਆਨ ਪਿੰਡ ਤੇ ਡਾਕਖਾਨਾ ਦੂਹਰੇ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰੋਹਿਨ ਕਰੜਾ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਬਿਜਲੀ ਮੁਲਾਜ਼ਮ ਮੰਗਾਂ ਨੂੰ ਲੈ ਕੇ ਤਿੰਨ ਦਿਨ ਦੀ ਸਮੂਹਕ ਛੁੱਟੀ 'ਤੇ



ਦੋਰਾਹਾ, (ਹਰਮਿੰਦਰ ਸੇਠ)-ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਬੁੱਧ ਸਿੰਘ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਅਮਰੀਕ ਸਿੰਘ ਨੇ ਸਾਂਝੇ ਤੌਰ 'ਤੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੈਕਨੀਕਲ ਸਰਵਿਸਜ਼ ਯੂਨੀਅਨ ਤੇ ਸਾਂਝਾ ਫੋਰਮ ਤੇ ਬਿਜਲੀ ਏਕਤਾ ਮੰਚ ਦੀ ਸੂਬਾ ਕਮੇਟੀ ਦੇ ਸੱਦੇ ਤੇ ਬਿਜਲੀ ਵਿਭਾਗ ਦੇ ਮੁਕੰਮਲ ਨਿੱਜੀਕਰਨ ਤੇ ਹੋਰ ਮੰਗਾਂ ਨੂੰ ਲੈ ਕੇ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਬਿਜਲੀ ਕਾਮਿਆਂ ਨੇ 11,12,13 ਅਗਸਤ ਤਿੰਨ ਦਿਨ ਦੀ ਸਮੂਹਿਕ ਛੁੱਟੀ 'ਤੇ ਜਾਣ ਦੇ ਫੈਸਲੇ ਨੂੰ ਲਾਗੂ ਕਰਦਿਆਂ ਡਵੀਜ਼ਨ ਦੋਰਾਹਾ ਵਿਖੇ ਗੇਟ 'ਤੇ ਰੋਹ ਭਰਪੂਰ ਰੈਲੀ ਕੀਤੀ। ਰੈਲੀ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰ ਕੰਪਨੀਆਂ ਦੀ ਮੈਨੇਜਮੈਂਟ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਚੰਡੀਗੜ੍ਹ ਤੇ ਹੋਰ ਰਾਜਾਂ ਦੀ ਤਰਜ਼ 'ਤੇ ਪਾਵਰਕਾਮ ਤੇ ਟਰਾਂਸਕੋ ਦਾ ਮੁਕੰਮਲ ਨਿੱਜੀਕਰਨ ਕਰਨ ਵੱਲ ਲਗਾਤਾਰ ਕਦਮ ਵਧਾ ਰਹੀ ਹੈ, ਜਿਸ ਦਾ ਜਥੇਬੰਦੀਆਂ ਤਿੱਖਾ ਵਿਰੋਧ ਕਰ ਰਹੀਆਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਨਿੱਜੀਕਰਨ ਦੀ ਨੀਤੀ ਨੂੰ ਜ਼ੋਰ ਸ਼ੋਰ ਨਾਲ ਅੱਗੇ ਵਧਾ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਬਿਜਲੀ ਐਕਟ 2003 ਤੇ ਬਿਜਲੀ ਐਕਟ 2022 ਮੁਕੰਮਲ ਰੂਪ ਵਿੱਚ ਰੱਦ ਕਰਕੇ ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਆਊਟਸੋਰਸਿੰਗ ਪ੍ਰਣਾਲੀ ਰੱਦ ਕੀਤੀ ਜਾਵੇ, ਆਊਟਸੋਰਸਡ ਕਾਮਿਆਂ ਨੂੰ ਵਿਭਾਗ ਅਧੀਨ ਲਿਆ ਕੇ ਰੈਗੂਲਰ ਕੀਤਾ ਜਾਵੇ, ਵਰਕਲੋਡ ਮੁਤਾਬਕ ਨਵੀਂ ਤੇ ਪੱਕੀ ਭਰਤੀ ਕੀਤੀ ਜਾਵੇ, ਘੱਟੋ ਘੱਟ ਉਜਰਤ ਦੇ ਕਾਨੂੰਨ 1948 ਮੁਤਾਬਕ 15ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹਾਂ ਨਿਸਚਿਤ ਕੀਤੀਆਂ ਜਾਣ, ਨਵੀਂ ਪੈਨਸ਼ਨ ਪਾਲਿਸੀ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਅਤੇ ਜਥੇਬੰਦੀਆਂ ਦੇ ਮੰਗ ਪੱਤਰ ਤੇ ਸੁਝਾਅ ਕਮੇਟੀਆਂ ਨੂੰ ਮੀਟਿੰਗ ਦੇ ਕੇ ਮੰਗਾਂ ਮਸਲਿਆਂ ਦਾ ਹੱਲ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੰਗਾਂ ਮਸਲਿਆਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਬਿਜਲੀ ਕਾਮੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੇ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਸੂਬਾ ਜਨਰਲ ਸਕੱਤਰ ਜਸਵਿੰਦਰ ਸਿੰਘ, ਤਰਸੇਮ ਲਾਲ, ਜਸਵੀਰ ਸਿੰਘ, ਰਜੀਵ ਕੁਮਾਰ ਜੇ ਈ, ਜੋਰਾ ਸਿੰਘ, ਪ੍ਰੇਮ ਸਿੰਘ, ਸੰਦੀਪ ਸਿੰਘ, ਰਕੇਸ਼ ਕੁਮਾਰ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਮੁਲਾਜ਼ਮਾਂ ਵੱਲੋਂ ਬਿਜਲੀ ਮੰਤਰੀ, ਵਿੱਤ ਮੰਤਰੀ ਤੇ ਪਾਵਰਕਾਮ ਮੈਨੇਜਮੈਂਟ ਖਿਲਾਫ ਨਾਹਰੇਬਾਜ਼ੀ



ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਟੈਕਨੀਕਲ ਸਰਵਿਸ ਯੂਨੀਅਨ ਤੇ ਮਨਿਸਟਰੀਅਲ ਸਰਵਿਸ ਯੂਨੀਅਨ ਅਤੇ ਮੁਲਾਜ਼ਮਾਂ ਵੱਲੋਂ ਡਵੀਜ਼ਨ ਰਾਮਪੁਰਾ ਵਿਖੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਪਾਵਰਕਾਮ ਦੀ ਮੈਨੇਜਮੈਂਟ ਦੀ ਮੁਰਦਾਬਾਦ ਕੀਤੀ ਗਈ।ਸਰਕਲ ਬਠਿੰਡਾ ਦੇ ਸਕੱਤਰ ਅੰਗਰੇਜ ਸਿੰਘ ਧੂਰਕੋਟ, ਮੀਤ ਪ੍ਰਧਾਨ ਗੁਰਮੀਤ ਸਿੰਘ ਧੂਰਕੋਟ, ਥਰਮਲ ਪਲਾਂਟ ਲਹਿਰ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਤੇ ਮਨਿਸਟਰੀਅਲ ਸਰਵਿਸ ਯੂਨੀਅਨ ਡਵੀਜ਼ਨ ਦੇ ਪ੍ਰਧਾਨ ਗੁਰਜੰਟ ਸਿੰਘ ਨੇ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 10 ਅਗਸਤ 2025 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨਾਲ ਪੀ ਐੱਸ ਈ ਬੀ ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਭਰਾਤਰੀ ਜਥੇਬੰਦੀਆ ਦੀ ਮੀਟਿੰਗ ਪੰਜਾਬ ਭਵਨ ਚੰਡੀਗੜ੍ਹ ਵਿਖੇ ਲਗਭਗ 3 ਘੰਟੇ ਤੋਂ ਉੱਪਰ ਚੱਲੀ, ਜਿਸ ਵਿੱਚ ਮੁਲਾਜ਼ਮਾਂ ਨੂੰ ਪੇ ਕਮਿਸ਼ਨ ਦਾ ਏਰੀਅਰ, ਮਹਿੰਗਾਈ ਭੱਤੇ ਵਿੱਚ 13% ਵਾਧਾ ਕਰਨਾ, 17/07/2020 ਵਾਲੇ ਮੁਲਾਜ਼ਮਾਂ ਨੂੰ ਛੇਵਾਂ ਪੇ ਕਮਿਸ਼ਨ ਲਾਗੂ ਕਰਨਾ, 2004 ਤੋਂ ਭਰਤੀ ਹੋਏ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਕੁੱਝ ਮੁਲਾਜ਼ਮਾਂ ਦੇ ਪੇ ਬੈਂਡ ਦੀਆਂ ਤਰੁੱਟੀਆਂ ਦੂਰ ਕਰਨੀਆਂ ਤੇ ਪਾਵਰਕਾਮ ਤੇ ਟਰਾਂਸਕੋ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸੰਬੰਧੀ ਮੀਟਿੰਗ ਵਿੱਚ ਵਿਚਾਰਾਂ ਹੋਈਆਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਸਹਿਮਤੀਆਂ ਬਣੀਆਂ, ਪਰ ਪਾਵਰਕਾਮ ਦੀ ਮੈਨੇਜਮੈਂਟ ਨੇ ਜੋ ਸਹਿਮਤੀਆਂ ਬਣੀਆਂ, ਉਨ੍ਹਾਂ 'ਤੇ ਸਰਕੂਲਰ ਨਹੀਂ ਕੀਤੇ, ਜਿਸ ਨੂੰ ਲੈ ਕੇ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਬੇਸਿੱਟਾ ਰਹੀ।ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਟੈਕਨੀਕਲ ਸਰਵਿਸਜ਼ ਯੂਨੀਅਨ ਭੰਗਲ ਦੇ ਡਵੀਜ਼ਨ ਪ੍ਰਧਾਨ ਪਰਵਿੰਦਰ ਸਿੰਘ ਬਿੱਟੂ, ਭੁਚੋ ਦੇ ਡਵੀਜ਼ਨ ਪ੍ਰਧਾਨ ਰਾਜ ਮਹੇਸ਼ ਸਿੰਘ, ਨਵਜੋਤ ਸਿੰਘ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਤੇ ਜਗਜੀਤ ਸਿੰਘ ਲਹਿਰ ਮੁਹੱਬਤ ਨੇ ਕਿਹਾ ਕਿ ਪੀ ਐੱਸ ਈ ਬੀ ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਨੇ ਪੰਜਾਬ ਭਵਨ ਚੰਡੀਗੜ੍ਹ ਤੋਂ ਐਲਾਨ ਕੀਤਾ ਕਿ ਮੁਲਾਜ਼ਮਾਂ ਦੀ ਅਚਨਚੇਤ ਛੁੱਟੀ 11 ਅਗਸਤ 2025 ਤੋਂ 13 ਅਗਸਤ 2025 ਤੱਕ ਜਾਰੀ ਰਹੇਗੀ ਤੇ ਮੁਲਾਜ਼ਮਾਂ ਨੇ ਹੜਤਾਲ ਸ਼ੁਰੂ ਕਰ ਦਿੱਤੀ ਹੈ।ਮੁਲਾਜ਼ਮ ਦੇ ਆਗੂ ਅੰਗਰੇਜ ਸਿੰਘ ਧੂਰਕੋਟ ਨੇ ਕਿਹਾ ਕਿ ਜੇਕਰ ਪਾਵਰਕਾਮ ਦੀ ਮੈਨੇਜਮੈਂਟ ਨੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਮੁਲਾਜ਼ਮਾਂ ਵੱਲੋਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਪਲੇਸਮੈਂਟ ਕੈਂਪ ਅੱਜ

ਮੋਹਾਲੀ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ) ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 12 ਅਗਸਤ, ਦਿਨ ਮੰਗਲਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਏ.ਯੂ. ਸਮਾਲ ਫਾਇਨੈਂਸ ਬੈਂਕ, ਅੰਬਾਲਾ-ਜ਼ੀਰਕਪੁਰ ਹਾਈਵੇ, ਜ਼ੀਰਕਪੁਰ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 11:00 ਵਜੇ ਤੋਂ ਦੁਪਹਿਰ 02.00 ਵਜੇ ਤੱਕ ਹੋਵੇਗਾ।ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ।ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕਰਦਿਆ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ।

# ਮੋਟਰਸਾਈਕਲ ਤੇ ਪੁਲਸ ਦੀ ਗੱਡੀ ਵਿਚਾਲੇ ਭਿਆਨਕ ਟੱਕਰ, ਦੋ ਨੌਜਵਾਨਾਂ ਦੀ ਮੌਤ



ਝਬਾਲ, (ਹਰਜਿੰਦਰ ਸਿੰਘ ਸੋਨੀ)-ਝਬਾਲ ਨੇੜੇ ਤਰਨ ਤਾਰਨ ਰੋਡ 'ਤੇ ਹੋਏ ਇੱਕ ਮੋਟਰਸਾਈਕਲ ਅਤੇ ਪੁਲਸ ਦੀ ਬਲੈਰੋ ਗੱਡੀ ਵਿਚਕਾਰ ਭਿਆਨਕ ਟੱਕਰ ਦੌਰਾਨ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ।ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਥਾਣਾ ਝਬਾਲ ਅਧੀਨ ਆਉਂਦੇ ਪਿੰਡ ਮੰਨਣ ਦੇ ਦੋ ਨੌਜਵਾਨ ਵਿਕਰਮਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਅਤੇ ਸਿਮਰਨਜੀਤ ਸਿੰਘ ਪੁੱਤਰ ਸਕੱਤਰ ਸਿੰਘ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਅੱਡਾ ਝਬਾਲ ਵੱਲ ਤਰਨਤਾਰਨ ਸਾਈਡ ਤੋਂ ਆ ਰਹੇ ਸਨ ਕਿ ਸੂਆ ਪੁਲ ਤਰਨ ਤਾਰਨ ਰੋਡ ਨੇੜੇ ਸਾਹਮਣੇ ਤੋਂ ਆ ਰਹੀ ਪੁਲਸ ਦੀ ਐੱਮ. ਟੀ. ਬ੍ਰਾਂਚ ਦੀ ਬਲੈਰੋ ਗੱਡੀ ਵਿੱਚ ਇੰਨੀ ਜ਼ੋਰ ਨਾਲ ਵੱਜੇ ਕਿ ਉਪਰੋਕਤ ਦੋਵਾਂ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ।ਘਟਨਾ ਦਾ ਪਤਾ ਚੱਲਦਿਆਂ ਹੀ ਥਾਣਾ ਝਬਾਲ ਤੋਂ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਗਈ ਜਿਸ ਨੇ ਮ੍ਰਿਤਕ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਾਲਜ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ



ਚੀਮਾ ਮੰਡੀ, (ਰਵਿੰਦਰ ਚੀਮਾ)-ਮਾਡਰਨ ਕਾਲਜ ਬੀਰ ਕਲਾਂ 'ਚ ਨਵੇਂ ਸੈਸ਼ਨ 2025-26 ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਸਵੇਰ ਦੇ ਸਮੇਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਪਾਠੀ ਸਿੰਘਾਂ ਵੱਲੋਂ ਕੀਤੇ ਗਏ ਤੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਤੇ ਪ੍ਰਬੰਧਕੀ ਮੈਂਬਰਾਂ ਨੇ ਸ਼ਰਧਾ ਨਾਲ ਹਾਜ਼ਰੀ ਭਰੀ। ਇਸ ਮੌਕੇ 'ਤੇ ਅਰਦਾਸ ਕਰਕੇ ਵਿਦਿਆਰਥੀਆਂ ਦੇ ਚੰਗੇ ਭਵਿੱਖ, ਸਿੱਖਿਆ ਵਿੱਚ ਤਰੱਕੀ ਅਤੇ ਚੰਗੀ ਸਿਹਤ ਲਈ ਅਸੀਸਾਂ ਮੰਗੀਆਂ ਗਈਆਂ। ਪਾਠ ਸਮਾਪਤੀ ਉਪਰੰਤ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਕੁਮਾਰ ਬਾਂਸਲ ਤੇ ਕਾਲਜ ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਧਾਰਮਿਕ ਤੇ ਆਧਿਆਤਮਕ ਸ਼ੁਰੂਆਤਾਂ ਨਾਲ ਨਾ ਸਿਰਫ ਪੜ੍ਹਾਈ ਲਈ ਪ੍ਰੇਰਨਾ ਮਿਲਦੀ ਹੈ, ਸਗੋਂ ਵਿਦਿਆਰਥੀਆਂ ਵਿੱਚ ਚੰਗੇ ਆਦਰਸ਼ ਤੇ ਚੰਗੀ ਸੋਚ ਵੀ ਪੈਦਾ ਹੁੰਦੀਆਂ ਹਨ। ਇਸ ਮੌਕੇ ਕਾਲਜ ਮੈਨੇਜਮੈਂਟ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਡੇਰਾ ਬਾਬਾ ਨਾਨਕ ਦੇ ਬਿਜਲੀ ਕਰਮਚਾਰੀ ਵੱਲੋਂ ਤਿੰਨ ਦਿਨਾਂ ਦੀ ਸਮੂਹਿਕ ਛੁੱਟੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਵਿਖੇ ਸਮੂਹ ਬਿਜਲੀ ਕਰਮਚਾਰੀਆਂ ਦੀ ਸਮੂਹਿਕ ਛੁੱਟੀ ਜੋ ਕਿ ਜੁਆਇੰਟ ਫੋਰਮ ਅਤੇ ਮੁਲਾਜ਼ਮ ਏਕਤਾ ਮੰਚ ਦੇ ਸੱਦੇ ਤੇ ਸਾਰੇ ਕਰਮਚਾਰੀਆਂ ਵੱਲੋਂ ਤਿੰਨ ਦਿਨ ਦੀ ਛੁੱਟੀ ਭਰ ਕੇ ਇੱਕ ਰੋਸ ਰੈਲੀ ਡਵੀਜ਼ਨ ਪ੍ਰਧਾਨ ਰਜੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਸਬ-ਡਵੀਜ਼ਨ ਪ੍ਰਧਾਨ ਗੁਰਵਿੰਦਰ ਸਿੰਘ ਨੇ ਮੈਂਨਜਮੈਂਟ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਜੋ ਕਿ ਨਵੇਂ ਸਟਾਫ ਦੀ ਭਰਤੀ ਕਰਨਾ ਕਿਉਂਕਿ ਪਾਵਰ ਕਾਰਪੋਰੇਸ਼ਨ ਵਿੱਚ ਲਗਭਗ ਸਬ-ਡਵੀਜ਼ਨ ਵਿਖੇ ਹੀ ਲਾਈਨਮੈਨ ਜਿਨ੍ਹਾਂ ਦੀਆਂ ਸੈਕਸ਼ਨ 34 ਪੋਸਟਾਂ ਹਨ, ਜਦੋਂ ਕਿ 17 ਲਾਈਨਮੈਨ ਕੰਮ ਕਰ ਰਹੇ ਅਤੇ ਸਹਾਇਕ ਲਾਈਨ ਮੈਨ ਸੈਕਸ਼ਨ ਪੋਸਟਾਂ 66 ਹਨ ਬਲਕਿ 6 ਸਹਾਇਕ ਲਾਈਨ ਮੈਨ ਕੰਮ ਕਰ ਰਹੇ ਹਨ ।ਯੂਡੀਸੀ ਇੱਕ ਪੋਸਟ ਖਾਲੀ 2 ਪੋਸਟਾਂ ਜੇ ਈ ਦੀਆਂ ਖਾਲੀ ਅਤੇ 5 ਪੋਸਟਾਂ ਐੱਲਡੀਸੀ ਦੀਆਂ ਖਾਲੀ ਹਨ ।ਸਬ-ਡਵੀਜ਼ਨ ਵਿੱਚ ਆਰਏ ਦੀ ਪੋਸਟ ਵੀ ਖਾਲੀ ਚੱਲ ਰਹੀ ਹੈ ਪਰ ਮੈਨੇਜਮੈਂਟ ਇਸ ਵੱਲ ਕੋਈ ਵੀ ਧਿਆਨ ਨਹੀਂ ਦਿੰਦੀ। ਇਨਾਂ ਸਾਰਿਆਂ ਦੇ ਕੰਮ ਦਾ ਬੋਝ ਸਾਡੇ ਮੌਜੂਦਾ ਕਰਮਚਾਰੀਆਂ 'ਤੇ ਆ ਗਿਆ ਹੈ ਜਿਸ ਨਾਲ ਦਫ਼ਤਰ ਦਾ ਕੰਮ ਚਲਾਉਣਾ ਔਖਾ ਹੈ।ਇਸ ਧਰਨੇ ਨੂੰ ਸੰਬੋਧਨ ਕਰਦਿਆਂ ਰਜੇਸ਼ ਕੁਮਾਰ ਡਵੀਜ਼ਨ ਪ੍ਰਧਾਨ ਨੇ ਮੈਨੇਜਮੈਂਟ ਦੇ ਵਤੀਰੇ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮੰਗੀਆਂ ਹੋਈਆਂ ਮੰਗਾਂ ਲਾਗੂ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ ਹੈ ਅਤੇ ਮੁਲਾਜ਼ਮਾਂ ਦਾ ਡੀਏ ਵੀ ਨਹੀਂ ਦਿੱਤਾ ਜਾ ਰਿਹਾ ।ਉਨ੍ਹਾਂ ਕਿਹਾ ਕਿ ਮੈਨੇਜਮੈਂਟ ਦੀ ਢਿੱਲੀ ਕਾਰਗੁਜ਼ਾਰੀ ਦਾ ਵਿਰੋਧ ਕਰਦੇ ਹੋਏ ਸਬ ਡਵੀਜ਼ਨ ਦੇ ਸਮੂਹ ਮੁਲਾਜ਼ਮਾਂ 3 ਦਿਨ ਦੀ ਸਮੂਹਿਕ ਛੁੱਟੀ ਤੇ ਗਏ ਹਨ, ਮੁਲਾਜ਼ਮਾਂ ਨੂੰ ਅਗਲੇ ਸੰਘਰਸ਼ ਲਈ ਤਿਆਰ ਰਹਿਣ ਲਈ ਕਿਹਾ ਗਿਆ ਅਤੇ ਮੈਨੇਜਮੈਂਟ ਨਾਲ ਹੋਈ ਗੱਲਬਾਤ ਦਾ ਚਾਨਣਾ ਵੀ ਪਾਇਆ ਗਿਆ। ਇਸ ਰੋਸ ਰੈਲੀ ਨੂੰ ਜਸਪਾਲ ਜੁਆਇੰਟ ਸਕੱਤਰ, ਸ਼ਿਵ ਕੁਮਾਰ, ਸਤਨਾਮ ਸਿੰਘ, ਅਸ਼ਵਨੀ ਕੁਮਾਰ, ਜਤਿੰਦਰ ਸਿੰਘ, ਕਰਨਦੀਪ ਸਿੰਘ, ਮਹਾਵੀਰ ਸਿੰਘ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਗੁਰਵਿੰਦਰਜੀਤ ਸਿੰਘ, ਗੁਰਪਿੰਦਰ ਸਿੰਘ, ਮਨਜਿੰਦਰ ਸਿੰਘ, ਰਣਜੀਤ ਸਿੰਘ ਰਾਣਾ, ਅਜੇ ਆਦਿ ਬਿਜਲੀ ਮੁਲਾਜ਼ਮ ਹਾਜ਼ਰ ਸਨ।

# 'ਬਿੱਲ ਲਿਆਓ ਇਨਾਮ ਪਾਓ' ਯੋਜਨਾ ਨੂੰ ਮਿਲੀ ਸ਼ਾਨਦਾਰ ਸਫਲਤਾ

● ਜੇਤੂਆਂ ਨੂੰ 3.3 ਕਰੋੜ ਤੋਂ ਵੱਧ ਦੇ ਇਨਾਮ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੂਬੇ ਦੀ ਫਲੈਗਸ਼ਿਪ ਸਕੀਮ ਬਿੱਲ ਲਿਆਓ ਇਨਾਮ ਪਾਓ ਦੀ ਸ਼ਾਨਦਾਰ ਸਫਲਤਾ ਦਾ ਐਲਾਨ ਕੀਤਾ।ਇਸ ਪਹਿਲਕਦਮੀ ਨੇ ਟੈਕਸ ਦੀ ਭਰਪੂਰ ਸਮੂਲੀਅਤ ਦੀ ਗਵਾਹੀ ਭਰੀ ਜਿਸ ਤਹਿਤ ਸਤੰਬਰ 2023 ਵਿੱਚ ਇਸ ਦੀ ਸ਼ੁਰੂਆਤ ਤੋਂ ਜੁਲਾਈ 2025 ਤੱਕ 'ਮੇਰਾ ਬਿੱਲ ਐਪ' 'ਤੇ ਕੁੱਲ 1,76,832 ਬਿੱਲ ਅਪਲੋਡ ਕੀਤੇ ਗਏ। ਇਸ ਦੇ ਨਤੀਜੇ ਵਜੋਂ 5,644 ਜੇਤੂਆਂ ਨੇ 3,35,80,215 ਰੁਪਏ ਦੇ ਇਨਾਮ ਜਿੱਤੇ। ਇੱਕ ਪ੍ਰੈਸ ਬਿਆਨ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਬਿੱਲ ਜਾਰੀ ਕਰਨ ਵਿੱਚ ਬੇਨਿਯਮੀਆਂ ਦੇ ਦੋਸ਼ੀ ਪਾਏ ਗਏ ਅਦਾਰਿਆਂ ਵਿਰੁੱਧ 9,07,06,102 ਰੁਪਏ ਦੇ ਜੁਰਮਾਨੇ ਲਗਾਏ ਗਏ ਹਨ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਇਸ ਜੁਰਮਾਨੇ ਵਿੱਚੋਂ, 7,30,92,230 ਰੁਪਏ ਵਸੂਲ ਕੀਤੇ ਜਾ ਚੁੱਕੇ ਹਨ, ਜੋ ਕਿ ਵਿੱਤੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਵਿੱਤ ਮੰਤਰੀ ਨੇ 7 ਅਗਸਤ ਨੂੰ ਪਟਿਆਲਾ ਵਿੱਚ ਕਰ ਅਤੇ ਆਬਕਾਰੀ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਜੁਲਾਈ 2025 ਲਈ ਕੱਢੇ ਗਏ ਲੱਕੀ ਡਰਾਅ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਜੁਲਾਈ 2025 ਦੌਰਾਨ 'ਮੇਰਾ ਬਿੱਲ' ਐਪ 'ਤੇ 6,345 ਬਿੱਲ ਅਪਲੋਡ ਕੀਤੇ ਗਏ ਅਤੇ ਡਰਾਅ ਦੇ ਨਤੀਜੇ ਵਜੋਂ 257 ਜੇਤੂਆਂ ਨੇ ਕੁੱਲ 15,30,015 ਰੁਪਏ ਦੀ ਇਨਾਮੀ ਰਾਸ਼ੀ ਜਿੱਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਭਾਗ ਲੋੜੀਂਦੇ ਵੇਰਵੇ ਜਿਸ ਵਿੱਚ ਮੁੱਖ ਤੌਰ 'ਤੇ ਜੇਤੂ ਦਾ ਖਾਤਾ ਨੰਬਰ ਸ਼ਾਮਲ ਹੈ, ਪ੍ਰਾਪਤ ਹੋਣ 'ਤੇ ਜੇਤੂਆਂ ਦੇ ਖਾਤਿਆਂ ਵਿੱਚ ਤੁਰੰਤ ਇਨਾਮੀ ਰਾਸ਼ੀ ਟ੍ਰਾਂਸਫਰ ਕਰ ਦਿੰਦਾ ਹੈ।

# ਸੰਤ ਸੀਚੇਵਾਲ ਵੱਲੋਂ ਮੰਡ ਇਲਾਕੇ ਦਾ ਦੌਰਾ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਬਾਅਦ ਦੁਪਹਿਰ ਮੰਡ ਇਲਾਕੇ ਦਾ ਦੌਰਾ ਕੀਤਾ। ਸੰਤ ਸੀਚੇਵਾਲ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਮੌਕੇ 'ਤੇ ਡਰੇਨੇਜ ਵਿਭਾਗ ਦੇ ਐਕਸੀਅਨ ਨੂੰ ਹਦਾਇਤਾਂ ਕੀਤੀਆਂ ਕਿ ਕਿਸਾਨਾਂ ਨਾਲ ਤਾਲਮੇਲ ਰੱਖਣ ਅਤੇ ਜਿੱਥੇ ਬੰਨ੍ਹ ਕਮਜ਼ੋਰ ਲੱਗ ਰਿਹਾ ਹੈ, ਉਥੇ ਮਿੱਟੀ ਦੇ ਬੋਰਿਆਂ ਦਾ ਅਗਾਊਂ ਪ੍ਰਬੰਧ ਕਰਕੇ ਰੱਖਣ। ਡਰੇਨੇਜ ਵਿਭਾਗ ਦੇ ਅਧਿਕਾਰੀਆਂ ਦੱਸਿਆ ਕਿ ਲਗਭਗ ਮਿੱਟੀ ਦੇ ਭਰੇ ਹੋਏ 20,000 ਬੋਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਕਿ ਧੁੱਸੀ ਬੰਨ੍ਹ ਉੱਪਰ ਸੰਵੇਦਨਸ਼ੀਲ ਥਾਵਾਂ ਉੱਪਰ ਰੱਖੇ ਗਏ ਹਨ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਲਗਾਤਾਰ ਮੰਡ ਖੇਤਰ ਦਾ ਦੌਰਾ ਕਰਕੇ ਰਾਹਤ ਪ੍ਰਬੰਧਾਂ ਨੂੰ ਹੋਰ ਪੁਖਤਾ ਕਰਨ। ਸੰਤ ਸੀਚੇਵਾਲ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਨ੍ਹਾਂ ਨੂੰ ਫੌਜ ਵਾਂਗ ਮੁਸਤੈਦ ਰਹਿਣਾ ਚਾਹੀਦਾ ਹੈ। ਸੰਤ ਸੀਚੇਵਾਲ ਨੇ ਮੰਡ ਇਲਾਕੇ ਵਿੱਚ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਯੋਧੇ ਦੱਸਦਿਆਂ ਕਿਹਾ ਕਿ ਬਿਆਸ ਦਰਿਆ ਅਤੇ ਕਾਲੀ ਵੇਈਂ ਦੇ ਵਿਚਕਾਰ ਖੇਤੀ ਕਰਨੀ ਆਪਣੇ ਆਪ ਵਿੱਚ ਹੀ ਵੱਡਾ ਉਪਰਾਲਾ ਹੈ। ਮੰਡ ਵਿੱਚ ਖੇਤੀ ਕਰਨੀ ਬਹੁਤ ਹੀ ਜੋਖਮ ਭਰਿਆ ਕੰਮ ਹੈ। ਉਨ੍ਹਾਂ ਕਿਹਾ ਕਿ ਉਹ ਹਰ ਸੰਕਟ ਦੀ ਘੜੀ ਵਿੱਚ ਕਿਸਾਨਾਂ ਦੇ ਨਾਲ ਖੜ੍ਹੇ ਰਹਿਣਗੇ। ਮੌਕੇ 'ਤੇ ਇਕੱਠੇ ਹੋਏ ਕਿਸਾਨਾਂ ਨੇ ਦੱਸਿਆ ਕਿ ਬਿਆਸ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਕਿਸਾਨਾਂ ਨੇ ਦੱਸਿਆ ਕਿ ਢਿੱਲਵਾਂ ਪੁਲ ਤੋਂ ਪਾਣੀ 80 ਹਾਜ਼ਾਰ ਕਿਊਸਿਕ ਵਗ ਰਿਹਾ ਹੈ। ਮੰਡ ਖੇਤਰ ਵਿੱਚ 25 ਤੋਂ 30 ਹਾਜ਼ਰ ਏਕੜ ਝੋਨਾ ਬੀਜਿਆ ਜਾਂਦਾ ਹੈ।

# ਭਾਰਗੋ ਨਗਰ 'ਚ ਬਣਨਗੀਆਂ 18 ਲੱਖ ਰੁਪਏ ਦੀ ਲਾਗਤ ਨਾਲ ਤਿੰਨ ਸੜਕਾਂ

## ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਸੜਕ ਨਿਰਮਾਣ ਦਾ ਰੱਖਿਆ ਨੀਂਹ ਪੱਥਰ



**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵਲੋਂ ਭਾਰਗੋ ਨਗਰ ਦੇ ਵਾਰਡ ਨੰਬਰ 44 ਵਿੱਚ 18 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਤਿੰਨ ਸੜਕਾਂ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ ਗਿਆ। ਸਥਾਨਕ ਕੌਂਸਲਰ ਰਾਜ ਕੁਮਾਰ ਰਾਜੂ ਨਾਲ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਨਾਲ ਜਿੱਥੇ ਭਾਰਗੋ ਨਗਰ ਵਾਸੀਆਂ ਤੇ ਦੁਕਾਨਦਾਰਾਂ ਦੀ ਮੰਗ ਪੂਰੀ ਹੋਵੇਗੀ, ਉਥੇ ਹੀ ਮੁੱਖ ਬਜ਼ਾਰਾਂ ਵਿੱਚ ਆਉਣ-ਜਾਣਾ ਹੋਰ ਵੀ ਸੁਖਾਲਾ ਹੋਵੇਗਾ। ਪੰਜਾਬ ਸਰਕਾਰ ਦੀ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ 'ਤੇ ਚਾਨਣਾ ਪਾਉਂਦਿਆਂ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਮੇਂ ਸਿਰ ਵਿਕਾਸ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਰੋਜ਼ਾਨਾ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਮਾਨਸੂਨ ਦਾ ਸੀਜ਼ਨ ਖ਼ਤਮ ਹੋਣ 'ਤੇ ਸ਼ਹਿਰਾਂ ਵਿੱਚ ਸੜਕੀ ਬੁਨਿਆਦੀ ਢਾਂਚੇ ਨੂੰ ਹੋਰ ਮਜਬੂਤ ਕਰਨ ਲਈ ਅਨੇਕਾਂ ਸੜਕੀ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਸਮੇਂ ਸਿਰ ਇਨ੍ਹਾਂ ਸੜਕੀ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਦੇ ਨਾਲ-ਨਾਲ ਕੰਮ ਦੀ ਗੁਣਵੱਤਾ 'ਤੇ ਬਾਰੀਕੀ ਨਾਲ ਨਿਗਰਾਨੀ ਕਰਨ ਦੀਆਂ ਹਦਾਇਤਾਂ ਵੀ ਕੀਤੀਆਂ।

# ਮਾਨ ਸਰਕਾਰ ਔਰਤਾਂ ਨੂੰ ਸਵੈਰੁਜ਼ਗਾਰ ਦੇ ਮੌਕੇ ਦੇ ਰਹੀ : ਸੰਤੋਸ਼ ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਹਰੇਕ ਵਰਗ ਲਈ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਬਲਾਕ ਬਲਾਚੌਰ ਦੇ ਪਿੰਡ ਰਾਇਪੁਰ ਗੜ੍ਹੀ ਤੇ ਜਾਡਲੀ ਵਿੱਚ ਪੰਜਾਬ ਦਿਹਾਤੀ ਅਜੀਵਿਕਾ ਮਿਸ਼ਨ ਦੇ ਤਹਿਤ ਚੱਲ ਰਹੇ ਉਸਮ ਕਲਾਸਟਰ ਲੈਵਲ ਸੰਗਠਨ ਵਿੱਚ ਪਹਿਲ ਪ੍ਰੋਜੈਕਟ ਦੇ ਰਾਹੀਂ ਔਰਤਾਂ ਨੂੰ ਮਿਲਣ ਮੌਕੇ ਕੀਤਾ। ਇਸ ਪ੍ਰੋਜੈਕਟ ਹੇਠ ਸੈਲਫ-ਹੈਲਪ ਗਰੁੱਪਾਂ ਦੀਆਂ ਮੈਂਬਰ ਔਰਤਾਂ ਨੂੰ ਸਰਕਾਰੀ ਸਕੂਲਾਂ ਦੀਆਂ ਵਰਦੀਆਂ ਤਿਆਰ ਕਰਨ ਦਾ ਕੰਮ ਦਿੱਤਾ ਜਾ ਰਿਹਾ ਹੈ, ਜਿਸ ਰਾਹੀਂ ਉਨ੍ਹਾਂ ਨੂੰ ਘਰ ਦੇ ਨੇੜੇ ਹੀ ਰੋਜ਼ਗਾਰ ਮੁਹੱਈਆ ਹੋ ਰਿਹਾ ਹੈ।ਇਸ ਯੋਜਨਾ ਨੇ ਬਲਾਚੌਰ ਹਲਕੇ 'ਚ ਔਰਤਾਂ ਦੀ ਆਰਥਿਕ ਸਥਿਤੀ ਵਿੱਚ ਨਵਾਂ ਜੋਸ਼ ਭਰਿਆ ਹੈ। ਪਿੰਡਾਂ ਦੇ ਸੈਲਫ ਹੈਲਪ ਗਰੁੱਪਾਂ ਵਿੱਚ ਸ਼ਾਮਲ ਸੈਂਕੜੇ ਔਰਤਾਂ ਹੁਣ ਆਪਣੇ ਪੈਰਾਂ 'ਤੇ ਖੜੀਆਂ ਹਨ ਅਤੇ ਸਮਾਜ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ।ਇਸ ਪ੍ਰੋਜੈਕਟ ਦੀ ਤਰੱਕੀ ਦਾ ਜਾਇਜ਼ਾ ਲੈਣ ਲਈ ਬਲਾਚੌਰ ਹਲਕੇ ਤੋਂ ਵਿਧਾਇਕ ਸੰਤੋਸ਼ ਕਟਾਰੀਆ ਨੇ ਪਿੰਡ ਰਾਏਪੁਰ ਗੜ੍ਹੀ ਅਤੇ ਪਿੰਡ ਜਾਡਲੀ ਦਾ ਦੌਰਾ ਕੀਤਾ। ਉਨ੍ਹਾਂ ਨੇ ਔਰਤਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ ਤੇ ਭਵਿੱਖ 'ਚ ਹੋਰ ਵੀ ਉਨ੍ਹਾਂ ਦੀ ਮਦਦ ਕਰਨ ਦੇ ਭਰੋਸੇ ਦਿੱਤੇ।ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ, ਪਰਾਇਓਰਟੀ ਪ੍ਰੋਜੈਕਟ ਨੇ ਸਾਡੀਆਂ ਪਿੰਡ ਦੀਆਂ ਔਰਤਾਂ ਨੂੰ ਨਾ ਸਿਰਫ਼ ਰੋਜ਼ਗਾਰ ਦਿੱਤਾ ਹੈ, ਸਗੋਂ ਉਨ੍ਹਾਂ ਦੇ ਮਨੋਨੈਤਿਕ ਆਤਮ ਵਿਸ਼ਵਾਸ ਨੂੰ ਵੀ ਮਜ਼ਬੂਤ ਕੀਤਾ ਹੈ। ਇਹ ਉੱਦਮ ਪੰਜਾਬ ਸਰਕਾਰ ਵੱਲੋਂ ਆਤਮਨਿਰਭਰ ਪਿੰਡਾਂ ਵੱਲ ਇੱਕ ਵਿਅਕਤੀਗਤ ਕਦਮ ਹੈ। ਸਥਾਨਕ ਲੋਕਾਂ ਨੇ ਵੀ ਇਸ ਪ੍ਰੋਜੈਕਟ ਦੀ ਭਰਪੂਰ ਸਰਾਹਣਾ ਕੀਤੀ। ਇਹ ਯਤਨ ਨਾ ਕੇਵਲ ਰੋਜ਼ਗਾਰ ਪੈਦਾ ਕਰ ਰਹੇ ਹਨ, ਸਗੋਂ ਔਰਤਾਂ ਨੂੰ ਸਮਰਥ ਬਣਾ ਕੇ ਸਮਾਜਕ ਤਬਦੀਲੀਆਂ ਦੀ ਨਵੀਂ ਲਕੀਰ ਖਿੱਚ ਰਹੇ ਹਨ।



# ਸ੍ਰੀ ਹਨੂਮਤ ਇੰਸਟੀਚਿਊਟ ਵਿਖੇ ਬ੍ਰਾਂਡ ਵਾਰ ਡਿਬੇਟ ਪ੍ਰਤੀਯੋਗਤਾ ਦਾ ਆਯੋਜਨ



**ਗੁਰਾਇਆ (ਬਿੰਦਰ ਸੁੰਮਨ)**- ਸ੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਦੇ ਵਣਜ ਤੇ ਪ੍ਰਬੰਧਨ ਵਿਭਾਗ ਵਲੋਂ ਇੱਕ ਅੰਤਰ-ਵਿਭਾਗੀ ਬ੍ਰਾਂਡ ਵਾਰ ਡਿਬੇਟ ਪ੍ਰਤਿਯੋਗਿਤਾ ਦਾ ਪ੍ਰਭਾਵਸ਼ਾਲੀ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਮੈਸਟਰਾਂ ਦੀਆਂ ਛੇ ਗਤੀਸ਼ੀਲ ਟੀਮਾਂ ਨੇ ਹਿੱਸਾ ਲਿਆ। ਹਰੇਕ ਟੀਮ 'ਚ 2 ਮੈਂਬਰ ਸਨ, ਜਿਨ੍ਹਾਂ ਨੇ ਆਪਣੇ-ਆਪਣੇ ਬ੍ਰਾਂਡਾਂ ਦੀਆਂ ਖੂਬਸੂਰਤ ਤਸਵੀਰਾਂ ਅਤੇ ਅਸਾਧਾਰਨ ਢੰਗ ਨਾਲ ਮੌਖਿਕ ਪੇਸ਼ਕਾਰੀ ਦਿੱਤੀ। ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਕੋਈ ਵੀ ਮਸ਼ਹੂਰ ਬ੍ਰਾਂਡ ਸਿਰਫ਼ ਇੱਕ ਉਤਪਾਦ ਨਹੀਂ ਹੁੰਦਾ ਸਗੋਂ ਸਫਲਤਾ ਦੀ ਅਜਿਹੀ ਦਾਸਤਾਨ ਹੁੰਦਾ ਹੈ, ਜਿਸ ਦੇ ਪਿੱਛੇ ਉਤਪਾਦਕਾਂ ਦੀ ਅਣਥੱਕ ਮਿਹਨਤ ਅਤੇ ਜਨੂੰਨੀ ਸਮਰਪਣ ਛੁਪਿਆ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਰਚਨਾਤਮਕਤਾ, ਆਤਮਵਿਸ਼ਵਾਸ ਅਤੇ ਆਲੋਚਨਾਤਮਕ ਸੋਚ ਦਾ ਇੱਕ ਵਧੀਆ ਪ੍ਰਦਰਸ਼ਨ ਸੀ। ਟੀਮਾਂ ਦੀ ਸਮੱਗਰੀ, ਪੇਸ਼ਕਾਰੀ ਅਤੇ ਪ੍ਰਭਾਵ ਦੇ ਆਧਾਰ 'ਤੇ ਦੋ ਟੀਮਾਂ ਨੂੰ ਜੇਤੂ ਐਲਾਨਿਆ ਗਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ ਪੈਦਾ ਕਰਦੀਆਂ ਹਨ ਅਤੇ ਬੌਧਿਕ ਵਿਕਾਸ 'ਚ ਬਹੁਤ ਮਦਦਗਾਰ ਹੁੰਦੀਆਂ ਹਨ।

# ਮੀਟਿੰਗ ਦੀ ਤਰੀਕ ਵਾਰ-ਵਾਰ ਅੱਗੇ ਪਾਉਣ ਦੀ ਕੀਤੀ ਸਖ਼ਤ ਨਿਖੇਧੀ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )**
ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨਾਂ ਵਿੱਚ ਸਦੀਵੀ ਵਿਛੋੜਾ ਦੇ ਗਏ ਐਸੋਸੀਏਸ਼ਨ ਦੇ ਮੈਂਬਰ ਸੀਤਲ ਰਾਮ ਲੋਈ ਦੇ ਚਚੇਰੇ ਭਰਾ ਵਿਜੇ ਕੁਮਾਰ,ਪੈਨਸ਼ਨਰ ਜੋਗ ਰਾਜ ਅੱਪਰਾ,ਸਾਥੀ ਜਗੀਰ ਸਿੰਘ ਕਿਰਪਾ ਨਗਰ,ਪੈਨਸ਼ਨਰ ਹੁਸਨ ਲਾਲ ਮਣਸਾ ਦੇਵੀ ਨਗਰ ਆਦਿ ਦੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਐਸੋਸੀਏਸ਼ਨ ਦੇ ਜਿਹਨਾਂ ਮੈਂਬਰਾਂ ਦਾ ਜਨਮ ਦਿਨ ਅਗਸਤ ਮਹੀਨੇ ਵਿੱਚ ਆਉਂਦਾ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ, ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਮੀਟਿੰਗ ਦੀ ਸਮੁੱਚੀ ਕਾਰਵਾਈ ਨੂੰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਚਲਾਇਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਐਸੋਸੀਏਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਵਤੀਰੇ ਸੰਬੰਧੀ ਜਾਣਕਾਰੀ ਵਿਸਥਾਰ ਵਿੱਚ ਦਿੱਤੀ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਸਾਂਝੇ ਤੌਰ 'ਤੇ ਪੰਜਾਬ ਸਰਕਾਰ ਵਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨੂੰ ਦਿੱਤੀ ਮੀਟਿੰਗ ਦੀ ਤਰੀਕ ਵਾਰ ਵਾਰ ਅੱਗੇ ਪਾਉਣ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਮੀਟਿੰਗ ਦੀ ਤਰੀਕ ਵਾਰ ਵਾਰ ਅੱਗੇ ਪਾਉਣੀ ਤੁਰੰਤ ਬੰਦ ਕੀਤੀ ਜਾਵੇ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਦੋ ਧਿਰੀ ਗੱਲਬਾਤ ਕਰਦੇ ਹੋਏ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਅਤੇ ਲਾਗੂ ਕਰਨ ਐਲਾਨ ਪੰਜਾਬ ਸਰਕਾਰ ਤੁਰੰਤ ਕਰੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ,ਪ੍ਰਧਾਨ ਮੋਹਣ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਐਡੀਟਰ ਕ੍ਰਿਸ਼ਨ ਗੋਪਾਲ ਚੋਪੜਾ, ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ,ਕੇ ਕੇ ਪਾਂਡੇ, ਹਰਭਜਨ ਲਾਲ ਕੌਲ,ਹਰਭਜਨ ਲਾਲ, ਪਿਆਰਾ ਰਾਮ ਪਲਾਹੀ, ਅਵਤਾਰ ਸਿੰਘ,ਰਤਨ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।



# ਜਸਨੀਤ ਸਿੰਘ ਚਾਹਲ ਕੈਨੇਡਾ 'ਚ ਬਣਿਆ ਵਕੀਲ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)** - ਨਜ਼ਦੀਕੀ ਪਿੰਡ ਸੰਘਵਾਲ ਦੇ ਜੰਮਪਲ ਹਰਨੇਕ ਸਿੰਘ ਚਾਹਲ ਅਤੇ ਜਸਵੀਰ ਕੌਰ ਚਾਹਲ ਦਾ ਹੋਣਹਾਰ ਪੁੱਤਰ ਜਸਨੀਤ ਸਿੰਘ ਚਾਹਲ ਨੇ ਆਪਣੀ ਯੋਗਤਾ ਅਤੇ ਸਖਤ ਮਿਹਨਤ ਦੇ ਸਦਕਾ ਕੈਨੇਡਾ ਦੇ ਟੋਰੰਟੋ ਸ਼ਹਿਰ ਵਿੱਚ ਵਕੀਲ ਬਣ ਕੇ ਅਤੇ ਆਪਣਾ ਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ ! ਜਸਨੀਤ ਦੇ ਤਾਇਆ ਜਸਵੰਤ ਸਿੰਘ ਚਾਹਲ ਤੇ ਤਾਈ ਪ੍ਰਦੀਪ ਕੌਰ ਨੇ ਖ਼ੁਸ਼ੀ 'ਚ ਦੱਸਿਆ ਕਿ ਹਰਨੇਕ ਸਿੰਘ ਤੇ ਉਨ੍ਹਾਂ ਦਾ ਪਰਵਾਰ ਕਾਫੀ ਸਮੇਂ ਤੋਂ ਕੈਨੇਡਾ 'ਚ ਰਹਿ ਰਿਹਾ ਹੈ! ਉਨ੍ਹਾਂ ਦੇ ਬੇਟੇ ਜਸਨੀਤ ਨੇ ਯੂਕੇ ਤੋਂ ਐਲ ਐਲ ਬੀ ਡਿਗਰੀ ਹਾਸਲ ਕੀਤੀ ਤੇ ਹੁਣ ਉਹ ਕੈਨੇਡਾ 'ਚ ਵਕੀਲ ਬਣ ਕੇ ਆਪਣੀਆਂ ਸੇਵਾਵਾਂ ਦੇਵੇਗਾ!

# ਖਰੜ ਦੇ ਵਸਨੀਕਾਂ ਨੇ ਲਾਂਡਰਾਂ-ਖਰੜ ਹਾਈਵੇਅ ਕੀਤਾ ਜਾਮ

**ਖਰੜ (ਹਰਨਾਮ ਸਿੰਘ ਡੱਲਾ)**- ਸੈਕਟਰ 115 ਦੇ ਜੇ ਟੀ ਪੀ ਐੱਲ ਨਿਵਾਸੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਲਾਂਡਰਾਂ-ਖਰੜ ਹਾਈਵੇਅ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ।ਸੜਕਾਂ, ਸੀਵਰੇਜ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਨਾਲ ਪੈਦਾ ਹੋ ਰਹੀਆਂ ਸਮੱਸਿਆਵਾਂ ਕਾਰਨ ਨਾਰਾਜ਼ ਲੋਕਾਂ ਨੇ ਖਰੜ ਨਗਰ ਕੌਂਸਲ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਜੇ ਟੀ ਪੀ ਐੱਲ ਰੈਜ਼ੀਡੈਂਟ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਸੰਭਵ ਨਈਅਰ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਨਗਰ ਕੌਂਸਲ ਖਰੜ ਵੱਲੋਂ ਸੀਵਰੇਜ ਪਲਾਂਟ ਦਾ ਕੰਮ ਚੱਲ ਰਿਹਾ ਹੈ।ਇਸ ਦੌਰਾਨ ਸੁਸਾਇਟੀ ਦੀਆਂ ਸੜਕਾਂ ਪੁੱਟ ਕੇ ਪਾਈਪਾਂ ਬਿਛਾਈਆਂ ਗਈਆਂ ਪਰ ਉਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਗਈ। ਬਰਸਾਤੀ ਤੇ ਸੀਵਰੇਜ ਪਾਣੀ ਕਾਰਨ ਸੜਕਾਂ ਅਕਸਰ ਪਾਣੀ ਨਾਲ ਭਰ ਜਾਂਦੀਆਂ ਹਨ, ਜੋ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਕਈ ਵਾਰ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵੀ ਟੁੱਟ ਜਾਂਦੀਆਂ ਹਨ, ਜਿਸ ਨਾਲ ਨਿਵਾਸੀਆਂ ਨੂੰ ਕਈ ਦਿਨ ਤੱਕ ਪਾਣੀ ਤੋਂ ਵਾਂਝਾ ਰਹਿਣਾ ਪੈਂਦਾ ਹੈ। ਹਾਲਤ ਇਹ ਹੈ ਕਿ ਜੇ ਟੀ ਪੀ ਐੱਲ ਸੁਸਾਇਟੀ 'ਚੋਂ ਸੀਵਰੇਜ ਟਰੀਟਮੈਂਟ ਪਲਾਂਟ ਲੰਘਦਾ ਹੈ, ਪਰ ਸੁਸਾਇਟੀ ਨੂੰ ਇਸ ਦਾ ਕੁਨੈਕਸ਼ਨ ਨਹੀਂ ਦਿੱਤਾ ਗਿਆ, ਜਿਸ ਨਾਲ 900 ਤੋਂ ਵੱਧ ਪਰਵਾਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਸੋਸਾਇਟੀ ਦੀ ਜਨਰਲ ਸਕੱਤਰ ਸੁਮਨ ਲਤਾ ਨੇ ਕਿਹਾ ਕਿ ਸੁਸਾਇਟੀ ਦਾ ਸਾਰਾ ਪਾਣੀ ਨੇੜਲੇ ਪਿੰਡ ਖ਼ੂਨੀ ਮਾਜਰਾ ਦੇ ਟੋਭੇ 'ਚ ਛੱਡਿਆ ਜਾ ਰਿਹਾ ਹੈ। ਬਾਰਿਸ਼ ਨਾ ਹੋਣ 'ਤੇ ਵੀ ਸੁਸਾਇਟੀ ਸੀਵਰੇਜ ਦੇ ਪਾਣੀ ਨਾਲ ਡੁੱਬੀ ਰਹਿੰਦੀ ਹੈ। ਸਮਾਜਸੇਵੀ ਹਰਜੀਤ ਪੰਨੂ ਨੇ ਕਿਹਾ ਕਿ ਖਰੜ ਨਗਰ ਕੌਂਸਲ ਸਭ ਤੋਂ ਅਮੀਰ ਕੌਂਸਲਾਂ 'ਚੋ ਇੱਕ ਹੈ, ਪਰ ਵਿਕਾਸ ਕਾਰਜਾਂ ਵਿੱਚ ਇਸ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਖ਼ੂਨੀ ਮਾਜਰਾ ਨੇ ਕਿਹਾ ਕਿ ਜੇਕਰ ਮਸਲੇ ਜਲਦੀ ਹੱਲ ਨਾ ਕੀਤੇ ਗਏ ਤਾਂ ਹੋਰ ਜਥੇਬੰਦੀਆਂ ਨਾਲ ਮਿਲ ਕੇ ਐੱਸ ਡੀ ਐੱਮ ਦਫ਼ਤਰ ਖਰੜ ਵਿਖੇ ਪੱਕਾ ਧਰਨਾ ਦਿੱਤਾ ਜਾਵੇਗਾ।



# ਮੁਲਾਜ਼ਮ-ਪੈਨਸ਼ਨਰ ਫਰੰਟ ਨੇ ਸਰਕਾਰ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪੰਜਾਬ ਸਰਕਾਰ ਵਲੋਂ ਲਗਾਤਾਰ ਮੁਲਾਜ਼ਮ-ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਦੇ ਵਿਰੋਧ ਵਿੱਚ ਮੁਲਾਜ਼ਮ-ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾ ਕਮੇਟੀ ਨੇ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗ ਲਈ ਸਮਾਂ ਦੇਣ ਉਪਰੰਤ ਐਨ ਮੌਕੇ 'ਤੇ ਮੀਟਿੰਗ ਰੱਦ ਕਰਨ ਵਿਰੁੱਧ ਬਲਾਕ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਗਿਆ।ਬਲਾਕ ਮਾਹਿਲਪੁਰ ਦੇ ਮੁਲਾਜ਼ਮ-ਪੈਨਸ਼ਨਰ ਫਰੰਟ ਵਲੋਂ ਸਥਾਨਕ ਸਬਜ਼ੀ ਮੰਡੀ ਵਿਖੇ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਅਤੇ ਕਮਲਜੀਤ ਕੌਰ ਖੜੌਦੀ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ, ਮਜਦੂਰਾਂ ਅਤੇ ਆਮ ਕਿਰਤੀ ਲੋਕਾਂ ਦਾ ਆਰਥਿਕ ਸੋਸ਼ਣ ਕਰ ਰਹੀ ਹੈ।ਪੁਰਾਣੀ ਪੈਨਸ਼ਨ, ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮ ਪੱਕੇ ਕਰਨ, ਨਿੱਜੀਕਰਨ ਬੰਦ ਕਰਨ , ਡੀ.ਏ ਅਤੇ ਪੇਅ-ਕਮਿਸ਼ਨ ਦੇ ਬਕਾਏ, ਕੱਟੇ 37 ਭੱਤੇ ਅਤੇ ਏ.ਸੀ.ਪੀ ਬਹਾਲ ਕਰਨ, ਪੈਨਸ਼ਨਰਾਂ ਲਈ 2.59 ਗੁਣਾਂਕ, ਕੇਂਦਰੀ ਪੇਅ-ਕਮਿਸ਼ਨ ਰੱਦ ਕਰਨ ਅਤੇ ਹੋਰ ਕਈ ਹੱਕੀ ਅਤੇ ਜਾਇਜ ਮੰਗਾਂ ਨੂੰ ਹੱਲ ਨਹੀਂ ਕਰ ਰਹੀ ਹੈ।ਆਗੂਆਂ ਨੇ ਸੂਬਾ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਮੁਲਾਜ਼ਮ-ਪੈਨਸ਼ਨਰ ਵਰਗ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ।ਮੁਜ਼ਾਹਰਾਕਾਰੀਆਂ ਵਲੋਂ ਪੰਜਾਬ ਸਰਕਾਰ ਦੀ ਵਾਅਦਾ ਖਿਲਾਫ਼ੀ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਪਰਮਜੀਤ ਕਾਤਿਬ, ਸਤਨਾਮ ਸਿੰਘ, ਜਸਵਿੰਦਰ ਸਿੰਘ, ਹਰਮਨੋਜ ਕੁਮਾਰ, ਹਰਮਨੋਜ ਕੁਮਾਰ, ਮਹਿੰਦਰ ਪਾਲ, ਅਮਰਜੀਤ ਸਿੰਘ, ਗੁਰਮੁੱਖ ਸਿੰਘ, ਸੁਖਦੇਵ ਸਿੰਘ, ਪਰਮਜੀਤ ਸਿੰਘ, ਸੋਹਣ ਸਿੰਘ, ਹਰਬਲਾਸ ਸਿੰਘ, ਦਿਲਬਾਗ ਸਿੰਘ, ਚਰਨਜੀਤ ਕੁਮਾਰ, ਸਰਬਜੀਤ ਸਿੰਘ, ਬਖਤਾਵਰ ਸਿੰਘ, ਸੁਰਿੰਦਰ ਕੌਰ, ਆਸ਼ਾ ਰਾਣੀ, ਬਲਵਿੰਦਰ ਕੌਰ ਅਤੇ ਕੁਲਵਿੰਦਰ ਕੌਰ ਹਾਜ਼ਰ ਸਨ।

# ਬੀ ਡੀ ਪੀ ਓ ਦਾ ਦਫਤਰ ਖਤਮ ਕਰਨ ਵਿਰੁੱਧ ਇਲਾਕਾ ਹੋਇਆ ਲਾਮਬੰਦ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**—ਦੋਆਬਾ ਕਿਸਾਨ ਸੰਘਰਸ਼ ਕਮੇਟੀ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਬੱਦੋਵਾਲ ਸਾਹਿਬ ਵਿਖੇ ਹੋਈ ਜਿਸ ਵਿੱਚ ਮਤਾ ਪਾਸ ਕਰਕੇ ਕਿਹਾ ਗਿਆ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਅੰਦਰ ਖਾਤੇ 83 ਪਿੰਡਾਂ ਨਾਲ ਸਬੰਧਿਤ ਦੋ ਏਕੜ ਜ਼ਮੀਨ ਵਿੱਚ ਬਣੇ ਬੀਡੀਪੀਓ ਬਲਾਕ ਭੋਗਪੁਰ ਦਾ ਦਫਤਰ ਨੂੰ ਬੀਡੀਪੀਓ ਬਲਾਕ ਦੇ ਦਫ਼ਤਰ ਆਦਮਪੁਰ ਵਿੱਚ ਸ਼ਾਮਿਲ ਕਰਕੇ ਵਿਧਾਨ ਸਭਾ ਹਲਕਾ ਆਦਮਪੁਰ ਦਾ ਇੱਕ ਬੀਡੀਪੀਓ ਬਲਾਕ ਦਾ ਦਫ਼ਤਰ ਬਣਾ ਰਹੀ ਹੈ ਅਤੇ ਕੁਝ ਪਿੰਡ ਵਿਧਾਨ ਸਭਾ ਹਲਕਾ ਕਰਤਾਰਪੁਰ ਵਿਚ ਸ਼ਾਮਿਲ ਕਰਕੇ ਕਰਤਾਰਪੁਰ ਦਾ ਨਵਾਂ ਬਲਾਕ ਬਣਾਉਣ ਦੀ ਯੋਜਨਾ ਨੂੰ ਅਮਲ ਰੂਪ ਵਿੱਚ ਲਿਆਉਣ ਨਹੀਂ ਦਿੱਤਾ ਜਾਵੇਗਾ ਭਾਵੇਂ ਵੱਡਾ ਸੰਘਰਸ਼ ਵਿੱਢਣਾ ਪਵੇ।ਸੀਨੀਅਰ ਕਾਂਗਰਸੀ ਆਗੂ ਰਾਮ ਲੁਭਾਇਆ, ਬਲਵਿੰਦਰ ਸਿੰਘ ਮੱਲੀ ਨੰਗਲ, ਹਰਵਿੰਦਰ ਪਾਲ ਸਿੰਘ ਡੱਲੀ, ਅਮੋਲਕ ਸਿੰਘ ਡੱਲੀ, ਬਲਜੀਤ ਸਿੰਘ ਘੋੜਾਬਾਹੀ ਅਤੇ ਇਲਾਕੇ ਦੇ ਸਰਪੰਚਾਂ ਨੇ ਵਿਚਾਰ ਰੱਖਦਿਆਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਪਹਿਲਾਂ ਭੋਗਪੁਰ ਵਿੱਚ ਸੀ ਐਨ ਜੀ ਬਾਇਓ ਗੈਸ ਪਲਾਂਟ ਲਗਾ ਕੇ ਅਤੇ ਹੁਣ ਬੀਡੀਪੀਓ ਬਲਾਕ ਦਾ ਦਫਤਰ ਖਤਮ ਕਰਕੇ ਭੋਗਪੁਰ ਸ਼ਹਿਰ ਨੂੰ ਹੀ ਨਹੀਂ ਸਗੋਂ ਇਲਾਕੇ ਦੇ ਪਿੰਡਾਂ ਦੀ ਖੁਸ਼ਹਾਲੀ ਅਤੇ ਤਰੱਕੀ ਨੂੰ ਤਬਾਹ ਕਰਨ ਦਾ ਮੁੱਢ ਬੰਨ੍ਹ ਦਿੱਤਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ । ਬੁਲਾਰਿਆਂ ਨੇ ਕਿਹਾ ਕਿ 13 ਅਗਸਤ ਨੂੰ ਦਾਣਾ ਮੰਡੀ ਭੋਗਪੁਰ ਵਿਖੇ ਇਲਾਕੇ ਦੀਆਂ ਪੰਚਾਇਤਾਂ, ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਦਾ ਵਿਸ਼ਾਲ ਇਕੱਠ ਕਰਕੇ ਬੀਡੀਪੀਓ ਬਲਾਕ ਭੋਗਪੁਰ ਦੀ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।ਹਲਕਾ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਆਪ ਸਰਕਾਰ ਦੀਆਂ ਲੋਕ ਮਾਰੂ ਅਤੇ ਗਲਤ ਨੀਤੀਆਂ ਦਾ ਖਿਮਿਆਜਾ ਭੋਗਪੁਰ ਇਲਾਕੇ ਦੇ ਲੋਕ ਭੁਗਤ ਰਹੇ ਹਨ। ਉਹਨਾਂ ਕਿਹਾ ਕਿ ਇਸ ਮਸਲੇ ਵਿੱਚ ਲੋਕਾਂ ਦੇ ਵਿਢੇ ਸੰਘਰਸ਼ ਨਾਲ ਚਟਾਨ ਵਾਂਗ ਖੜ੍ਹਨਗੇ।ਜਦ ਆਪ ਦੇ ਹਲਕਾ ਇੰਚਾਰਜ ਅਤੇ ਪੰਜਾਬ ਰਾਜ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਅਜੇ ਸਰਕਾਰ ਨੇ ਬਲਾਕ ਦੀ ਪ੍ਰਪੋਜਲ ਤਿਆਰੀ ਕੀਤੀ ਹੈ ਜਿਸ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਵੇਗਾ। ਉਹਨਾਂ ਕਿਹਾ ਉਹਨਾਂ ਚੀਫ਼ ਸੈਕਟਰੀ ਪੰਜਾਬ ਸਰਕਾਰ ਅਤੇ ਹੋਰ ਸਬੰਧਿਤ ਉੱਚ ਅਫ਼ਸਰਾਂ ਤੋਂ ਇਲਾਵਾ ਮੰਤਰੀ ਨਾਲ ਗੱਲਬਾਤ ਕਰਕੇ ਬੀਡੀਪੀਓ ਬਲਾਕ ਭੋਗਪੁਰ ਨੂੰ ਕਾਇਮ ਰੱਖਣ ਲਈ ਕੋਸ਼ਿਸ਼ ਕਰ ਰਹੇ ਹਨ।



# ਅੱਖਾਂ ਦਾ ਫ੍ਰੀ ਮੈਡੀਕਲ ਕੈਂਪ ਲਗਾਇਆ



**ਅਲਾਵਲਪੁਰ (ਮਦਨ ਬੰਗੜ)**- ਸੁਆਮੀ ਕ੍ਰਿਸ਼ਨਾਨੰਦ ਚੈਰੀਟੇਬਲ ਟਰੱਸਟ ਵੱਲੋਂ ਮੁਹੱਲਾ ਰਾਮ ਨਗਰ ਜਲੰਧਰ ਵਿੱਚ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਪਿੰਮਸ ਹਸਪਤਾਲ ਦੇ ਮਾਹਿਰ ਡਾਕਟਰਾਂ ਵੱਲੋਂ ਲਗਭਗ 100 ਤੋਂ ਵੱਧ ਮਰੀਜਾਂ ਦੀਆ ਅੱਖਾਂ ਦਾ ਚੈੱਕ ਅਪ ਕੀਤਾ ਗਿਆ ਅਤੇ ਮੁਫ਼ਤ ਦਵਾਈਆ ਵੰਡੀਆਂ ਗਈਆਂ। ਇਸ ਮੈਡੀਕਲ ਕੈਂਪ ਵਿੱਚ ਸੁਆਮੀ ਕ੍ਰਿਸ਼ਨਾਨੰਦ ਚੈਰੀਟੇਬਲ ਟਰੱਸਟ ਦੇ ਜਨਰਲ ਸਕੱਤਰ ਅਸ਼ਵਨੀ ਕੁਮਾਰ ਬਿਰਦੀ, ਸਨੀ ਬੰਗੜ, ਵਿਨੋਦ ਕੁਮਾਰ,ਪਵਨ ਬੱਧਣ, ਮਨਜਿੰਦਰ ਬੱਧਣ, ਅਜੈ ਬਿਰਦੀ, ਅਮਿਤ ਕੁਮਾਰ ਪਾਲ (ਕੌਮੀ ਖਜਾਨਚੀ ਆਲ ਇੰਡੀਆ ਆਦਿ ਧਰਮ ਮਿਸ਼ਨ), ਸੁਰਜੀਤ ਪਾਲ, ਨਰਿੰਦਰ ਨਾਸਿਕ, ਅਸ਼ੋਕ ਜੱਸੀ, ਸ਼ਾਮ ਲਾਲ ਜੱਸੀ, ਰੌਸ਼ਨ ਬੱਧਣ, ਗੌਰਵ ਬੰਗੜ ਤੇ ਵਿਸ਼ੇਸ਼ ਤੌਰ ਤੇ ਵਾਰਡ ਦੇ ਕੌਂਸਲਰ ਸ੍ਰੀਮਤੀ ਸੀਮਾ ਰਾਣੀ ਤੇ ਉਹਨਾਂ ਦੇ ਪਤੀ ਸ੍ਰੀ ਚਰਨਜੀਤ ਬੱਧਣ ਵੀ ਹਾਜ਼ਰ ਹੋਏ। ਇਸ ਮੈਡੀਕਲ ਕੈਂਪ ਮੌਕੇ ਤੇ ਮਰੀਜ਼ਾਂ ਦੀ ਜਾਂਚ ਪਿੰਮਸ ਹਸਪਤਾਲ ਦੇ ਮਾਹਿਰ ਡਾਕਟਰ ਸਾਹਿਬਾਨ ਅਮਨਦੀਪ ਐੱਮ ਬੀ ਬੀ ਐੱਸ, ਡਾਕਟਰ ਪਿਯੁਸ਼ੀ (ਆਈ ਸਪੈਸ਼ਲਿਸਟ) ਵਲੋਂ ਕੀਤੀ ਗਈ। ਸ੍ਰੀ ਸ਼ਮੀ ਭੱਲਾ ਅਤੇ ਨਰਸਿੰਗ ਸਟਾਫ ਵੱਲੋਂ ਸਹਿਯੋਗ ਕੀਤਾ ਗਿਆ। ਸੁਆਮੀ ਕ੍ਰਿਸ਼ਨਾਨੰਦ ਚੈਰੀਟੇਬਲ ਟਰਸਟ ਦੇ ਜਨਰਲ ਸਕੱਤਰ ਅਸ਼ਵਨੀ ਕੁਮਾਰ ਬਿਰਦੀ ਵੱਲੋਂ ਪਿੰਮਸ ਦੇ ਸਮੂਹ ਡਾਕਟਰ ਸਾਹਿਬਾਨਾਂ, ਨਰਸਿੰਗ ਸਟਾਫ ਅਤੇ ਮਾਰਕੀਟਿੰਗ ਸਟਾਫ ਦਾ ਧੰਨਵਾਦ ਕੀਤਾ ਗਿਆ ਅਤੇ ਇਹ ਸੂਚਿਤ ਕੀਤਾ ਗਿਆ ਕਿ ਸੁਆਮੀ ਕ੍ਰਿਸ਼ਨਾਨੰਦ ਚੈਰੀਟੇਬਲ ਟਰਸਟ ਵੱਲੋਂ ਹਰ ਮਹੀਨੇ ਰਾਮ ਨਗਰ ਜਲੰਧਰ ਵਿਚ ਮੈਡੀਕਲ ਕੈਂਪ ਲਗਾਇਆ ਜਾਏਗਾ।

# ਕੁਲਵੰਤ ਸਿੰਘ ਸੈਣੀ ਜੱਲੋਵਾਲ ਨੇ 98ਵੀਂ ਵਾਰੀ ਖ਼ੂਨਦਾਨ ਕੀਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**—ਸੈਣੀ ਜਾਗ੍ਰਿਤੀ ਮੰਚ ਪੰਜਾਬ ਦੇ ਪ੍ਰਧਾਨ ਕੁਲਵੰਤ ਸਿੰਘ ਸੈਣੀ, ਸਰਪ੍ਰਸਤ ਮਿਉਂਸਪਲ ਮੁਲਾਜਮ ਐਕਸ਼ਨ ਕਮੇਟੀ ਪੰਜਾਬ ਵਲੋਂ 98ਵੀ ਵਾਰ ਖ਼ੂਨਦਾਨ ਭਾਈ ਘਨੱਈਆਂ ਜੀ ਬਲੱਡ ਬੈਂਕ ਹੁਸ਼ਿਆਰਪੁਰ ਵਿਖੇ ਉਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਕੀਤਾ ਗਿਆ। ਕਿਰਪਾਲ ਸਿੰਘ ਪਾਲੀ, ਸੂਰਜ, ਭੋਲਾ, ਚੰਦਨ ਅਗਨੀਹੋਤਰੀ, ਰਜੇਸ਼ ਗੁਪਤਾ ਅਤੇ ਬਿੰਦਰ ਕੁਮਾਰ ਵਲੋਂ ਖ਼ੂਨਦਾਨ ਕੀਤਾ ਗਿਆ। ਕੁਲਵੰਤ ਸਿੰਘ ਸੈਣੀ ਵਲੋਂ ਜਿੱਥੇ ਧਾਰਮਿਕ ਜਾਂ ਸਮਾਜਿਕ ਸਮੇਂ-ਸਮੇਂ ਸਿਰ ਸੇਵਾਵਾਂ ਕੀਤੀਆ ਜਾਂਦੀਆਂ ਹਨ ਉਸ ਦੇ ਨਾਲ ਹਰ 3 ਮਹੀਨੇ ਬਾਅਦ ਖ਼ੂਨਦਾਨ ਵੀ ਕੀਤਾ ਜਾਂਦਾ ਹੈ, ਖ਼ੂਨਦਾਨ ਕਰਨ ਦਾ ਟੀਚਾ 100 ਬੋਤਲ ਹੈ। ਖ਼ੂਨਦਾਨ ਕੈਂਪ ਵਿਚ ਸੰਦੀਪ ਸੈਣੀ, ਚੇਅਰਮੈਨ ਬੈਕਫਿੰਕੋ, ਵਰੁਨ, ਸੰਦੀਪ ਤਿਵਾੜੀ ਸੰਯੁਕਤ ਕਮਿਸ਼ਨਰ, ਕੁਲਦੀਪ ਸਿੰਘ, ਨਿਗਮ ਇੰਜੀਨੀਅਰ, ਚਰਨਦੀਪ ਸਿੰਘ ਖਾਲਸਾ, ਪ੍ਰੇਮ ਸੈਣੀ ਜ਼ਿਲ੍ਹਾ ਪ੍ਰਧਾਨ ਅਤੇ ਹੈਪੀ ਆਦਿ ਸ਼ਾਮਲ ਹੋਏ।



# ਪੰਜਾਬ ਨੇ ਸਬ-ਜੂਨੀਅਰ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ

● ਫਾਈਨਲ 'ਚ ਝਾਰਖੰਡ ਨੂੰ 4-3 ਨਾਲ ਹਰਾਇਆ

**ਜਲੰਧਰ-(ਸ਼ੈਲੀ ਐਲਬਰਟ)**-ਪੰਜਾਬ ਨੇ ਝਾਰਖੰਡ ਨੂੰ ਸਖਤ ਮੁਕਾਬਲੇ ਮਗਰੋਂ 4-3 ਨਾਲ ਹਰਾ ਕੇ 15ਵੀਂ ਹਾਕੀ ਇੰਡੀਆ ਸਬ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਦਾ ਖਿਤਾਬ ਜਿਤ ਲਿਆ। ਚੇਨਈ ਦੇ ਮੇਅਰ ਰਾਧਾ ਕ੍ਰਿਸ਼ਨ ਐਸਟਰੋਟਰਫ ਹਾਕੀ ਸਟੇਡੀਅਮ ਵਿੱਚ ਹਾਕੀ ਇੰਡੀਆ ਵਲੋਂ ਕਰਵਾਈ ਗਈ ਇਸ ਚੈਂਪੀਅਨਸ਼ਿਪ 'ਚ ਦੇਸ਼ ਭਰ ਦੀਆਂ 30 ਟੀਮਾਂ ਨੇ ਭਾਗ ਲਿਆ।ਫਾਈਨਲ ਮੁਕਾਬਲਾ ਬਹੁਤ ਰੋਮਾਂਚਕ ਰਿਹਾ। ਝਾਰਖੰਡ ਵਲੋਂ ਖੇਡ ਦੇ 21ਵੇਂ ਮਿੰਟ ਵਿੱਚ ਆਸ਼ੀਸ਼ ਪੂਰਤੀ ਨੇ ਅਤੇ 24ਵੇਂ ਮਿੰਟ ਵਿੱਚ ਅਨੀਸ਼ ਡੁੰਗ ਡੁੰਗ ਨੇ ਗੋਲ ਕਰਕੇ ਸਕੋਰ 2-0 ਕੀਤਾ। ਖੇਡ ਦੇ 29ਵੇਂ ਮਿੰਟ ਵਿੱਚ ਅਕਸ਼ਿਤ ਸਲਾਰੀਆ ਨੇ ਅਤੇ 30ਵੇਂ ਮਿੰਟ ਵਿੱਚ ਵਰਿੰਦਰ ਸਿੰਘ ਨੇ ਗੋਲ ਕਰਕੇ ਸਕੋਰ 2-2 ਕੀਤਾ। ਖੇਡ ਦੇ ਅੱਧੇ ਸਮੇਂ ਤੱਕ ਦੋਵੇਂ ਟੀਮਾਂ 2-2 ਦੀ ਬਰਾਬਰੀ 'ਤੇ ਸਨ। ਖੇਡ ਦੇ 42ਵੇਂ ਮਿੰਟ ਵਿੱਚ ਝਾਰਖੰਡ ਦੇ ਸੁਖੂ ਗੁਰੀਆ ਨੇ ਗੋਲ ਕਰਕੇ ਸਕੋਰ 3-2 ਕੀਤਾ। 45ਵੇਂ ਮਿੰਟ ਵਿੱਚ ਪੰਜਾਬ ਦੇ ਮਨਦੀਪ ਸਿੰਘ ਨੇ ਗੋਲ ਕਰਕੇ ਸਕੋਰ 3-3 ਕੀਤਾ। ਖੇਡ ਦੇ 53ਵੇਂ ਮਿੰਟ ਵਿੱਚ ਮਨਦੀਪ ਸਿੰਘ ਨੇ ਇਕ ਹੋਰ ਗੋਲ ਕਰਕੇ ਸਕੋਰ 4-3 ਕਰਕੇ ਖਿਤਾਬ ਪੰਜਾਬ ਦੀ ਝੋਲੀ ਵਿੱਚ ਪਾ ਦਿੱਤਾ। ਪੰਜਾਬ ਦੇ ਅਕਸ਼ਿਤ ਸਲਾਰੀਆ ਨੂੰ ਮੈਚ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ। ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ, ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਅਤੇ ਹਾਕੀ ਪੰਜਾਬ ਦੇ ਸਮੂਹ ਮੈਂਬਰਾਂ ਨੇ ਪੰਜਾਬ ਟੀਮ ਦੀ ਇਸ ਜਿੱਤ ਤੇ ਖੁਸ਼ੀ ਪ੍ਰਗਟਾਈ ਹੈ ਅਤੇ ਟੀਮ ਨੂੰ ਵਧਾਈ ਦਿੱਤੀ ਹੈ।



# ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੇ ਰਾਸ਼ਟਰਪਤੀ ਨਾਲ ਰੱਖੜੀ ਦਾ ਤਿਉਹਾਰ ਮਨਾਇਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**
ਪੰਜਾਬ ਲਈ ਵੱਡੇ ਮਾਣ ਵਾਲੀ ਗੱਲ ਹੈ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੇ ਦਸ ਵਿਦਿਆਰਥੀਆਂ ਨੂੰ ਰਾਸ਼ਟਰਪਤੀ ਭਵਨ, ਨਵੀਂ ਦਿੱਲੀ ਵਿਖੇ ਰੱਖੜੀ ਦੇ ਤਿਉਹਾਰ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਹਿੱਸਾ ਲੈਣ ਅਤੇ ਦੇਸ਼ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮਿਲਣ ਦਾ ਮੌਕਾ ਮਿਲਿਆ।ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਇਸ ਵੱਕਾਰੀ ਸਮਾਗਮ ਵਿੱਚ ਹਿੱਸਾ ਲੈਣ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਕੁੱਲ 10 ਵਿਦਿਆਰਥੀਆਂ- ਊਸ਼ਾ ਰਾਣੀ, ਮਹਿਕਦੀਪ ਕੌਰ, ਪਿੰਕੀ ਕੌਰ, ਅਰਸ਼ਦੀਪ ਕੌਰ, ਬਿਮਨਦੀਪ ਕੌਰ, ਪ੍ਰੀਤਜੋਤ ਕੌਰ, ਬਲਜਿੰਦਰ ਕੌਰ, ਵੀਰਪਾਲ ਕੌਰ, ਸੁਨੀਤਾ ਕੌਰ ਅਤੇ ਸਹਿਜਦੀਪ ਕੌਰ- ਨੂੰ ਰਾਸ਼ਟਰਪਤੀ ਨਾਲ ਗੱਲਬਾਤ ਕਰਨ, ਭਾਰਤ ਦੇ ਅਮੀਰ ਸੱਭਿਆਚਾਰਕ ਵਿਰਸੇ ਦੇ ਰੰਗ ਵਿੱਚ ਰੰਗੇ ਜਾਣ ਅਤੇ ਅਭੁੱਲ ਯਾਦਾਂ ਸਿਰਜਣ ਦਾ ਸੁਭਾਗ ਪ੍ਰਾਪਤ ਹੋਇਆ।ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਭਵਨ ਵਿਖੇ ਰੱਖੜੀ, ਜੋ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਹੈ, ਦੇ ਜਸ਼ਨਾਂ ਵਿੱਚ ਹਿੱਸਾ ਲੈਣ ਵਾਲੇ ਇਨ੍ਹਾਂ ਵਿਦਿਆਰਥੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨੌਜਵਾਨਾਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਸੱਭਿਆਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ।ਜ਼ਿਕਰਯੋਗ ਹੈ ਕਿ ਰੱਖੜੀ ਦੇ ਤਿਉਹਾਰ ਮੌਕੇ ਦੇਸ਼ ਭਰ ਤੋਂ ਆਏ ਵਿਦਿਆਰਥੀਆਂ ਨਾਲ ਮਿਲ ਕੇ ਇਹਨਾਂ ਵਿਦਿਆਰਥੀਆਂ ਨੇ ਪੰਜਾਬ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੀ ਨੁਮਾਇੰਦਗੀ ਕੀਤੀ। ਇਸ ਸਮਾਗਮ ਨੇ ਦੇਸ਼ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਅਤੇ ਏਕਤਾ ਦੀ ਭਾਵਨਾ ਨੂੰ ਉਜਾਗਰ ਕੀਤਾ ਜੋ ਇਸਦੇ ਲੋਕਾਂ ਨੂੰ ਆਪਸ ਵਿੱਚ ਜੋੜ ਕੇ ਰੱਖਦੀ ਹੈ।



# ਇਕੋ ਹੀ ਪਿੰਡ 'ਚੋਂ ਤਿੰਨ ਮੋਟਰਾਂ ਦੀਆਂ ਤਾਰਾਂ ਚੋਰੀ



**ਮਾਹਿਲਪੁਰ (ਸ.ਫਰੀ)**
ਪਿੰਡ ਗੰਧੋਵਾਲ ਵਿਚ ਬੀਤੀ ਰਾਤ ਸਮੇਂ ਚੋਰਾਂ ਨੇ ਤਿੰਨ ਮੋਟਰਾਂ ਦੀਆਂ ਤਾਰਾਂ ਚੋਰੀ ਕੀਤੀਆਂ । ਪਿੰਡ ਵਾਸੀਆਂ ਨੇ ਥਾਣਾ ਮਾਹਿਲਪੁਰ ਵਿੱਚ ਰਪਟ ਦਰਜ ਕਰਵਾਈ।ਲਖਵੀਰ ਸਿੰਘ ਪੁੱਤਰ ਸੰਤੋਖ ਸਿੰਘ, ਰਣਵੀਰ ਸਿੰਘ ਪੁੱਤਰ ਨਿਰਮਲ ਸਿੰਘ ਪਿੰਡ ਗੰਧੋਵਾਲ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਬੀਤੀ ਰਾਤ ਚੋਰਾਂ ਨੇ ਚਲਦੇ ਟੀਊਬਵੈਲ ਦੀਆਂ ਮੋਟਰਾਂ ਨਾਲੋਂ ਤਾਰਾਂ ਚੋਰੀ ਕਰ ਲਈਆਂ ਹਨ। ਲਖਵੀਰ ਸਿੰਘ ਨੇ ਦੱਸਿਆ ਕਿ ਮੈਂ ਰਾਤ ਕੋਈ ਦੋ ਕੁ ਵਜੇ ਦੇ ਕਰੀਬ ਜਦੋਂ ਆਪਣੇ ਖੇਤ ਨੂੰ ਨੱਕਾ ਮੋੜਨ ਗਿਆ ਤਾਂ ਦੇਖਿਆ ਕਿ ਆੜ ਤਾਂ ਸੁੱਕੀ ਪਈ ਹੈ। ਜਦੋਂ ਮੈਂ ਟੀਊਬਵੈਲ ਕੋਲ ਗਿਆ ਤਾਂ ਦੇਖਿਆ ਕਿ ਟੀਊਬਵੈਲ ਬੰਦ ਹੈ ਤੇ ਤਾਰਾਂ ਚੋਰੀ ਹੋ ਚੁੱਕੀਆਂ ਹਨ। ਰਣਵੀਰ ਸਿੰਘ ਨੇ ਦੱਸਿਆ ਕਿ ਜਦੋਂ ਮੈਂ ਸਵੇਰੇ ਖ਼ੇਤਾਂ ਨੂੰ ਪਾਣੀ ਲਾਉਣ ਲਈ ਟੀਊਵੈਲ ਤੇ ਗਿਆ ਤਾਂ ਦੇਖਿਆ ਕਿ ਟੀਊਵੈਲ ਵਾਲੇ ਕਮਰੇ ਦਾ ਤਾਲਾ ਟੁੱਟਾ ਹੋਇਆ ਹੈ ਤੇ ਤਾਰਾਂ ਗਾਇਬ ਹਨ । ਪਿੰਡ ਗੰਧੋਵਾਲ ਦੇ ਲੰਬੜਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਇਸੀ ਰਾਤ ਸਰਕਾਰੀ ਟੀਊਵਬੈਲ ਦੀਆਂ ਤਾਰਾਂ ਵੀ ਚੋਰਾਂ ਨੇ ਚੋਰੀ ਕਰ ਲਈਆਂ ਹਨ। ਪਿੰਡ ਇਹ ਤੀਸਰੀ ਵਾਰ ਇਨ੍ਹਾਂ ਹੀ ਟੀਊਵਬੈਲਾਂ ਦੀਆਂ ਤਾਰਾਂ ਚੋਰੀ ਹੋਈਆਂ ਹਨ ਪਰ ਪ੍ਰਸ਼ਾਸਨ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ।

# ਰਾਮਲੀਲ੍ਹਾ ਤੇ ਦੁਸਹਿਰੇ ਦੇ ਸੰਬੰਧ 'ਚ 'ਝੰਡੇ ਦੀ ਰਸਮ' ਕੀਤੀ ਅਦਾ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਬ੍ਰਹਮਲੀਨ ਮਹੰਤ ਸ਼੍ਰੀ ਸ਼ਾਂਤੀ ਗਿਰੀ ਜੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਸ਼੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਜੀ ਦੀ ਅਪਾਰ ਕਿਰਪਾ ਨਾਲ ਅਤੇ ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ ਆਸ਼ੀਰਵਾਦ, ਪ੍ਰੇਰਨਾ ਸਦਕਾ ਤੇ ਅਗਵਾਈ ਹੇਠ ਪੰਡਿਤ 'ਸ਼੍ਰੀ ਕੁੰਦਨ ਲਾਲ ਰਾਮਲੀਲਾ ਕਲੱਬ (ਰਜਿ.) ਲੋਹੀਆਂ ਖਾਸ' ਵੱਲੋਂ 58ਵੀਂ ਰਾਮਲੀਲ੍ਹਾ ਅਤੇ 59ਵਾਂ ਦੁਸਹਿਰਾ ਉਤਸਵ ਮਨਾਉਣ ਲਈ 'ਝੰਡੇ ਦੀ ਰਸਮ' ਦਸਮੇਸ਼ ਪਾਰਕ ਲੋਹੀਆਂ ਖਾਸ 'ਚ ਅਦਾ ਕੀਤੀ ਗਈ। ਇਸ ਮੌਕੇ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਤੋਂ ਆਰੰਭ ਹੋਈ 'ਝੰਡੇ ਦੀ ਰਸਮ' ਸ਼ੋਭਾ ਯਾਤਰਾ ਦੇ ਰੂਪ 'ਚ ਦਸ਼ਮੇਸ਼ ਪਾਰਕ ਲੋਹੀਆਂ ਖਾਸ 'ਚ ਪੁੱਜੀ ਤੇ ਇਸ ਮੌਕੇ ਪੂਰੀਆਂ ਧਾਰਮਿਕ ਰਸਮਾਂ ਨਾਲ 'ਝੰਡੇ' ਦੀ ਸਥਾਪਨਾ ਸੰਪੂਰਨ ਕੀਤੀ ਗਈ।ਇਸ ਮੌਕੇ ਨਿਰਦੇਸ਼ਕ ਪ੍ਰੇਮ ਕੁਮਾਰ ਸੱਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੁਸਹਿਰੇ ਤੋਂ ਪਹਿਲਾਂ ਲੋਹੀਆਂ 'ਚ ਰਾਮਲੀਲਾ ਬਹੁਤ ਹੀ ਸ਼ਰਧਾ ਨਾਲ ਦਸ਼ਮੇਸ਼ ਪਾਰਕ ਲੋਹੀਆਂ ਖਾਸ ਵਿੱਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਵਾਰ ਫਿਰ ਵੱਡਾ ਦੁਸਹਿਰਾ ਕੁਟੀਆ ਗਰਾਊਂਡ ਸਿੱਧੂਪੁਰ ਰੋਡ 'ਤੇ ਬਹੁਤ ਹੀ ਧੂਮ ਧਾਮ ਤੇ ਸ਼ਰਧਾਪੂਰਵਕ ਨਾਲ ਮਨਾਇਆ ਜਾਵੇਗਾ।ਇਸ ਮੌਕੇ ਬਾਬਾ ਮਨਜੀਤ ਨਾਥ ਜੀ, ਨਿਰਦੇਸ਼ਕ ਪ੍ਰੇਮ ਕੁਮਾਰ ਸੱਦੀ, ਗਜਰਾਜ, ਪਵਨ ਕੁਮਾਰ ਗਾਂਧੀ, ਪ੍ਰੇਮ ਕੁਮਾਰ, ਜਥਦੇਾਰ ਗੁਰਨਾਮ ਸਿੰਘ ਖਾਲਸਾ, ਖਜਾਨਚੀ ਦਾਸ, ਪਰਮਜੀਤ ਸਿੰਘ ਪੰਮਾ, ਰੁਪੇਸ਼ ਕੁਮਾਰ ਸੱਦੀ, ਮੋਨੂੰ ਸ਼ਾਹ, ਸੈਕਟਰੀ ਸੁਰਿੰਦਰ ਕੁਮਾਰ ਨੀਟਾ, ਰਾਕੇਸ਼ ਸ਼ਰਮਾ, ਮਾ: ਰਵੀ ਸ਼ੰਕਰ ਯੋਗੇਸ਼ਵਰ, ਲਖਨ ਵਰਮਾ, ਲੱਕੀ, ਸ਼ਾਲੂ ਸੱਦੀ, ਮਨਿੰਦਰ, ਸਾਹਿਲ ਸ਼ਰਮਾ, ਗੋਰਾ, ਸ਼ੁਭਮ ਸ਼ਰਮਾ, ਮਨਜਿੰਦਰ ਸਿੰਘ ਗੱਗੂ, ਗੌਰਵ ਸੱਦੀ, ਬਿੱਕਰ ਸਿੰਘ ਟੁਰਨਾ, ਰਸ਼ਪਾਲ ਸਿੰਘ ਰਿੰਕੂ, ਮਨਿਮੇਸ਼ ਮੰਡਲ, ਅਮਿਤ ਕੁਮਾਰ, ਨਰੇਸ਼ ਗੁਪਤਾ, ਹਰਵਿੰਦਰ, ਸੁਨੀਲ ਕੁਮਾਰ, ਮਨੂੰ ਸਿੰਘ, ਗੁਰੀ, ਗਗਨ, ਪਿੰਦਾ, ਸਾਹਿਲ ਸਚਦੇਵਾ ਸਮੇਤ ਹੋਰ ਸੇਵਾਦਾਰ ਹਾਜ਼ਰ ਸਨ।



# ਕਾਮਰੇਡ ਬਖਤਾਵਰ ਸਿੰਘ ਬਣੀ ਨੂੰ ਅੰਤਮ ਅਰਦਾਸ ਮੌਕੇ ਸ਼ਰਧਾਂਜਲੀ ਭੇਟ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕਾਮਰੇਡ ਬਖਤਾਵਰ ਸਿੰਘ ਬਣੀ ਦੀ ਅੰਤਿਮ ਅਰਦਾਸ 'ਚ ਵੱਡੀ ਗਿਣਤੀ ਵਿੱਚ ਮੁਲਾਜਮ, ਪੈਨਸ਼ਨਰ, ਕਿਸਾਨ ਤੇ ਇਲਾਕਾ ਨਿਵਾਸੀ ਸ਼ਾਮਿਲ ਹੋਏ, ਉਹ ਮਿਤੀ 31/7/2025 ਨੂੰ ਲਗਭਗ 80 ਸਾਲ ਦੀ ਉਮਰ ਭੋਗ ਕੇ ਸੰਖੇਪ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸਨ। ਇਸ ਸਬੰਧੀ ਮਿਤੀ 1 ਅਗਸਤ ਤੋਂ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦਾ ਭੋਗ ਪੈਣ ਉਪਰੰਤ ਭਾਈ ਨਿਰਮਲ ਸਿੰਘ ਜੀ ਨੇ ਵਿਰਾਗੀ ਕੀਰਤਨ ਸਜਾਇਆ। ਇਸ ਅੰਤਿਮ ਅਰਦਾਸ ਸਮੇਂ ਹੋਏ ਇਕੱਠ ਨੂੰ ਅਕਾਲੀ ਪਾਰਟੀ ਵੱਲੋਂ ਸ੍ਰ. ਮਨਜਿੰਦਰ ਸਿੰਘ ਬਰਾੜ, ਕਾਂਗਰਸ ਵਲੋਂ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ, ਸੀ ਪੀ ਆਈ ਵੱਲੋਂ ਕਾਮਰੇਡ ਭਾਗ ਚੰਦ ਸਟੇਟ ਸਕੱਤਰ ਹਿਮਾਚਲ ਪ੍ਰਦੇਸ਼, ਤਹਿਸੀਲ ਸਕੱਤਰ ਰਾਮਪਾਲ, ਹਰੀ ਚੰਦ ਗੋਲਨੀ, ਕਰਮ ਚੰਦ ਟੋਬਾ, ਸੀ ਪੀ ਆਈ ਐਮ ਵੱਲੋਂ ਕਾਮਰੇਡ ਸੁਰਜੀਤ ਸਿੰਘ ਢੇਰ, ਆਰ ਐੱਮ ਪੀ ਆਈ ਵੱਲੋਂ ਦਰਸ਼ਨ ਸਿੰਘ ਬੜਵਾ, ਪੀ ਐੱਸ ਈ ਬੀ ਇੰਪਲਾਈਜ ਫੈਡਰੇਸ਼ਨ ਅਤੇ ਪੈਨਸ਼ਨਰਜ ਜਥੇਬੰਦੀਆਂ ਵੱਲੋਂ ਚਰਨ ਦਾਸ, ਹਰੀ ਚੰਦ ਭਨਾਮ, ਮਦਨ ਗੋਪਾਲ, ਤਿਲਕ ਰਾਜ, ਦੇਸ ਰਾਜ ਘਈ, ਕਿਸਾਨ ਜਥੇਬੰਦੀਆਂ ਵੱਲੋਂ ਜੈਮਲ ਸਿੰਘ ਭੜੀ, ਗੁਰਨਾਮ ਸਿੰਘ ਔਲਖ, ਕਿਸ਼ਨ ਕੁਮਾਰ ਜਾਂਦਲਾ ਆਦਿ ਨੇ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਉਹਨਾਂ ਦੇ ਜੀਵਨ ਤੇ ਮੁਲਾਜ਼ਮਾਂ, ਪੈਨਸ਼ਨਰਾਂ, ਕਿਸਾਨਾਂ ਅਤੇ ਸਮਾਜ ਲਈ ਉਹਨਾਂ ਵੱਲੋਂ ਪਾਏ ਯੋਗਦਾਨ ਤੇ ਪੰਛੀ ਝਾਤ ਪਾਈ। ਰਾਣਾ ਕੇ ਪੀ ਸਿੰਘ ਨੇ ਉਹਨਾਂ ਨੂੰ ਸੱਚਾ ਸੁੱਚਾ ਅਤੇ ਦ੍ਰਿੜ ਇਰਾਦੇ ਵਾਲਾ ਇਨਸਾਨ ਦੱਸਿਆ। ਕਾਮਰੇਡ ਭਾਗ ਚੰਦ ਨੇ ਕਿਹਾ ਕਿ ਸਾਥੀ ਬਖਤਾਵਰ ਸਿੰਘ ਹਮੇਸ਼ਾਂ ਸੱਚ ਤੇ ਇਨਸਾਫ਼ ਲਈ ਮੈਦਾਨ ਵਿੱਚ ਡੱਟਿਆ ਰਿਹਾ। ਇਸ ਮੌਕੇ ਮਾਸਟਰ ਮਨਿੰਦਰ ਸਿੰਘ ਪ੍ਰਿੰਸ, ਗੱਜਣ ਸਿੰਘ, ਸਰਪੰਚ ਗੁਰਜੀਤ ਸਿੰਘ, ਅਵਤਾਰ ਸਿੰਘ, ਸੁਸ਼ੀਲ ਕੁਮਾਰ ਆਦਿ ਵੱਡੀ ਗਿਣਤੀ 'ਚ ਪੀ ਐੱਸ ਪੀ ਸੀ ਐੱਲ ਦੇ ਮੁਲਾਜ਼ਮ ਆਗੂ ਤੇ ਕਿਸਾਨ ਆਗੂ ਹਾਜ਼ਰ ਸਨ।

12-Aug-PAGE-9.qxd 8/11/2025 10:41 PM Page 1



# 899 ਗ੍ਰਾਮ ਹੈਰੋਇਨ ਸਮੇਤ 2 ਕਾਬੂ



**ਕਾਲਾ ਸੰਘਿਆਂ (ਮਨਜੀਤ ਮਾਨ)**- ਢਿਲਵਾਂ ਪੁਲਸ ਨੇ ਹਾਈ ਟੈਕ ਨਾਕੇ ਤੋਂ 899 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਹੈ ਜਦ ਕਿ 1 ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ।ਥਾਣਾ ਮੁਖੀ ਢਿਲਵਾਂ ਦਲਵਿੰਦਰਬੀਰ ਸਿੰਘ, ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਜੀ ਟੀ ਰੋਡ ਢਿਲਵਾਂ ਵਿਖੇ ਸਥਿਤ ਹਾਈ ਟੈਕ ਨਾਕੇ 'ਤੇ ਏ ਐਸ ਆਈ ਦਰਸ਼ਨ ਲਾਲ ਵੱਲੋਂ ਪੁਲਸ ਪਾਰਟੀ ਵੱਲੋਂ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਕਿ ਬੀਤੀ ਰਾਤ ਇਕ ਕਾਰ ਸ੍ਰੀ ਅੰਮ੍ਰਿਤਸਰ ਵੱਲੋਂ ਆਉਂਦੀ ਦਿਖਾਈ ਦਿੱਤੀ ਜਿਸ ਨੂੰ ਰੋਕ ਕੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਚੈੱਕ ਕੀਤਾ ਤਾਂ ਉਕਤ ਕਾਰ ਵਿੱਚ ਸਵਾਰ ਤਿੰਨ ਨੌਜਵਾਨਾਂ ਨੂੰ ਹੇਠਾਂ ਉਤਰਨ ਲਈ ਕਿਹਾ ਤੇ ਨਾਂਅ ਪਤਾ ਪੁੱਛੇ ਤਾਂ ਕਾਰ ਚਲਾਉਣ ਵਾਲੇ ਨੇ ਆਪਣਾ ਨਾਂਅ ਧਰੁਵ ਠਾਕਰ ਵਾਸੀ ਪਟਿਆਨੀ ਤਹਿਸੀਲ ਬੱਲ ਥਾਣਾ ਬੜੀ ਜ਼ਿਲ੍ਹਾ ਮੰਡੀ, ਹਿਮਾਚਲ ਪ੍ਰਦੇਸ਼ ਤੇ ਡਰਾਈਵਰ ਸੀਟ ਦੇ ਨਾਲ ਵਾਲੀ ਸੀਟ ਤੋਂ ਹੇਠਾ ਉੱਤਰੇ ਵਿਅਕਤੀ ਨੇ ਆਪਣਾ ਨਾਂਅ ਮੇਜਰ ਸਿੰਘ ਵਾਸੀ ਮਸਤੇ ਕੇ ਬਸਤੀ, ਖਾਨਕੇ, ਫਿਰੋਜ਼ਪੁਰ ਦੱਸਿਆ।ਥਾਣਾ ਮੁਖੀ ਨੇ ਦੱਸਿਆ ਕਿ ਏਨੇ ਨੂੰ ਕਾਰ ਦੀ ਪਿਛਲੀ ਸੀਟ 'ਤੇ ਬੈਠਾ ਬਾਹਰ ਆਇਆ ਨੌਜਵਾਨ ਅੱਖ ਬਚਾ ਕੇ ਪਿੱਛੇ ਟੌਲ ਪਲਾਜ਼ਾ ਵੱਲ ਨੂੰ ਭੱਜ ਪਿਆ।ਧਰੁਵ ਠਾਕੁਰ ਤੇ ਮੇਜਰ ਸਿੰਘ ਨੂੰ ਕਾਬੂ ਕੀਤਾ ਤੇ ਭੱਜਣ ਵਾਲੇ ਨੌਜਵਾਨ ਦਾ ਨਾਂਅ ਪੁੱਛਿਆ ਤਾਂ ਕਾਬੂ ਕੀਤੇ ਦੋਵਾਂ ਨੇ ਭੱਜੇ ਨੌਜਵਾਨ ਦਾ ਨਾਂਅ ਸਮਰ ਸਿੰਘ ਵਾਸੀ ਚੰਡੀਗੜ੍ਹ ਦੱਸਿਆ।ਉਨ੍ਹਾਂ ਦੱਸਿਆ ਕਿ ਪੁਲਸ ਕਰਮਚਾਰੀਆਂ ਨੇ ਭੱਜੇ ਨੌਜਵਾਨ ਦੀ ਕਾਫੀ ਭਾਲ ਕੀਤੀ ਪਰ ਕਾਬੂ ਨਹੀਂ ਆਇਆ।ਕਾਰ ਚਾਲਕ ਧਰੁਵ ਠਾਕੁਰ ਅਤੇ ਨਾਲ ਦੀ ਸੀਟ 'ਤੇ ਬੈਠੇ ਮੇਜਰ ਸਿੰਘ ਨੂੰ ਸਖਤੀ ਨਾਲ ਉਨ੍ਹਾਂ ਦੇ ਤੀਜੇ ਸਾਥੀ ਦੇ ਭੱਜਣ ਦਾ ਕਾਰਨ ਪੁੱਛਿਆ ਤਾਂ ਧਰੁਵ ਅਤੇ ਮੇਜਰ ਸਿੰਘ ਨੇ ਦੱਸਿਆ ਕਿ ਕਾਰ ਦੀ ਸੀਟ ਹੇਠਾਂ ਹੈਰੋਇਨ ਹੈ ਜੋ ਕਿ ਅਸੀਂ ਤਿੰਨੇ ਜਣੇ ਲੈ ਕੇ ਜਾ ਰਹੇ ਸੀ।ਕਾਰ ਦੀ ਤਲਾਸ਼ੀ ਲੈਣ 'ਤੇ ਕਾਰ ਵਿੱਚੋਂ ਇਕ ਲਿਫਾਫੇ ਵਿੱਚ ਲਪੇਟਿਆ ਹੋਇਆ ਪਦਾਰਥ ਬਰਾਮਦ ਹੋਇਆ।ਥਾਣਾ ਮੁਖੀ ਨੇ ਦੱਸਿਆ ਕਿ ਬਰਾਮਦ ਪਦਾਰਥ ਨੂੰ ਚੈਕ ਕੀਤਾ ਤਾਂ ਉਹ ਹੈਰੋਇਨ ਪਾਈ ਗਈ।ਵਜ਼ਨ ਕੀਤਾ ਤਾਂ ਉਹ 899 ਗਰਾਮ ਹੋਈ।ਡੀ ਐਸ ਪੀ ਫੁਲੱਥ ਕਰਨੈਲ ਸਿੰਘ ਵੀ ਮੌਕੇ 'ਤੇ ਪਹੁੰਚੇ।ਕਾਬੂ ਕੀਤੇ ਨੌਜਵਾਨ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਹੋਈ ਫਲਾਪ, ਚਿੱਟੇ ਨਾਲ ਰੋਜ਼ਾਨਾ ਮਰ ਰਹੇ ਮਾਵਾਂ ਦੇ ਪੁੱਤ : ਕਰੀਮਪੁਰੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**- ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਵਿਸ਼ੇਸ਼ ਮੀਟਿੰਗ ਕਮਿਊਨਿਟੀ ਹਾਲ 'ਚ ਹਲਕਾ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਅਤੇ ਹਲਕਾ ਪ੍ਰਧਾਨ ਯਸ਼ ਭੱਟੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਬਸਪਾ ਪੰਜਾਬ ਦੇ ਇੰਚਾਰਜ ਗੁਰਨਾਮ ਚੌਧਰੀ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।ਇਸ ਮੌਕੇ ਡਾ. ਕਰੀਮਪੁਰੀ ਨੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਤੇ ਵਰ੍ਹਦਿਆਂ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਜੇਕਰ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਫਲ ਹੋ ਰਹੀ ਹੈ ਤਾਂ ਪੰਜਾਬ ਅੰਦਰ ਰੋਜ਼ਾਨਾ ਮਾਵਾਂ ਦੇ ਪੁੱਤ ਚਿੱਟੇ ਨਾਲ ਕਿਉਂ ਮਰ ਰਹੇ ਹਨ? ਉਨਾਂ ਕਿਹਾ ਕਿ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਬੁਰੀ ਤਰਾਂ ਫਲਾਪ ਹੋ ਗਈ ਕਿਉਂਕਿ ਚਿੱਟੇ ਨਾਲ ਮਰਨ ਵਾਲਿਆਂ ਦੀ ਗਿਣਤੀ ਵਿੱਚ ਕੋਈ ਕਮੀ ਨਹੀਂ ਆਈ। ਉਨ੍ਹਾਂ ਕਿਹਾ ਸਰਕਾਰ ਨੇ ਬੇਰੁਜ਼ਗਾਰੀ, ਮਹਿੰਗਾਈ, ਆਰਥਿਕ ਤੰਗੀ ਦੀ ਮਜ਼ਬੂਰੀ 'ਚ ਫਸ ਕੇ ਨਸ਼ੇੜੀ ਬਣੇ ਕਰੀਬ 30 ਹਜ਼ਾਰ ਨੌਜਵਾਨ ਜੇਲ੍ਹਾਂ ਵਿਚ ਡੱਕ ਦਿੱਤੇ, ਸੈਂਕੜੇ ਨਸ਼ੇ ਦੇ ਆਦੀ ਲੋਕਾਂ ਦੇ ਘਰ ਢਹਿ ਢੇਰੀ ਕਰ ਦਿੱਤੇ ਪਰ ਇਕ ਵੀ ਨਸ਼ਾ ਸਮੱਗਲਰ ਦਾ ਘਰ ਨਹੀਂ ਢਾਹਿਆ। ਕਰੀਮਪੁਰੀ ਨੇ ਵਿਧਾਨ ਸਭਾ ਹਲਕਾ ਫਿਲੌਰ ਦੇ ਪਿੰਡ ਰੁੜਕਾਂ ਕਲਾਂ ਦੇ ਪ੍ਰਾਇਮਰੀ ਸਕੂਲ ਵਿਚ ਛੋਟੇ ਬੱਚਿਆਂ ਦੇ ਮੂੰਹ ਵਿੱਚ ਜ਼ਬਰਦਸਤੀ ਡਰੱਗ ਪਾਉਣ ਦੀ ਵੀਡੀਓ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜ ਦਿਨ ਬੀਤ ਜਾਣ 'ਤੇ ਵੀ ਆਪ, ਕਾਂਗਰਸ, ਭਾਜਪਾ, ਅਕਾਲੀ ਇਸ ਗੰਭੀਰ ਮਸਲੇ +ਤੇ ਚੁੱਪ ਕਿਓਂ ਹਨ? ਉਨ੍ਹਾਂ ਕਿਹਾ ਪਹਿਲਾਂ ਨਸ਼ੇ ਜਵਾਨੀ ਨੂੰ ਨਿਗਲ ਰਹੇ ਸਨ ਪਰ ਹੁਣ ਪ੍ਰਾਇਮਰੀ ਸਕੂਲਾਂ ਵਿਚ ਵੀ ਜ਼ਬਰਦਸਤੀ ਮੂੰਹ ਵਿਚ ਪਾਏ ਜਾ ਰਹੇ ਹਨ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਕਾਂਗਰਸ, ਅਕਾਲੀ ਅਤੇ ਭਾਜਪਾ ਸਰਕਾਰਾਂ ਵਲੋਂ ਚਲਾਏ ਡਰੱਗ ਮਾਫੀਏ ਦੇ ਨੈੱਟਵਰਕ ਨੂੰ ਤੋੜ ਨਹੀਂ ਸਕੀ ਜਿਸ ਕਰਕੇ ਦੋ ਲੱਖ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਗਿਆ। ਕਰੀਮਪੁਰੀ ਨੇ ਕਿਹਾ ਕਿ ਆਪ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਵੀ ਬੁਰੀ ਤਰਾਂ ਫੇਲ੍ਹ ਹੋਈ ਹੈ ਕਿਉਂਕਿ ਅਧਿਆਪਕਾਂ ਤੋਂ ਬਿਨਾਂ ਸਿੱਖਿਆ ਕ੍ਰਾਂਤੀ ਨਹੀਂ ਆ ਸਕਦੀ। ਪੰਜਾਬ ਅੰਦਰ 50 ਫੀਸਦੀ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਉਨ੍ਹਾਂ ਕਿਹਾ ਆਪ, ਕਾਂਗਰਸ, ਅਕਾਲੀ, ਭਾਜਪਾ ਮੁਫਤ ਬਿਜਲੀ, ਦੋ ਕਿਲੋ ਕਣਕ ਤਾਂ ਦੇ ਸਕਦੇ ਹਨ ਪਰ ਮੁਫਤ ਸਿੱਖਿਆ ਨਹੀਂ ਦੇ ਸਕਦੇ। ਕਰੀਮਪੁਰੀ ਨੇ ਕਿਹਾ ਬਸਪਾ ਸਰਕਾਰ ਬਣਨ 'ਤੇ ਮੁਫਤ ਸਿੱਖਿਆ ਲਾਜ਼ਮੀ ਕੀਤੀ ਜਾਵੇਗੀ। ਕਰੀਮਪੁਰੀ ਨੇ ਕਿਹਾ ਕਿ ਹਲਕਾ ਚੱਬੇਵਾਲ ਅੰਦਰ ਹਾਰਟਾ, ਮਾਨਾ, ਬਾੜੀਆਂ, ਠੁਆਣਾ, ਮਹਿੰਦੋਵਾਲ ਪਿੰਡਾਂ ਵਿਚ ਲੋਕਾਂ 'ਤੇ ਸਰਕਾਰੀ ਜਬਰ ਹੋਇਆ ਹੈ ਜਿਸ ਦੇ ਰੋਸ ਵਜੋਂ ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ 23 ਅਗਸਤ ਨੂੰ ਚੱਬੇਵਾਲ ਵਿਚ ਜਬਰ ਵਿਰੁੱਧ ਰੈਲੀ ਕੀਤੀ ਜਾਵੇਗੀ। ਇਸ ਮੌਕੇ ਸਕੱਤਰ ਪੰਜਾਬ ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਬਾਮਸੇਫ ਜ਼ਿਲ੍ਹਾ ਕਨਵੀਨਰ ਜੋਗਿੰਦਰ ਪਾਲ ਫੁਗਲਾਣਾ, ਐਡਵੋਕੇਟ ਧਰਮਿੰਦਰ ਦਾਦਰਾ ਜਨਰਲ ਸਕੱਤਰ ਜ਼ਿਲ੍ਹਾ ਹੁਸ਼ਿਆਰਪੁਰ, ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ, ਮਦਨ ਸਿੰਘ ਬੈਂਸ ਇੰਚਾਰਜ ਹੁਸ਼ਿਆਰਪੁਰ, ਮਾਸਟਰ ਹਰੀ ਕਿਸ਼ਨ ਕਨਵੀਨਰ ਬਾਮਸੇਫ ਚੱਬੇਵਾਲ, ਰਜੇਸ਼ ਕਿੱਟੀ, ਨਿਸ਼ਾਨ ਚੌਧਰੀ ਇੰਚਾਰਜ ਸ਼ਾਮ ਚੌਰਾਸੀ, ਸੁਰਜੀਤ ਮਹਿਮੀ ਪ੍ਰਧਾਨ ਹੁਸ਼ਿਆਰਪੁਰ,ਇੰਜ. ਸੱਤਪਾਲ ਭਾਰਦਵਾਜ, ਲਹਿੰਬਰ ਰਾਮ ਝੰਮਟ, ਧਨੀ ਰਾਮ ਅਤੇ ਸੈਂਕੜੇ ਬਸਪਾ ਵਰਕਰ ਹਾਜ਼ਰ ਸਨ।

● 23 ਨੂੰ ਚੱਬੇਵਾਲ 'ਚ ਹੋਵੇਗਾ ਜਬਰ ਵਿਰੋਧੀ ਇਕੱਠ



# ਵਰਧਮਾਨ ਗਰੁੱਪ ਨੇ ਆਸ਼ਾ ਕਿਰਨ ਸਕੂਲ ਨੂੰ 6.50 ਲੱਖ ਦਾ ਚੈੱਕ ਦਿੱਤਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਰਧਮਾਨ ਗਰੁੱਪ ਵੱਲੋਂ ਜੇ ਐੱਸ ਐੱਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾਂ ਦੇ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਮੈਂਬਰਾਂ ਨੂੰ 6.50 ਲੱਖ ਦਾ ਚੈੱਕ ਭੇਂਟ ਕੀਤਾ ਗਿਆ। ਚੈੱਕ ਦਿੰਦੇ ਹੋਏ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੰਜੀਵ ਨਰੂਲਾ, ਸੀ ਏ ਤਰੁਣ ਚਾਵਲਾ ਸੀ ਐੱਫ ਓ ਤੇ ਡਾਇਰੈਕਟਰ ਵਰਧਮਾਨ ਗਰੁੱਪ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਮੌਕੇ ਪ੍ਰਧਾਨ ਹਰਬੰਸ ਸਿੰਘ ਅਤੇ ਸੈਕਟਰੀ ਕਰਨਲ ਗੁਰਮੀਤ ਸਿੰਘ ਨੇ ਸੁਸਾਇਟੀ ਵੱਲੋਂ ਚੈੱਕ ਪ੍ਰਾਪਤ ਕੀਤਾ।ਇਸ ਮੌਕੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਕਿਹਾ ਕਿ ਪਹਿਲਾਂ ਵੀ ਵਰਧਮਾਨ ਗਰੁੱਪ ਵੱਲੋਂ ਸਕੂਲ ਨੂੰ 2 ਬੱਸਾਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਸਮੇਂ ਸੰਜੀਵ ਨਰੂਲਾ ਨੇ ਕਿਹਾ ਕਿ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਵਿਸ਼ੇਸ਼ ਬੱਚਿਆਂ ਦੇ ਪੁਨਰਵਾਸ ਦਾ ਸ਼ਲਾਘਾ ਯੋਗ ਕੰਮ ਕਰ ਰਹੀ ਹੈ ਅਤੇ ਨਾਲ ਹੀ ਇਨ੍ਹਾਂ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਰਿਹਾ ਹੈ।ਇਸ ਮੌਕੇ ਤਰੁਣ ਚਾਵਲਾ ਨੇ ਕਿਹਾ ਕਿ ਜਦੋਂ ਵੀ ਉਹ ਵਿਸ਼ੇਸ਼ ਬੱਚਿਆਂ ਦੇ ਇਸ ਸਕੂਲ ਆਉਂਦੇ ਹਨ ਤਾਂ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ।ਆਖਿਰ ਵਿੱਚ ਕਰਨਲ ਗੁਰਮੀਤ ਸਿੰਘ ਅਤੇ ਪ੍ਰਧਾਨ ਹਰਬੰਸ ਸਿੰਘ ਵੱਲੋਂ ਵਰਧਮਾਨ ਗਰੁੱਪ ਦੇ ਐੱਮ ਡੀ ਸੰਜੀਵ ਨਰੂਲਾ ਤੇ ਸੀ ਏ ਤਰੁਣ ਚਾਵਲਾ ਦਾ ਧੰਨਵਾਦ ਕੀਤਾ ਗਿਆ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ. 100 ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੱਲ ਹੈਲਥ ਕੇਅਰ ਸੈਂਟਰ ਲੰਗੜੋਆ ਵਿਖੇ ਸੂਬਾ ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ,ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਡਾਕਟਰ ਹਰਭਜਨ ਸਿੰਘ ਮੱਲ ਦੀ ਪ੍ਰਧਾਨਗੀ ਹੇਠ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ ਨੇ ਕਿਹਾ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ ਉਸ ਸੰਬੰਧੀ ਸਰਕਾਰ ਦਾ ਧੰਨਵਾਦ ਕਰਦੇ ਹਾਂ ਅਤੇ ਸਰਕਾਰ ਦਾ ਹਰ ਵੇਲੇ ਸਾਥ ਦੇਵਾਂਗੇ।ਸਰਕਾਰ ਨੇ ਚੋਣ ਮੈਨੀਫੈਸਟੋ ਵਿੱਚ ਇਹ ਮਤਾ ਪਾਇਆ ਸੀ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦਾ ਮਸਲਾ ਸਰਕਾਰ ਬਣਦਿਆਂ ਹੀ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ ਪਰ ਅਜੇ ਤੱਕ ਉਸ ਤਰ੍ਹਾਂ ਹੀ ਖੜ੍ਹਾ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਹ ਮਸਲਾ ਪਹਿਲ ਦੇ ਆਧਾਰ ਹੱਲ ਕੀਤਾ ਜਾਵੇ।ਮਿਤੀ 25-7-25 ਨੂੰ ਲੁਧਿਆਣਾ ਵਿਖੇ ਸਟੇਟ ਦਾ ਸਾਲਾਨਾ ਅਜਲਾਸ ਹੋਇਆ ਜਿਸ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਡੈਲੀਗੇਟ ਪਹੁੰਚੇ। ਉਸ ਤੋਂ ਬਾਅਦ ਸੂਬਾ ਕਮੇਟੀ ਦੀ ਚੋਣ ਹੋਈ। ਮਿਤੀ ਤੋਂ ਬਾਅਦ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਡਾਕਟਰ ਅਵਤਾਰ ਬਾਲੀ ਨੂੰ ਸੂਬਾ ਜਨਰਲ ਸਕੱਤਰ ਅਤੇ ਡਾਕਟਰ ਹਰਭਜਨ ਸਿੰਘ ਮੱਲ ਨੂੰ ਸੂਬੇ ਦਾ ਵਾਈਸ ਚੇਅਰਮੈਨ ਨਿਯੁਕਤ ਕੀਤੇ ਗਏ। ਡਾ. ਸਾਹਿਬਾਨ ਵਲੋਂ ਇਸ ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ, ਜ਼ਿਲ੍ਹਾ ਪ੍ਰਧਾਨ ਡਾਕਟਰ ਹਰਭਜਨ ਸਿੰਘ ਮੱਲ ਨੂੰ ਜ਼ਿਲ੍ਹੇ ਦੇ ਸਾਰੇ ਮੈਂਬਰਾਂ ਵਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਮੀਟਿੰਗ ਵਿੱਚ ਡਾਕਟਰ ਮਲਕੀਤ ਸਿੰਘ ਚੋਪੜਾ, ਜਾਡਲਾ ਬਲਾਕ ਪ੍ਰਧਾਨ ਡਾਕਟਰ ਸੰਤੋਖ ਸਿੰਘ, ਡਾਕਟਰ ਮੁਹਿੰਦਰ ਕੁਮਾਰ, ਡਾਕਟਰ ਤਰਵਿੰਦਰ ਸਿੰਘ, ਡਾਕਟਰ ਹਰਬੰਸ ਲਾਲ, ਡਾਕਟਰ ਕਸ਼ਮੀਰ ਸਿੰਘ, ਡਾਕਟਰ ਰੋਹਿਤ ਬਾਲੀ, ਡਾਕਟਰ ਮਨਿੰਦਰ ਕੁਮਾਰ ਹਾਜ਼ਰ ਸਨ।

# ਜ਼ਿਲ੍ਹੇ ਦੇ ਯੁਵਕਾਂ ਲਈ ਪੇਪਰ ਦੀ ਤਿਆਰੀ ਸੰਬੰਧੀ ਕੈਂਪ

**ਡੇਰਾਬੱਸੀ (ਵਿਨੈ ਕੁਮਾਰ ਜੈਨ)**—ਜ਼ਿਲ੍ਹਾ ਮੋਹਾਲੀ ਦੇ ਯੁਵਕਾਂ ਲਈ ਸਿਖਲਾਈ ਤੇ ਰੋਜ਼ਗਾਰ ਕੇਂਦਰ, ਸੀ-ਪਾਈਟ ਕੈਂਪ, ਲਾਲੜੂ (ਮੋਹਾਲੀ) ਵਿਖੇ ਅਗਨੀਵੀਰ, ਪੰਜਾਬ ਪੁਲਸ ਅਤੇ ਬੀ.ਐਸ.ਐਫ. ਵਿੱਚ ਭਰਤੀ ਪੇਪਰ ਦੀ ਤਿਆਰੀ ਲਈ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕੈਂਪ ਇੰਚਾਰਜ ਗੁਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ ਸੀ-ਪਾਈਟ ਕੈਂਪ, ਲਾਲੜੂ ਵਿਖੇ ਅਗਨੀਵੀਰ, ਪੰਜਾਬ ਪੁਲਸ ਅਤੇ ਬੀ.ਐਸ.ਐਫ. ਵਿੱਚ ਭਰਤੀ ਲਈ ਸਿਖਲਾਈ ਕੈਂਪ ਸ਼ੁਰੂ ਹੈ। ਲਾਲੜੂ ਵਿਖੇ ਇਸ ਭਰਤੀ ਸਬੰਧੀ ਲਿਖਤੀ ਅਤੇ ਫਿਜ਼ੀਕਲ ਟ੍ਰੇਨਿੰਗ ਸ਼ੁਰੂ ਹੋ ਚੁੱਕੀ ਹੈ। ਚਾਹਵਾਨ ਯੁਵਕ ਬਿਨਾਂ ਦੇਰ ਕੀਤੇ ਜਲਦੀ ਤੋਂ ਜਲਦੀ ਕੈਂਪ ਵਿਚ ਆ ਕੇ ਆਪਣੇ ਪੇਪਰ ਦੀ ਤਿਆਰੀ ਮੁਫ਼ਤ ਅਤੇ ਵਧੀਆ ਢੰਗ ਨਾਲ ਕਰ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸਾਡੇ ਕੋਲ ਬਹੁਤ ਵਧੀਆ ਤਜਰਬੇਕਾਰ ਮਾਹਿਰ ਤਿਆਰੀ ਕਰਵਾ ਰਹੇ ਹਨ, ਰਹਿਣਾ-ਖਾਣਾ ਸਭ ਕੁਝ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫਤ ਹੈ। ਪਿੰਡਾਂ ਦੀਆਂ ਪੰਚਾਇਤਾਂ, ਸਾਬਕਾ ਸੈਨਿਕਾਂ ਅਤੇ ਹੋਰ ਵੀ ਮੋਹਤਬਰ ਵਿਅਕਤੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਤੁਹਾਡੇ ਨਜਦੀਕ ਜੇਕਰ ਕੋਈ ਲੋੜਵੰਦ ਯੁਵਕ ਹੋਵੇ, ਜਿਸ ਨੇ ਅਗਨੀਵੀਰ, ਪੰਜਾਬ ਪੁਲਸ ਅਤੇ ਬੀ.ਐਸ.ਐਫ. ਵਿੱਚ ਭਰਤੀ ਲਈ ਫਾਰਮ ਭਰਿਆ ਹੋਵੇ, ਉਸ ਨੂੰ ਸੀ-ਪਾਈਟ ਕੈਂਪ ਦੀ ਜਾਣਕਾਰੀ ਜਰੂਰ ਦਿਓ।


# ਸ਼ਹੀਦ ਬਾਬਾ ਮਤੀ ਜੀ ਮੈਮੋਰੀਅਲ ਖੇਡ ਮੇਲਾ ਅੱਜ ਤੋਂ



**ਆਦਮਪੁਰ (ਪਰਮਜੀਤ ਸਿੰਘ)**- ਸ਼ਹੀਦ ਬਾਬਾ ਮੱਤੀ ਜੀ ਮੈਮੋਰੀਅਲ ਖੇਡ ਮੇਲੇ ਦੀ ਸ਼ੁਰੂਆਤ ਪਿੰਡ ਡਰੋਲੀ ਕਲਾਂ ਜਲੰਧਰ ਵਿਖੇ 12 ਅਗਸਤ ਨੂੰ ਸਵੇਰੇ 9:00 ਵਜੇ ਡੇਰਾ ਸੰਤ ਬਾਬਾ ਭਾਗ ਸਿੰਘ ਜੀ ਸੰਤਪੁਰਾ ਮਾਣਕੋ (ਜੱਬੜ) ਦੇ ਮੁੱਖ ਸੇਵਾਦਾਰ ਆਪਣੇ ਸ਼ੁੱਭ ਕਰ-ਕਮਲਾਂ ਨਾਲ ਕਰਨਗੇ ਤੇ ਇਨਾਮ ਵੰਡ ਸਮਾਰੋਹ ਅਤੇ ਸਭਿਆਚਾਰਕ ਪ੍ਰੋਗਰਾਮ ਦੀ ਪ੍ਰਧਾਨਗੀ18 ਅਗਸਤ ਨੂੰ ਪਵਨ ਕੁਮਾਰ ਟੀਨੂੰ (ਸਾਬਕਾ ਵਿਧਾਇਕ ਆਦਮਪੁਰ) ਕਰਨਗੇ। ਖੇਡ ਮੇਲੇ ਦੌਰਾਨ ਪ੍ਰਧਾਨ ਜਸਵਿੰਦਰ ਮਨੋਹਰ ਸਿੰਘ ਦੀ ਦੇਖ-ਰੇਖ ਹੇਠ ਲੰਗਰ ਦੀ ਸੇਵਾ ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾਂ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਕੁਲਵਿੰਦਰ ਸਿੰਘ, ਗੁਰਮੀਤ ਸਿੰਘ, ਹਰਜਿੰਦਰ ਸਿੰਘ ਮਿਨਹਾਸ, ਹਰਮਿੰਦਰ ਸਿੰਘ, ਅਮਰਜੀਤ ਸਿੰਘ ਕੁੱਕੂ, ਜਸਵਿੰਦਰ ਕੁਮਾਰ, ਰਣਵੀਰ ਸਿੰਘ ਰਾਣਾ, ਕੈਪਟਨ ਗੁਰਦੇਵ ਸਿੰਘ, ਹਰਜਾਪ ਸਿੰਘ, ਦਵਿੰਦਰ ਸਿੰਘ, ਮਨਦੀਪ ਸਿੰਘ, ਹਰਪ੍ਰੀਤ ਸਿੰਘ (ਬਬਲਾ), ਗੁਰਪ੍ਰੀਤ ਸਿੰਘ (ਮਨੀ), ਚਰਨਪ੍ਰੀਤ ਸਿੰਘ, ਗੁਰਜੀਤ ਸਿੰਘ, ਅਵਤਾਰ ਸਿੰਘ (ਤਾਰੂ), ਜੀਵਨ ਸਿੰਘ, ਕਾਕਾ, ਅਮਰਜੀਤ ਸਿੰਘ, ਕੁਲਵਰਨ ਸਿੰਘ, ਜਸਵੰਤ ਸਿੰਘ, ਜੀਵਨ ਸਿੰਘ, ਅਸ਼ਵਨੀ ਕੁਮਾਰ, ਜੁਝਾਰ ਸਿੰਘ, ਦਵਿੰਦਰ ਸਿੰਘ, ਬਾਬੂ, ਗੁਰਦੀਪ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਲਕਸੀਹਾਂ ਸਰਕਾਰੀ ਸਕੂਲ ਅਧਿਆਪਕਾਂ ਤੋਂ ਸੱਖਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸਰਕਾਰੀ ਹਾਈ ਸਕੂਲ ਵਿਚ ਲਕਸੀਹਾਂ 'ਚ ਲੰਬੇ ਸਮੇਂ ਤੋਂ ਖਾਲੀ ਪਈਆਂ ਪੋਸਟਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਖਾਲੀ ਪਈਆਂ ਪ੍ਰਿੰਸੀਪਲਾਂ, ਹਾਈ ਸਕੂਲਾਂ ਵਿਚ ਹੈੱਡ ਮਾਸਟਰਾਂ ਅਤੇ ਮਿਡਲ ਸਕੂਲਾਂ 'ਚ ਹੈੱਡਮਾਸਟਰਾਂ ਤੇ ਟੀਚਰਾਂ ਦੀਆਂ ਖਾਲੀ ਪਈਆ ਪੋਸਟਾਂ ਬਾਰੇ ਦੱਸਿਆ ਕਿ ਲਕਸੀਹਾਂ ਸਰਕਾਰੀ ਹਾਈ ਸਕੂਲ ਵਿਚ 2020 ਤੋਂ ਹੈੱਡ ਮਾਸਟਰ ਦੀ ਪੋਸਟ ਖਾਲੀ ਪਈ ਹੈ ਤੇ ਆਰਜੀ ਪ੍ਰਬੰਧਾਂ ਹੇਠ ਚਲ ਰਹੀ ਹੈ, ਹਿੰਦੀ ਭਾਸ਼ਾ ਦੀ ਪੋਸਟ 2023 ਤੋਂ ਖਾਲੀ ਚਲੀ ਆ ਰਹੀ ਹੈ,ਪੰਜਾਬੀ ਟੀਚਰ ਦੀ ਪੋਸਟ ਦਸੰਬਰ 2024 ਤੋਂ ਖਾਲੀ, ਡੀ ਪੀ ਦੀ ਪੋਸਟ 2020 ਤੋਂ ਖਾਲੀ, ਐਗਰੀਕਲਚਰ, ਚੌਂਕੀਦਾਰ, ਸਫਾਈ ਕਰਮਚਾਰੀ ਦੀ ਪੋਸਟ ਖਾਲੀ ਅਤੇ ਬੱਚਿਆ ਅੰਦਰ ਕੁਦਰਤ ਪ੍ਰਤੀ ਚੇਤਨਾ ਪੇਦਾ ਕਰਨ ਲਈ ਡਰਾਇੰਗ ਟੀਚਰ ਦੀ ਖਾਲੀ ਪਈ ਪੋਸਟ ਨੂੰ ਐਗਰੀਕਲਚਰ ਵਿਚ ਤਬਦੀਲ ਕਰ ਦਿਤਾ, ਪਰ ਐਗੀਕਲਚਰ ਵੀ ਨਹੀਂ ਭਰੀ।ਉਨ੍ਹਾਂ ਦਸਿਆ ਕਿ ਸਕੂਲ ਵਿਚ ਕੁਲ 97 ਬੱਚੇ ਪੜ੍ਹਦੇ ਹਨ,ਜਿਥੇ ਕਿ ਛੇਵੀਂ ਵਿਚ 18, ਸੱਤਵੀਂ ਵਿਚ 16,ਅੱਠਵੀਂ ਵਿਚ 15, ਨੌਵੀਂ ਵਿਚ 22 ਅਤੇ ਦਸਵੀਂ ਵਿਚ 25 ਬੱਚੇ ਹਨ।




# ਏਰੀਆ ਯੂਥ ਅਲਾਇੰਸ ਸੰਸਥਾ ਵੱਲੋਂ ਵਾਲੀਬਾਲ ਲੀਗ ਦਾ ਆਰੰਭ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਇਲਾਕੇ 'ਚ ਨੌਜਵਾਨਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਮੁਫ਼ਤ ਕੋਚਿੰਗ ਅਤੇ ਖੇਡਾਂ ਨਾਲ ਜੋੜਨ ਲਈ ਉਪਰਾਲੇ ਕਰ ਰਹੀ ਸੰਸਥਾ 'ਏਰੀਆ ਯੂਥ ਅਲਾਇੰਸ' ਵਲੋਂ ਪਿੰਡ ਰੱਤੇਵਾਲ ਵਿਖੇ ਅੰਡਰ 19 ਸਾਲਾ ਵਾਲੀਬਾਲ ਲੀਗ ਦਾ ਸ਼ੁੱਭ-ਆਰੰਭ ਕੀਤਾ ਗਿਆ।ਇਸ ਲੀਗ ਦੇ ਉਦਘਾਟਨ ਮੌਕੇ 'ਆਪ' ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ, ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਅਜੈ ਮੰਗੂਪੁਰ ਸਮੇਤ ਪਿੰਡ ਦੀਆਂ ਪ੍ਰਮੁੱਖ ਸਖਸ਼ੀਅਤਾਂ ਸ਼ਾਮਲ ਹੋਈਆਂ।ਇਸ ਵਾਲੀਬਾਲ ਲੀਗ ਦਾ ਪਹਿਲਾ ਮੈਚ ਪਿੰਡ ਨਿੱਘੀ ਅਤੇ ਗੋਲੂਮਾਜਰਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਇਸ ਫਸਵੇਂ ਮੁਕਾਬਲੇ 'ਚ ਗੋਲੂਮਾਜਰਾ ਦੀ ਟੀਮ ਨੇ ਜਿੱਤ ਪ੍ਰਾਪਤ ਕੀਤੀ।ਏਰੀਆ ਯੂਥ ਅਲਾਇੰਸ ਦੇ ਮੈਂਬਰ ਅਜੀਤਪਾਲ ਸਿੰਘ ਭਾਟੀਆ, ਮਾ: ਰਾਜ ਭਾਟੀਆ ਆਦੋਆਨਾ, ਮਾ: ਬਲਜਿੰਦਰ ਸਿੰਘ ਵਿਰਕ, ਮਾ: ਰਵਿੰਦਰ ਸੂਰਾਪੁਰੀ, ਏ ਐੱਸ ਆਈ ਅਵਤਾਰ ਸਿੰਘ ਜੀਤਪੁਰ ਆਦਿ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਏਰੀਆ ਯੂਥ ਅਲਾਇੰਸ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਅੰਡਰ 19 ਸਾਲਾ ਲੀਗ ਵਿੱਚ ਬਲਾਚੌਰ ਤਹਿਸੀਲ ਦੇ 22 ਪਿੰਡਾਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ, ਇਹਨਾਂ ਟੀਮਾਂ ਨੂੰ 4 ਪੂਲਾਂ 'ਚ ਵੰਡਿਆ ਗਿਆ ਹੈ। ਲੀਗ ਦੇ ਅਗਲੇ ਪੂਲ ਦੇ ਮੁਕਾਬਲੇ 15 ਅਗਸਤ ਨੂੰ ਪਿੰਡ ਕੁੱਕੜ ਸੂਹਾ ਵਿਖੇ ਹੋਣਗੇ, ਤੀਜੇ ਪੂਲ ਦੇ ਮੁਕਾਬਲੇ 17 ਅਗਸਤ ਨੂੰ ਨਵਾਂ ਪਿੰਡ ਟੱਪਰੀਆਂ ਵਿਖੇ ਹੋਣਗੇ, ਚੌਥੇ ਪੂਲ ਦੇ ਮੁਕਾਬਲੇ 24 ਅਗਸਤ ਨੂੰ ਪਿੰਡ ਥੋਪੀਆ ਵਿਖੇ ਹੋਣਗੇ। ਇਹਨਾਂ ਸਾਰੇ ਪੂਲਾਂ ਦੀਆਂ ਬੈਸਟ ਦੋ-ਦੋ ਟੀਮਾਂ ਦੇ ਫ਼ਾਈਨਲ ਮੁਕਾਬਲੇ 30 ਅਤੇ 31 ਅਗਸਤ ਨੂੰ ਪਿੰਡ ਰਾਜੂਮਾਜਰਾ ਵਿਖੇ ਕਰਵਾਏ ਜਾਣਗੇ। ਸੰਸਥਾ ਦੇ ਮੈਂਬਰਾਂ ਪ੍ਰਿੰਸੀਪਲ ਹਰੀਪਾਲ ਕਲਸੀ, ਮਾ: ਰਾਕੇਸ਼ ਭੂੰਬਲਾ, ਮਾ: ਰਣਬੀਰ ਸਿੰਘ, ਮਾ: ਅਨਿਲ ਰਾਣਾ, ਨਵਦੀਪ ਟਕਾਰਲਾ, ਪੋਲਾ ਬੀ.ਐੱਸ.ਐੱਫ. ਟੱਪਰੀਆਂ, ਮਾ: ਰਵੀ ਟੱਪਰੀਆਂ, ਪ੍ਰਵੇਸ਼, ਮਾ: ਸੁਰਿੰਦਰ ਮੁੰਡਨ, ਅਰੁਣ ਬਾਗੜੀ ਆਦਿ ਨੇ ਇਸ ਲੀਗ 'ਚ ਵਡਮੁੱਲਾ ਯੋਗਦਾਨ ਪਾਉਣ ਲਈ ਪਿੰਡ ਰੱਤੇਵਾਲ ਵਾਸੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਇੰਸਪੈਕਟਰ ਸੁਭਾਸ਼ ਬਾਠ, ਇੰਸਪੈਕਟਰ ਰਾਜ ਖਟਾਣਾ, ਇੰਸਪੈਕਟਰ ਬਲਵੀਰ ਸਿੰਘ ਬਾਗੜੀ, ਠੇਕੇਦਾਰ ਰੋਸ਼ਨ ਲਾਲ ਸਮਾਣਾ, ਸਰਪੰਚ ਰਾਮ ਨਾਥ ਨਾਥੀ, ਐੱਸ ਡੀ ਓ ਬਲਰਾਮ ਖਟਾਣਾ, ਇੰਸ: ਅਜੀਤ ਰਾਮ ਭੂੰਬਲਾ, ਸਬ ਇੰਸਪੈਕਟਰ ਲਾਲ ਚੰਦ ਬਜਾੜ, ਏ ਐੱਸ ਆਈ ਚੰਦਰ ਸ਼ੇਖਰ ਖਟਾਣਾ, ਰਘੁਬੀਰ ਸਿੰਘ ਬਾਗੜੀ ਸਾਬਕਾ ਸਰਪੰਚ, ਰਾਜ ਕੁਮਾਰ ਭੂੰਬਲਾ ਸੇਫੈਕਸ ਬਠਿੰਡਾ ਹਾਜ਼ਰ ਸਨ।

● 31 ਨੂੰ ਪਿੰਡ ਰਾਜੂਮਾਜਰਾ ਵਿਖੇ ਹੋਣਗੇ ਫਾਈਨਲ ਮੁਕਾਬਲੇ



# ਪਾਵਕਾਮ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਧਰਨਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਡਵੀਜ਼ਨ ਨਵਾਂਸ਼ਹਿਰ ਵੱਲੋਂ ਆਪਣੀ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਰਜਿੰਦਰ ਕੁਮਾਰ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਆਊਟਸੋਰਸ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿਚ ਰੈਗੂਲਰ ਕਰਨ, ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ 1948 ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਲਾਗੂ ਕਰਨ, ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰ ਕੇ ਠੇਕੇਦਾਰੀ ਪ੍ਰਥਾ ਨੂੰ ਬੰਦ ਕਰਨ ਸਮੇਤ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਅਤੇ ਅਪੰਗ ਹੋਏ ਕਾਮਿਆਂ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਕਰਵਾਉਣ ਦੀ ਮੰਗ ਨੂੰ ਲੈ ਕੇ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਅਤੇ ਚੀਫ ਸੈਕਟਰੀ ਮੁੱਖ ਮੰਤਰੀ ਅਤੇ ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ/ਸੀ ਐੱਮ ਡੀ ਸਮੇਤ ਪ੍ਰਮੁੱਖ ਸਕੱਤਰ ਵਿੱਤ ਵਿਭਾਗ ਅਤੇ ਪ੍ਰਮੁੱਖ ਸਕੱਤਰ ਪ੍ਰਸੋਨਲ ਵਿਭਾਗ ਦੇ ਅਧਿਕਾਰੀ ਨਾਲ ਕਈ ਵਾਰ ਮੀਟਿੰਗਾ ਹੋਈਆਂ। ਆਗੂਆਂ ਨੇ ਮੰਗ ਕੀਤੀ ਕਿ ਆਊਟਸੋਰਸ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿਚ ਸ਼ਾਮਿਲ ਕਰਨ, ਘੱਟੋ ਘੱਟ ਗੁਜ਼ਾਰੇ ਯੋਗ 1948 ਐਕਟ ਮੁਤਾਬਿਕ ਜਾਂ 15ਵੀਂ ਲੇਬਰ ਕਾਨਫਰੰਸ ਦੀਆਂ ਹਦਾਇਤਾਂ ਅਨੁਸਾਰ ਤਨਖਾਹ ਜਾਰੀ ਕਰਨ ਅਤੇ ਬਿਜਲੀ ਖੇਤਰ ਦਾ ਨਿਜੀਕਰਨ ਰੱਦ ਕਰਨ, ਠੇਕੇਦਾਰ ਪ੍ਰਥਾ ਨੂੰ ਰੱਦ ਕਰਨ ਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਜਾਨਾਂ ਗਵਾ ਚੁੱਕੇ ਠੇਕਾ ਕਾਮਿਆਂ ਦੇ ਵਾਰਸਾ ਨੂੰ ਨੌਕਰੀ ਪੈਨਸ਼ਨ ਦੀ ਗਰੰਟੀ ਕਰਨ 'ਤੇ ਮੁੱਖ ਮੰਤਰੀ ਨਾਲ ਚਰਚਾ ਹੋਈ ਸੀ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਭਰੋਸਾ ਦਵਾਇਆ ਗਿਆ ਸੀ ਕਿ ਆਊਟ ਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿਚ ਸ਼ਾਮਿਲ ਕਰਨ ਦਾ ਭਰੋਸਾ ਦਵਾਇਆ ਸੀ ਤੇ ਤਨਖਾਹਾਂ ਵਿਚ ਵਾਧੇ ਕਰਨ ਸਮੇਤ ਹੋਰ ਮੰਗਾਂ ਲਈ ਮੁੱਖ ਮੰਤਰੀ ਵੱਲੋਂ ਬਿਜਲੀ ਮੰਤਰੀ ਦੀ ਡਿਊਟੀ ਲਗਾਈ ਗਈ।

# ਵਿਜੇ ਦਾਨਵ ਨੂੰ ਭਾਵਾਧਸ ਟਾਂਡਾ ਨੇ ਕੀਤਾ ਸਨਮਾਨਤ



**ਅੱਡਾ ਸਰਾਂ (ਜਸਵੀਰ ਕਾਜਲ)**- ਸੂਬਾ ਸਰਕਾਰ ਵੱਲੋਂ ਦਲਿਤ ਵਿਕਾਸ ਬੋਰਡ ਪੰਜਾਬ ਦੇ ਚੇਅਰਮੈਨ (ਰਾਜ ਮੰਤਰੀ) ਵਿਜੇ ਦਾਨਵ ਨਾਲ ਭਾਵਾਧਸ ਟਾਂਡਾ ਦੇ ਅਹੁਦੇਦਾਰ ਮੈਂਬਰਾਂ ਵੱਲੋਂ ਮੁਲਾਕਾਤ ਕਰਦੇ ਹੋਏ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸੂਬਾ ਪ੍ਰਧਾਨ ਸੇਠ ਰਾਮ ਸੇਠੀ ਤੇ ਭਾਵਾਧਸ ਦੇ ਸੀਨੀਅਰ ਆਗੂ ਮਨੋਜ ਕਨੇਡੀ ਦੀ ਅਗਵਾਈ 'ਚ ਇਕੱਤਰ ਹੋਏ ਸੰਸਥਾ ਦੇ ਅਹੁਦੇਦਾਰ ਤਾਰਾ ਸਿੰਘ, ਹਰਮੇਸ਼ ਬੱਸੀ, ਬੇਅੰਤ ਨੰਗਲ ਖੁੰਗਾ, ਬੱਬੀ ਜਾਜਾ, ਬੋਬੀ ਬੁੱਢੀ ਪਿੰਡ,ਜੀਤ ਰਾਮਜ਼ ਓਕਾਰ ਸਿੰਘ ਪਿੰਡ ਨਿਰਮਲ ਮੂਨਕਾਂ, ਜੀਤ ਪ੍ਰਕਾਸ਼ ਆਦਮਪੁਰ ਮੈਂਬਰਾਂ ਨੇ ਚੇਅਰਮੈਨ ਵਿਜੇ ਦਾਨਵ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਪ੍ਰਧਾਨ ਸੇਠ ਰਾਮ ਸੇਠੀ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਤੇ ਨਿਯੁਕਤੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਚੇਅਰਮੈਨ ਬਣਨ ਨਾਲ ਜਿੱਥੇ ਦਲਿਤ ਭਾਈਚਾਰੇ ਦਾ ਮਾਣ ਵਧਿਆ ਹੈ। ਇਸ ਮੌਕੇ ਪ੍ਰਧਾਨ ਸੇਠ ਰਾਮ ਸੇਠੀ ਨੇ ਦਲਿਤ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਿਸ ਤੇ ਚੇਅਰਮੈਨ ਵਿਜੇ ਦਾਨਵ ਨੇ ਕਿਹਾ ਕਿ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਦੇ ਹਲ ਲਈ ਦਲਿਤ ਵਿਕਾਸ ਬੋਰਡ ਭਾਈਚਾਰੇ ਆਪਣੀ ਬਣਦੀ ਅਹਿਮ ਜਿੰਮੇਵਾਰੀ ਨਿਭਾਵੇਗਾ ਅਤੇ ਦਲਿਤ ਭਾਈਚਾਰੇ ਦੇ ਜੀਵਨ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਯਤਨ ਕਰੇਗਾ।

# ਪਰਮਵੀਰ ਦੇ ਜਨਮ ਦਿਨ 'ਤੇ 100 ਬੂਟੇ ਲਗਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਹਰ ਇਨਸਾਨ ਨੂੰ ਆਪਣਾਂ ਪਹਿਲਾਂ ਫਰਜ਼ ਸਮਝਦਿਆਂ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੱਤਰਕਾਰਾ ਨਾਲ ਗੱਲਬਾਤ ਦੌਰਾਨ ਮਨੁੱਖਤਾ ਦੀ ਸੇਵਾ ਵਿਚ ਪਿੱਛਲੇ ਲੰਮੇ ਸਮੇਂ ਤੋਂ ਤੱਤਪਰ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਦੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਭਾਣਜੇ ਪਰਮਵੀਰ ਪਿਤਾ ਰਾਜਕੁਮਾਰ ਅਤੇ ਮਾਤਾ ਸੰਦੀਪ ਕੌਰ ਦੇ ਸਪੁੱਤਰ ਪਰਮਵੀਰ ਦੇ ਚੋਥੇ ਜਨਮ ਦਿਨ ਮੌਕੇ ਪਿੰਡ ਚੱਕ ਗੁਜਰਾ ਸਕੂਲ ਸਟਾਫ ਗ੍ਰਾਮ ਪੰਚਾਇਤ ਜੰਗਲਾਤ ਅਫਸਰ ਸਹਿਬਾਨ ਗੁਰਬਖਸ਼ ਸਿੰਘ ਜੀ ਸੂਬਾ ਸਾਬ ਉਦੇਸੀਆ ਅਤੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਦੇ ਸੇਵਾਦਾਰਾ ਦੇ ਸਾਂਝੇ ਉਪਰਾਲੇ ਤਹਿਤ ਤਕਰੀਬਨ 100 ਦੇ ਕਰੀਬ ਬੂਟੇ ਲਗਵਾ ਕੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਦਾ ਉਪਰਾਲਾ ਕੀਤਾ ਗਿਆ।ਜਿਸ ਪਿੰਡ 'ਚ ਇਹ ਬੂਟੇ ਲਗਾਏ ਗਏ ਹਨ, ਉਹ ਜ਼ਿਆਦਾ ਫੈਕਟਰੀਆਂ ਦਾ ਗੜ੍ਹ ਹੋਣ ਕਾਰਨ ਹਰ ਪਾਸਿਓਂ ਪ੍ਰਦੂਸ਼ਣ ਨਾਲ ਘਿਰਿਆ ਹੋਇਆ ਹੈ ਜਿਸ ਕਾਰਨ ਇੱਥੇ ਹੋਰ ਵੀ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਵੱਡੀ ਮਾਤਰਾ ਵਿਚ ਲੋੜ ਹੈ।ਇਸ ਦੌਰਾਨ ਪਰਮਵੀਰ ਸਿੰਘ, ਰਾਜ ਕੁਮਾਰ, ਸੰਦੀਪ ਕੌਰ,ਪ੍ਰੀਤਮ ਦਾਸ, ਕ੍ਰਿਸ਼ਨਾ ਦੇਵੀ, ਬਲਕਰਨ, ਕੋਮਲ, ਅਨੀਤਾ ਰਾਣੀ, ਮਨਦੀਪ ਕੌਰ,ਯੁਵਾ ਸਰਪੰਚ ਸੁਖਜੀਤ ਸਿੰਘ, ਹਰਜਿੰਦਰ ਪਾਲ ਟੋਨੀ ਕੰਦੋਲਾ ਅਤੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਜੀ ਹਾਜ਼ਰ ਸਨ।

# ਐੱਸ ਡੀ ਐੱਮ ਵੱਲੋਂ ਸ਼ਾਨਦਾਰ ਸੇਵਾਵਾਂ ਲਈ ਸਰਵੇਅਰਾਂ ਦਾ ਸਨਮਾਨ



**ਬਲਾਚੌਰ (ਜਸਵਿੰਦਰ ਬੈਂਸ)**- ਸਬ ਡਵੀਜ਼ਨ ਬਲਾਚੌਰ 'ਚ ਚੱਲ ਰਹੇ 'ਡਿਜ਼ੀਟਲ ਕ੍ਰੋਪ ਸਰਵੇਅ' ਦੇ ਕੰਮ ਨੂੰ ਵਧੀਆ ਤੇ ਸੁਚਾਰੂ ਢੰਗ ਨਾਲ ਕਰਨ ਵਾਲੇ ਸਰਵੇਅਰਾਂ ਰਵਿੰਦਰ ਸਿੰਘ, ਮਨਪ੍ਰੀਤ ਸਿੰਘ ਤੇ ਗੁਰਬਖ਼ਸ਼ ਸਿੰਘ ਨੂੰ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਬਲਾਚੌਰ ਦੇ ਐੱਸ ਡੀ ਐੱਮ ਕਰਿਤਿਕਾ ਗੋਇਲ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਐੱਸ ਡੀ ਐੱਮ ਕਰਿਤਿਕਾ ਗੋਇਲ ਨੇ ਪ੍ਰੈੱਸ ਨਾਲ ਗਲਬਾਤ ਕਰਦਿਆਂ ਦੱਸਿਆ ਕਿ 'ਡਿਜ਼ੀਟਲ ਕ੍ਰੋਪ ਸਰਵੇਅ' ਦਾ ਕੰਮ 15 ਸਤੰਬਰ 2025 ਤੱਕ ਚੱਲੇਗਾ। ਬਲਾਚੌਰ ਸਬ-ਡਵੀਜ਼ਨ ਅਧੀਨ ਪੈਂਦੇ ਪਿੰਡਾਂ ਦੇ ਨੌਜਵਾਨ ਜੋ ਇਸ ਸਰਵੇਅ ਦੇ ਕੰਮ ਕਰਨ ਦੇ ਚਾਹਵਾਨ ਹੋਣ, ਉਹਨਾਂ ਦੀ ਵਿੱਦਿਅਕ ਯੋਗਤਾ ਬਾਰ੍ਹਵੀਂ ਪਾਸ ਹੋਵੇ ਤੇ ਉਹਨਾਂ ਕੋਲ ਐਂਡਰਾਇਡ ਮੋਬਾਇਲ ਫੋਨ ਹੋਵੇ, ਉਹ ਨੌਜਵਾਨ ਤਹਿਸੀਲ ਦਫ਼ਤਰ ਵਿੱਚ ਏ ਐੱਸ ਐੱਮ ਅਮਨਦੀਪ ਸਿੰਘ ਨਾਲ ਸੰਪਰਕ ਕਰ ਸਕਦੇ ਹਨ। ਸਰਵੇਅਰ ਨੂੰ ਸਰਕਾਰ ਵਲੋਂ ਮਾਣਭੱਤਾ ਵੀ ਦਿੱਤਾ ਜਾਵੇਗਾ। ਇਸ ਮੌਕੇ ਤਹਿਸੀਲਦਾਰ ਸੁਖਬੀਰ ਕੌਰ ਤੇ ਏ ਐੱਸ ਐੱਮ ਅਮਨਦੀਪ ਸਿੰਘ ਸਮੇਤ ਹੋਰ ਕਰਮਚਾਰੀ ਹਾਜ਼ਰ ਸਨ।

# ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ




**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਭੋਗਪੁਰ ਨੇ ਪੰਜਾਬੀ ਸੱਭਿਆਚਾਰ ਅਤੇ ਰੀਤੀ-ਰਿਵਾਜਾਂ ਨਾਲ ਜੁੜੇ ਰਹਿਣ ਲਈ ਤੀਆਂ ਦੇ ਤਿਉਹਾਰ ਨੂੰ ਵੱਡੇ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ। ਇਸ ਮੌਕੇ ਸਕੂਲ ਦਾ ਵਾਤਾਵਰਣ ਖੁਸ਼ੀ ਅਤੇ ਉਮੰਗ ਨਾਲ ਭਰਿਆ ਹੋਇਆ ਸੀ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਬੜੇ ਜੋਸ਼ ਨਾਲ ਹਿੱਸਾ ਲਿਆ। ਵਿਦਿਆਰਥਣਾਂ ਨੇ ਗਿੱਧਾ ਅਤੇ ਭੰਗੜੇ ਵਰਗੇ ਪੰਜਾਬੀ ਲੋਕ ਨਾਚ ਪੇਸ਼ ਕਰਕੇ ਸਾਰਿਆਂ ਦਾ ਦਿਲ ਜਿੱਤ ਲਿਆ। ਭੰਗੜੇ ਅਤੇ ਗਿੱਧੇ ਦੇ ਨਾਲ-ਨਾਲ ਹੋਰ ਕਈ ਸੱਭਿਆਚਾਰਕ ਪ੍ਰੋਗਰਾਮਾਂ ਨੇ ਵੀ ਤਿਉਹਾਰ ਨੂੰ ਹੋਰ ਸੋਹਣਾ ਬਣਾ ਦਿੱਤਾ। ਇਸ ਸਮਾਗਮ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਸਭ ਨੇ ਮਿਲ ਕੇ ਖੁਸ਼ੀਆਂ ਮਨਾਈਆਂ। ਕੁੜੀਆਂ ਰੰਗ-ਬਿਰੰਗੇ ਪੰਜਾਬੀ ਸੂਟਾਂ ਵਿੱਚ ਸੁੰਦਰ ਦਿਖਾਈ ਦੇ ਰਹੀਆਂ ਸਨ, ਜਿਸ ਨਾਲ ਤਿਉਹਾਰ ਦੀ ਖੁਸ਼ੀ ਹੋਰ ਵੀ ਵਧ ਗਈ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਦੁਆਰਾ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਇਸ ਵਿੱਚ ਮਿਸ ਪੰਜਾਬਣ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥਣਾਂ ਦੁਆਰਾ ਪੰਜਾਬੀ ਸੱਭਿਆਚਾਰ ਦੀ ਬਹੁਤ ਹੀ ਸੋਹਣੀ ਝਲਕ ਪੇਸ਼ ਕੀਤੀ ਗਈ।ਤੀਆਂ ਦਾ ਜਸ਼ਨ ਮਨਾਉਣ ਨਾਲ ਨਾ ਸਿਰਫ਼ ਸੱਭਿਆਚਾਰਕ ਜਾਗਰੂਕਤਾ ਫੈਲੀ, ਸਗੋਂ ਵਿਦਿਆਰਥੀਆਂ ਨੂੰ ਆਪਣੀਆਂ ਪਰੰਪਰਾਵਾਂ ਦੀ ਕਦਰ ਕਰਨ ਦੀ ਪ੍ਰੇਰਨਾ ਵੀ ਮਿਲੀ। ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਸਾਰੇ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਨੂੰ ਆਧੁਨਿਕ ਮੁੱਲਾਂ ਨਾਲ ਤਰੱਕੀ ਕਰਦੇ ਹੋਏ ਵੀ ਆਪਣੀ ਸੱਭਿਆਚਾਰਕ ਜੜ੍ਹਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

# ਰੱਖੜੀ ਦੇ ਤਿਉਹਾਰ ਸੰਬੰਧੀ ਪ੍ਰਤੀਯੋਗਤਾ ਦਾ ਆਯੋਜਨ



**ਸੁਲਤਾਨਪੁਰ ਲੋਧੀ (ਹਨੀ)**- ਫਾਲਕਨ ਫਾਊਂਡੇਸ਼ਨ ਸਕੂਲ ਵਿਖੇ ਰੱਖੜੀ ਦੇ ਪਵਿੱਤਰ ਦਿਹਾੜੇ ਸੰਬੰਧੀ ਵਿਦਿਆਰਥੀਆਂ ਦਰਮਿਆਨ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਇੱਕ ਛੋਟੇ ਭਾਸ਼ਣ ਨਾਲ ਹੋਈ, ਜਿਸ ਵਿੱਚ ਇਸ ਤਿਉਹਾਰ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ, ਜੋ ਭਰਾਵਾਂ ਅਤੇ ਭੈਣਾਂ ਵਿਚਕਾਰ ਬੰਧਨ ਨੂੰ ਮਜਬੂਤ ਕਰਦਾ ਹੈ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਕਾਰਡ ਬਣਾਏ ਗਏ । ਸਮਾਗਮ ਦੀ ਸਮਾਪਤੀ ਮਠਿਆਈਆਂ ਵੰਡਣ ਅਤੇ ਸਾਰਿਆਂ ਵਿੱਚ ਏਕਤਾ, ਪਿਆਰ ਅਤੇ ਸਤਿਕਾਰ ਦੇ ਸੰਦੇਸ਼ ਨਾਲ ਹੋਈ। ਇਸ ਮੌਕੇ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋ ਅਤੇ ਡਾਇਰੈਕਟਰ ਨਵਦੀਪ ਕੌਰ ਢਿੱਲੋ, ਕੋਆਰਡੀਨੇਟਰ ਮੈਡਮ ਮਮਤਾ, ਲਵਪ੍ਰੀਤ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਮੈਡਮ ਹਰਸ਼ਪ੍ਰੀਤ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਜ਼ੋਨਲ ਖੇਡਾਂ ਤਹਿਤ ਵਾਲੀਬਾਲ ਮੁਕਾਬਲੇ ਕਰਵਾਏ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਅਨੰਦਪੁਰ ਸਾਹਿਬ ਵਿਖੇ ਚੱਲ ਰਹੀਆਂ ਜ਼ੋਨਲ ਸਕੂਲ ਖੇਡਾਂ ਦੇ ਤਹਿਤ ਸਥਾਨਕ ਪੀ.ਐਮ. ਸ੍ਰੀ ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਵਿਖੇ ਮੁੰਡੇ ਅਤੇ ਕੁੜੀਆਂ ਦੇ ਵਾਲੀਬਾਲ ਮੁਕਾਬਲੇ ਕਰਵਾਏ।ਇਸ ਸਮਾਗਮ 'ਚ ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਜ਼ੋਨਲ ਪ੍ਰਧਾਨ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ, ਸਕੂਲ ਮੁਖੀ ਗੁਰਜਤਿੰਦਰਪਾਲ ਸਿੰਘ ਗਨੂਰਾ, ਸਾਬਕਾ ਕੌਮੀ ਹਾਕੀ ਖਿਡਾਰੀ ਡਾਇਰੈਕਟਰ ਗੁਰਮਿੰਦਰ ਸਿੰਘ ਭੁੱਲਰ ਅਤੇ ਜ਼ਿਲ੍ਹਾ ਰੂਪਨਗਰ ਜੁੱਡੋ ਐਸੋਸੀਏਸ਼ਨ ਦੇ ਸਕੱਤਰ ਅਤੇ ਸਕੂਲ ਦੇ ਸਾਬਕਾ ਵਿਦਿਆਰਥੀ ਜਰਨੈਲ ਸਿੰਘ ਨਿੱਕੂਵਾਲ ਨੇ ਸਮੇਂ ਸਮੇਂ ਤੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਵਿਦਿਆਰਥੀਆਂ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ।ਬੁਲਾਰਿਆਂ ਨੇ ਕਿਹਾ ਕਿ ਸਖਤ ਮਿਹਨਤ ਨਾਲ ਹੀ ਪ੍ਰਾਪਤੀ ਸੰਭਵ ਹੈ।ਇਸ ਲਈ ਸਿੱਖਿਆ ਦੇ ਨਾਲ ਨਾਲ ਖੇਡਾਂ ਨੂੰ ਵੀ ਵਿਦਿਆਰਥੀ ਆਪਣੇ ਜੀਵਨ ਦਾ ਇੱਕ ਅੰਗ ਬਣਾ ਲੈਣ ਤਾਂ ਹੀ ਨਰੋਏ ਸਮਾਜ ਦੀ ਸਿਰਜਣਾ ਹੋ ਸਕੇਗੀ। ਇਸ ਮੌਕੇ ਸਕੱਤਰ ਅਸ਼ੋਕ ਰਾਣਾ, ਰੋਹਿਤ, ਇਕਬਾਲ ਸਿੰਘ, ਕੁਲਵੰਤ ਸਿੰਘ, ਰਣਜੀਤ ਸਿੰਘ ਭੱਠਲ, ਕਮਲਜੀਤ ਸਿੰਘ, ਸੋਹਣ ਸਿੰਘ ਚਾਹਲ, ਲਖਵੀਰ ਕੌਰ, ਸੁਮਨ ਚਾਂਦਲਾ, ਮਨਦੀਪ ਕੌਰ, ਕੁਲਵਿੰਦਰ ਕੌਰ, ਲਖਵਿੰਦਰ ਕੌਰ, ਬਖਸ਼ੀਸ਼ ਸਿੰਘ, ਅਨੁਰੀਤ ਕੁਮਾਰੀ, ਤਰਨਜੀਤ ਸਿੰਘ, ਦਵਿੰਦਰ ਸਿੰਘ, ਕਿਰਨਾ ਦੇਵੀ, ਬਬਲੀ ਦੇਵੀ ਆਦਿ ਹਾਜ਼ਰ ਸਨ।

# ਆਯੂਸ਼ ਆਯੁਰਵੈਦਿਕ ਤੇ ਹੋਮਿਓਪੈਥਿਕ ਮੁਫਤ ਮੈਡੀਕਲ ਚੈੱਕਅੱਪ ਕੈਂਪ



**ਬੰਗਾ (ਅਵਤਾਰ ਕਲੇਰ)**- ਆਯੂਸ਼ ਕਮਿਸ਼ਨਰ ਦਿਲਰਾਜ ਸਿੰਘ ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਵੀ ਡੁਮਰਾ, ਡਾਇਰੈਕਟਰ ਹੋਮਿਓਪੈਥੀ ਡਾ. ਹਰਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੁਰਵੇਦਿਕ ਅਤੇ ਯੂਨਾਨੀ ਅਫਸਰ ਡਾ. ਸਰਬਜੀਤ ਕੌਰ, ਜ਼ਿਲ੍ਹਾ ਹੋਮਿਓਪੈਥਿਕ ਅਫਸਰ ਡਾ. ਰਾਜੀਵ ਜਿੰਦੀਆ ਦੀ ਅਗਵਾਈ ਹੇਠ ਪਿੰਡ ਬਹਿਰਾਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਆਯੂਸ਼ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦਾ ਉਦਘਾਟਨ ਸਰਪੰਚ ਮੋਹਨ ਲਾਲ ਅਤੇ ਪਿੰਡ ਦੇ ਮੋਹਤਵਰ ਵਿਅਕਤੀਆਂ ਵੱਲੋਂ ਕੀਤਾ ਗਿਆ। ਕੈਂਪ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ ਅਤੇ ਹੋਮਿਓਪੈਥਿਕ ਵਿਭਾਗ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਕੈਂਪ ਵਿੱਚ ਆਯੁਰਵੇਦਿਕ ਵਿਭਾਗ ਦੇ ਨੋਡਲ ਅਫਸਰ ਡਾ. ਰਮਗੀਤ ਕੁਮਾਰੀ ਅਤੇ ਹੋਮਿਓਪੈਥਿਕ ਵਿਭਾਗ ਦੇ ਨੋਡਲ ਅਫਸਰ ਡਾ. ਹਰਜਿੰਦਰ ਸਿੰਘ ਵੱਲੋਂ ਮਰੀਜ਼ਾਂ ਨੂੰ ਬਿਮਾਰੀਆਂ ਦੀ ਰੋਕਥਾਮ, ਬਚਾਅ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ ਗਈ। ਯੋਗ ਇੰਸਟਰਕਟਰ ਵੱਲੋਂ ਮਰੀਜ਼ਾਂ ਨੂੰ ਯੋਗਾ ਆਸਨ ਕਰਵਾਏ ਗਏ। ਕੈਂਪ ਵਿੱਚ ਮਰੀਜ਼ਾਂ ਦੇ ਖੂਨ ਦੀ ਜਾਂਚ ਵੀ ਕੀਤੀ ਗਈ। ਆਯੁਰਵੈਦਿਕ ਮੈਡੀਕਲ ਟੀਮ ਵਿੱਚ ਡਾ. ਅਮਰਪ੍ਰੀਤ ਢਿੱਲੋਂ, ਡਾ. ਜਤਿੰਦਰ ਸਿੰਘ, ਉਪ ਵੈਦ ਹਰਜਿੰਦਰ ਸਿੰਘ, ਇੰਦਰਜੀਤ ਕੌਰ, ਟਰੇਂਡ ਦਾਈ ਪਰਮਜੀਤ ਕੌਰ , ਹੋਮਿਓਪੈਥਿਕ ਮੈਡੀਕਲ ਟੀਮ ਵਿੱਚ ਡਾ. ਨੇਹਾ ਸੋਨੀ, ਡਾ. ਹਰਜਿੰਦਰ ਸਿੰਘ, ਓਂਕਾਰ ਸਿੰਘ, ਡਿਸਪੈਂਸਰੀ ਵੱਲੋਂ ਮਰੀਜ਼ਾਂ ਦਾ ਨਿਰੀਖਣ ਕਰਨ ਉਪਰੰਤ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਮਹਿੰਦਰ ਪਾਲ ਸਿੰਘ ਰਿਟਾਇਰਡ ਇੰਸਪੈਕਟਰ ਪੰਜਾਬ ਪੁਲਸ, ਪੰਚ ਗੁਰਪਾਲ ਸਿੰਘ, ਬਲਬੀਰ ਰਾਮ, ਹਰਭਜਨ ਸਿੰਘ, ਜਸਵਿੰਦਰ ਕੌਰ, ਗੀਨਾ ਰਾਣੀ, ਨਰਿੰਦਰ ਕੌਰ, ਚਰਨਜੀਤ ਸਿੰਘ ਰੰਧਾਵਾ ਸਾਬਕਾ ਸਰਪੰਚ, ਮੇਜਰ ਸਿੰਘ, ਗੁਰਨਾਮ ਸਿੰਘ, ਭਵਨੇਸ਼ ਪੁਰੀ, ਵੇਦ ਪ੍ਰਕਾਸ਼ , ਜਸਵੰਤ ਰਾਏ ਆਦਿ ਸ਼ਾਮਲ ਸਨ।

# ਪੁਲਸ ਨੇ ਹਾਈਟੈਕ ਨਾਕਾ ਲਗਾ ਕੇ ਕੀਤੀ ਵਾਹਨਾਂ ਦੀ ਚੈਕਿੰਗ



**ਅੱਡਾ ਸਰਾਂ (ਜਸਵੀਰ ਕਾਜਲ)**- ਅੱਡਾ ਸਰਾਂ ਪੁਲਸ ਚੌਕੀ ਇੰਚਾਰਜ ਸਰਬਜੀਤ ਸਿੰਘ ਨੇ ਆਪਣੀ ਪੁਲਸ ਪਾਰਟੀ ਨਾਲ ਟਾਂਡਾ ਹੁਸ਼ਿਆਰਪੁਰ ਰੋਡ ਤੇ ਰਾਮਪੁਰ ਨਜ਼ਦੀਕ ਹਾਈਟੈਕ ਨਾਕੇ ਲਗਾ ਕੇ ਵਾਹਨਾਂ ਦੀ ਚੈਕਿੰਗ ਕੀਤੀ ਅਤੇ ਅਧੂਰੇ ਕਾਗਜ਼ਾਤ ਵਾਲੇ ਵਾਹਨਾਂ ਦੇ ਚਲਾਨ ਕੱਟੇ ।ਇਸ ਮੌਕੇ ਨਸ਼ੇ ਦੇ ਸੌਦਾਗਰਾਂ ਨੂੰ ਕਾਬੂ ਕਰਨ ਲਈ ਨਜ਼ਰ ਵੀ ਰੱਖੀ ਗਈ।ਇੰਚਾਰਜ ਸਰਬਜੀਤ ਸਿੰਘ ਨੇ ਦੱਸਿਆ ਕਿ 15 ਅਗਸਤ ਨੂੰ ਮੱਦੇਨਜ਼ਰ ਰੱਖਦੇ ਹੋਏ ਪੁਲਸ ਪਾਰਟੀ ਵਲੋਂ ਇਲਾਕੇ ਵਿੱਚ ਗਸ਼ਤ ਤੇਜ਼ ਕਰ ਦਿੱਤੀ ਅਤੇ ਇਲਾਕੇ ਵਿੱਚ ਅਮਨ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਨੂੰ ਹਰ ਕੀਮਤ ਤੇ ਬਹਾਲ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਹੁਲੜਬਾਜਾ ਤੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾਵੇਗੀ। ਇਸ ਮੌਕੇ ਏ ਐੱਸ ਆਈ ਗੁਰਮੀਤ ਸਿੰਘ, ਏ ਐੱਸ ਆਈ ਬੁਧ ਸਿੰਘ, ਏ ਐੱਸ ਆਈ ਗੁਰਮੀਤ ਸਿੰਘ, ਹੈੱਡਕਾਂਸਟੇਬਲ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਮਿਉਂਸਪਲ ਪੈਨਸ਼ਨਰਜ਼ ਐਸੋਸੀਏਸ਼ਨ ਨੇ ਸਰਕਾਰ ਖ਼ਿਲਾ.ਫ ਕੀਤੀ ਨਾਅਰੇਬਾਜ਼ੀ




**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਮਿਉਂਸਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀਆਂ ਲਟਕਦੀਆਂ ਆ ਰਹੀਆਂ ਮੰਗਾਂ ਪ੍ਰਵਾਨ ਨਾ ਹੋਣ 'ਤੇ ਕੁੰਭਕਰਨੀ ਨੀਂਦੇ ਸੁੱਤੀ ਪਈ ਸਰਕਾਰ ਨੂੰ ਜਗਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਐਸੋਸੀਏਸ਼ਨ ਦੇ ਦਫਤਰ ਟਾਂਡਾ ਵਿਖੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਜੰਮਕਰ ਨਾਅਰੇਬਾਜ਼ੀ ਕੀਤੀ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸੈਣੀ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਕਈ ਵਾਰ ਆਪਣੀਆਂ ਜਾਇਜ਼ ਮੰਗਾਂ ਸਬੰਧੀ ਜਾਣੂ ਕਰਵਾਇਆ ਗਿਆ ਪਰ ਸਰਕਾਰ ਉਨ੍ਹਾਂ ਮੰਗਾਂ ਨੂੰ ਮਨਜ਼ੂਰ ਕਰਨ ਦੀ ਬਜਾਏ ਟਾਲਮਟੋਲ ਨੀਤੀ ਹੀ ਅਪਣਾਈ ਜਾ ਰਹੀ ਹੈ। ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਾਡੀਆਂ ਜਾਇਜ਼ ਮੰਗਾਂ ਜਲਦ ਪਰਵਾਨ ਨਾ ਕੀਤੀਆਂ ਤਾਂ ਪੰਜਾਬ ਭਰ ਵਿੱਚ ' ਰੋਡ ਜਾਮ ਤੇ ਪੁਤਲੇ ਫੂਕ ਪ੍ਰਦਰਸ਼ਨ ਕਰਦੇ ਹੋਏ ਸੰਘਰਸ਼ ਨੂੰ ਹੋਰ ਤੇਜ਼ ਕਰ ਦਿੱਤਾ ਜਾਵੇਗਾ। ਇਸ ਮੌਕੇ 'ਤੇ ਰਤਨ ਸਿੰਘ ਸੈਣੀ, ਧਰਮ ਚੰਦ, ਕੇਵਲ ਕ੍ਰਿਸ਼ਨ, ਐਨ.ਪੀ ਸਿੰਘ, ਅਸ਼ੋਕ ਕੁਮਾਰ, ਦੇਵਰਾਜ, ਸੋਮਨਾਥ ਭੱਟੀ, ਬੂਆ ਸਿੰਘ, ਸੁਦਰਸ਼ਨ ਕੁਮਾਰ, ਅਮਰੀਕ ਸਿੰਘ, ਤਰਸੇਮ ਲਾਲ, ਅਮਰੀਕ ਸਿੰਘ ਭੋਗਪੁਰੀਆ ਅਤੇ ਹੋਰ ਮੈਂਬਰ ਹਾਜਰ ਸਨ।

12-AUG-PAGE-10.qxd 8/11/2025 10:26 PM Page 1



## ਪੁਲਸ ਨੇ ਕਾਸੋ ਆਪ੍ਰੇਸ਼ਨ ਕਰਕੇ ਤਸਕਰਾਂ ਨੂੰ ਪਾਈਆਂ ਭਾਜੜਾਂ



ਮੋਗਾ (ਇਕਬਾਲ ਸਿੰਘ ਖਹਿਰਾ)-ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ।ਇਸ ਕੜੀ ਤਹਿਤ ਮੋਗਾ ਪੁਲਸ ਵੱਲੋਂ ਮੋਗਾ ਦੀ ਸਾਧਾਂ ਵਾਲੀ ਬਸਤੀ ਤੇ ਹੋਰ ਬਸਤੀਆਂ ਵਿੱਚ ਸਵੇਰੇ ਤੋਂ ਕਾਸਕੋ ਆਪ੍ਰੇਸ਼ਨ ਕੀਤਾ ਗਿਆ।ਇਸ ਦੀ ਅਗਵਾਈ ਪੰਜਾਬ ਏ. ਡੀ. ਜੀ. ਪੀ. ਸ਼ਿਵ ਕੁਮਾਰ ਤੇ ਮੋਗਾ ਐੱਸ. ਐੱਸ. ਪੀ. ਅਜੈ ਗਾਂਧੀ ਦੇ ਨਾਲ-ਨਾਲ ਜ਼ਿਲ੍ਹੇ ਦੇ ਸਾਰੇ ਡੀ. ਐੱਸ. ਪੀ. ਤੇ ਐੱਸ. ਐੱਚ. ਓ. ਨੇ ਕੀਤੀ।ਇਸ ਮੌਕੇ ਪੰਜਾਬ ਪੁਲਸ ਦੇ 200 ਕਰਮਚਾਰੀ ਤਾਇਨਾਤ ਕੀਤੇ ਗਏ, ਜਿਨ੍ਹਾਂ ਨੇ ਨਸ਼ਾ ਤਸਕਰਾਂ ਦੇ ਘਰਾਂ ਦੀ ਬਾਰੀਕੀ ਨਾਲ ਚੈਕਿੰਗ ਕੀਤੀਏ. ਡੀ. ਜੀ. ਪੀ. ਸ਼ਿਵ ਕੁਮਾਰ ਨੇ ਕਿਹਾ ਕਿ ਮੋਗਾ ਜ਼ਿਲ੍ਹੇ ਵਿੱਚ ਕਾਫ਼ੀ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਕੁਝ ਲੋਕਾਂ ਦੀ ਜਾਇਦਾਦ 'ਤੇ ਬੁਲਡੋਜ਼ਰ ਵੀ ਚਲਾਏ ਗਏ ਹਨ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਜਾਂ ਤਾਂ ਇਹ ਧੰਦਾ ਛੱਡ ਦੇਣ ਜਾਂ ਫਿਰ ਪੰਜਾਬ ਛੱਡ ਦੇਣ।

## ਰਾਜੀਵ ਸੰਸਥਾ ਦੀ ਚੋਣ 'ਚ ਗੁਪਤਾ ਪ੍ਰਧਾਨ ਤੇ ਪੰਕਜ ਜਨਰਲ ਸਕੱਤਰ ਚੁਣੇ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼ਹਿਰ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਰਾਜੀਵ ਸੰਸਥਾ ਦੀਆਂ ਹੋਈਆਂ ਚੋਣਾਂ ਵਿੱਚ ਨਵੀਂ ਟੀਮ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਹ ਚੋਣਾਂ ਸਮਾਜ ਸੇਵਾ ਦੇ ਕੰਮਾਂ ਨੂੰ ਹੋਰ ਅੱਗੇ ਵਧਾਉਣ ਤੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੇ ਉਦੇਸ਼ ਨਾਲ ਕੀਤੀਆਂ ਗਈਆਂ ਹਨ। ਸੰਸਥਾ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਇਸ ਨਵੀਂ ਕਮੇਟੀ ਵਿੱਚ ਗੁਪਤਾ ਨੂੰ ਪ੍ਰਧਾਨ ਤੇ ਪੰਕਜ ਸ਼ਰਮਾ ਐਡਵੋਕੇਟ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਨਵੇਂ ਅਹੁਦੇਦਾਰਾਂ ਵਿਨੋਦ ਭਾਰਦਵਾਜ ਨੂੰ ਸੀਨੀਅਰ ਮੀਤ ਪ੍ਰਧਾਨ, ਅਸ਼ਵਨੀ ਕੁਮਾਰ ਗੋਰਾ ਨੂੰ ਖਜ਼ਾਨਚੀ, ਰਾਜੇਸ਼ ਕੁਮਾਰ ਬੌਬੀ ਨੂੰ ਸੰਯੁਕਤ ਸਕੱਤਰ, ਨਿਤਿਨ ਗੁਪਤਾ ਨੂੰ ਸਹਿ-ਕਨਵੀਨਰ, ਸੰਦੀਪ ਜੈਨ ਐਡਵੋਕੇਟ ਨੂੰ ਕਾਨੂੰਨੀ ਸਲਾਹਕਾਰ, ਸੰਦੀਪ ਅਗਰਵਾਲ ਨੂੰ ਪ੍ਰਾਜੈਕਟ ਕੋਆਰਡੀਨੇਟਰ, ਦਿਨੇਸ਼ ਗੁਪਤਾ ਨੂੰ ਰਿਸਰਚ ਅਫਸਰ, ਤਰਵਿੰਦਰ ਸਿੰਘ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਗੁਪਤਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਦੇ ਖੇਤਰ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਵੀਂ ਕਮੇਟੀ ਪੂਰੀ ਮਿਹਨਤ ਤੇ ਲਗਨ ਨਾਲ ਸ਼ਹਿਰ ਅਤੇ ਛਾਉਣੀ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਉਨ੍ਹਾਂ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।

## ਬਾਬਾ ਬਕਾਲਾ ਕਾਨਫਰੰਸ 'ਚ ਸ਼ਾਮਲ ਹੋਣ 'ਤੇ ਰੁਪਾਲੋਂ ਵੱਲੋਂ ਵਰਕਰਾਂ ਦਾ ਧੰਨਵਾਦ



ਦੋਰਾਹਾ (ਹਰਮਿੰਦਰ ਸੇਠ)-ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਬਾਬਾ ਬਕਾਲਾ ਸਾਹਿਬ ਵਿਖੇ ਕੀਤੀ ਗਈ ਇਤਿਹਾਸਕ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਪੂਰੇ ਪੰਜਾਬ ਭਰ ਤੋਂ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਕਿਉਂਕਿ ਇਹ ਕਾਨਫਰੰਸ ਪੰਜਾਬ ਦੀ ਤਕਦੀਰ ਦਾ ਫੈਸਲਾ ਕਰਨਾ ਹੈ। ਅਕਾਲੀ ਦਲ ਵਾਰਸ ਪੰਜਾਬ ਦੇ ਪੰਥਕ ਹਲਕੇ 'ਤੇ ਮੋਹਰ ਲਾਉਂਦਿਆਂ ਹਲਕਾ ਪਾਇਲ ਵਿੱਚੋਂ ਬਲਾਕ ਮੈਂਬਰ ਤੇ ਅਹੁਦੇਦਾਰਾਂ ਦਾ ਵੱਡਾ ਜਥਾ ਬਾਬਾ ਬਕਾਲਾ ਸਾਹਿਬ ਦੀ ਇਤਿਹਾਸਕ ਕਾਨਫਰੰਸ ਵਿੱਚ ਸ਼ਾਮਲ ਹੋਇਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਭਰਤੀ ਕਮੇਟੀ ਮੈਂਬਰ ਪੰਜਾਬ ਤੇ ਅਬਜ਼ਰਵਰ ਸ੍ਰੀ ਫਤਿਹਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋਂ ਨੇ ਵਰਕਰਾਂ ਦਾ ਧੰਨਵਾਦ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮਾਝੇ ਦੀ ਧਰਤੀ 'ਤੇ ਹੋਏ ਇਤਿਹਾਸਕ ਇਕੱਠ ਵਿੱਚ ਮਾਲਵੇ ਦੀ ਧਰਤੀ ਦਾ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ, ਕਿਉਂਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਸਿੱਖਾਂ ਦੇ ਇੱਕੋ ਇੱਕ ਐਸੇ ਲੀਡਰ ਹਨ, ਜਿਸ ਵਿੱਚ ਪੰਜਾਬ ਦੇ ਸਿੱਖ ਤੇ ਪੰਜਾਬੀ ਆਪਣੇ ਆਉਣ ਵਾਲੇ ਭਵਿੱਖ ਨੂੰ ਤਲਾਸ਼ ਰਹੇ ਹਨ, ਮੈਂ ਉਨ੍ਹਾਂ ਸਮੂਹ ਵਰਕਰਾਂ ਦਾ ਧੰਨਵਾਦ ਕਰਦਾ ਹਾਂ, ਜਿਹੜੇ ਕਾਫਲੇ ਦੇ ਰੂਪ ਵਿੱਚ ਇਸ ਇਤਿਹਾਸਕ ਕਾਨਫਰੰਸ ਸ਼ਾਮਲ ਹੋਏ। ਇਸ ਕਾਫਲੇ ਵਿੱਚ ਅਕਾਲੀ ਦਲ ਵਾਰਸ ਪੰਜਾਬ ਦੇ ਅਹੁਦੇਦਾਰ ਦਰਸ਼ਨ ਸਿੰਘ ਪਾਇਲ, ਗਗਨਦੀਪ ਸਿੰਘ ਦਫਤਰ ਸਕੱਤਰ, ਹਰਬੰਤ ਸਿੰਘ ਗਿੱਲ, ਜੋਗਾ ਸਿੰਘ ਪਾਇਲ, ਗੁਰਪ੍ਰੀਤ ਸਿੰਘ ਘਲੋਟੀ, ਸਰਬਜੀਤ ਸਿੰਘ ਪੱਪੀ, ਪ੍ਰਗਟ ਸਿੰਘ ਰੱਬੋਂ, ਬਲਵਿੰਦਰ ਸਿੰਘ ਬਿੱਲੂ ਚੋਮੋ, ਮੰਗਲ ਸਿੰਘ ਭੱਠਲਾਂ, ਹਰਕਮਲਦੀਪ ਸਿੰਘ ਲਾਪਰਾਂ, ਪ੍ਰੀਤਮ ਸਿੰਘ ਲਸਾੜਾ, ਬਿੱਟੂ ਲਸਾੜਾ, ਵਰਿੰਦਰ ਸਿੰਘ ਬੇਰਕਲਾਂ, ਗੁਰਮੀਤ ਸਿੰਘ ਕਿਸ਼ਨਪੁਰ, ਜਥੇਦਾਰ ਦੀਦਾਰ ਸਿੰਘ ਰਾਣੋ, ਬੁੱਧ ਸਿੰਘ ਮਦਨੀਪੁਰ, ਸਾਬਕਾ ਐੱਮ ਸੀ ਮੋਹਨ ਸਿੰਘ ਪਾਇਲ, ਗੁਰਪ੍ਰੀਤ ਸਿੰਘ ਬਬਾਣੀ, ਗੁਰਦੀਪ ਸਿੰਘ ਨਸਰਾਲੀ ਸ਼ਾਮਲ ਸਨ।

## ਤੀਆਂ ਦੇ ਮੇਲੇ ਸਾਡੇ ਅਮੀਰ ਸਭਿਆਚਾਰਕ ਵਿਰਸੇ ਦਾ ਅਨਿੱਖੜਵਾਂ ਅੰਗ : ਚੇਅਰਮੈਨ ਜੱਸੀ



ਨਾਭਾ (ਵਰਿੰਦਰ ਵਰਮਾ)-ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾ ਕੇ ਹਰ ਪੱਖ ਤੋਂ ਪੰਜਾਬ ਨੂੰ ਮਜ਼ਬੂਤ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਾਭਾ ਹਲਕੇ ਦੇ ਪਿੰਡ ਕੁਲਾਰਾਂ ਵਿਖੇ ਨਗਰ ਨਿਵਾਸੀਆਂ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ ਕਰਵਾਏ ਗਏ ਮੇਲਾ ਤੀਆਂ ਦਾ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨ ਮੌਕੇ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਤੀਆਂ ਦੇ ਮੇਲੇ ਸਾਡੇ ਅਮੀਰ ਸਭਿਆਚਾਰ ਵਿਰਸੇ ਦਾ ਅਨਿੱਖੜਵਾਂ ਅੰਗ ਹਨ, ਜੋ ਕਿ ਪਿਛਲੇ ਕੁੱਝ ਦਹਾਕਿਆਂ ਤੋਂ ਲੱਗਣੇ ਬੰਦ ਹੋ ਗਏ ਸਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੁੜ ਤੋਂ ਲੱਗਣੇ ਸ਼ੁਰੂ ਹੋਏ ਹਨ, ਜਿਨ੍ਹਾਂ ਨੂੰ ਲੈ ਕੇ ਪਿੰਡਾਂ ਤੇ ਸ਼ਹਿਰਾਂ ਦੀਆਂ ਔਰਤਾਂ ਬੇਹੱਦ ਖੁਸ਼ ਹਨ।ਇਸ ਮੌਕੇ ਸਰਪੰਚ ਦਵਿੰਦਰ ਸਿੰਘ ਨਾਲ ਲਵਪ੍ਰੀਤ ਸਿੰਘ ਲੱਭੂ, ਸੁਖਚੈਨ ਸਿੰਘ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਸਨਮਾਨ ਕੀਤਾ।

## ਭਾਜਪਾ ਨੇ ਵੱਖ-ਵੱਖ ਸਹੂਲਤਾਂ ਵਾਲੇ ਕਾਰਡ ਬਣਾਏ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਬੀ ਜੇ ਪੀ ਦੇ ਸੇਵਾਦਾਰ ਆ ਗਏ ਤੁਹਾਡੇ ਦੁਆਰ ਪ੍ਰੋਗਰਾਮ ਅਧੀਨ ਪੀਰਖਾਨਾ ਗਣੇਸ਼ ਕਾਟਨ ਗਲੀ ਵਿੱਚ ਵਿਧਾਨ ਸਭਾ ਇੰਚਾਰਜ ਰਾਜੇਸ਼ ਗੋਰਾ ਪਠੇਲਾ ਦੀ ਅਗਵਾਈ ਹੇਠ ਕੈਂਪ ਲਾਇਆ ਗਿਆ, ਜਿਸ 'ਚ ਲੋਕਾਂ ਦੇ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸਹੂਲਤਾਂ ਦੇ ਕਾਰਡ ਬਣਾ ਕੇ ਦਿੱਤੇ ਗਏ।ਵਿਧਾਨ ਸਭਾ ਇੰਚਾਰਜ ਰਾਜੇਸ਼ ਗੋਰਾ ਪਠੇਲਾ ਵਾਰਡ ਨੰਬਰ 26 ਦੇ ਐੱਮ ਸੀ ਸੱਤਪਾਲ ਪਠੇਲਾ ਨੇ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਜਨਹਿੱਤ 'ਚ ਚਲਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਜਾਣੂੰ ਕਰਵਾਇਆ ਤੇ ਇਨ੍ਹਾਂ ਦਾ ਲਾਭ ਲੈਣ ਲਈ ਪ੍ਰੇਰਿਆ।ਮੌਕੇ 'ਤੇ ਮੰਡਲ 2 ਦੇ ਪ੍ਰਧਾਨ ਹਰੀਸ਼ ਵਾਟਸ ਦੀ ਗਵਾਹੀ ਵਿੱਚ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕੈਂਪ ਇੰਚਾਰਜ, ਸਾਗਰ ਤੇ ਵਿੱਕੀ, ਮੰਡਲ ਪ੍ਰਧਾਨ 1 ਦੇ ਪੂਜਾ ਕੱਕੜ, ਮੰਡਲ ਪ੍ਰਧਾਨ 3 ਦੇ ਰਜਿੰਦਰ ਭੁਜੀਆ ਵਾਲੇ ਸਾਬਕਾ ਪ੍ਰਧਾਨ ਨਗਰ ਕੌਂਸਲ ਰਵਿੰਦਰ ਕਟਾਰੀਆ, ਰਾਜ ਕੁਮਾਰ ਮੇਲੂ, ਵਿਕਰਾਂਤ ਤੇਰੀਆ, ਮਿੰਕਲ ਬਜਾਜ, ਆਖਿਲ ਭਾਰਤੀ, ਮਨੀਸ਼ ਧਮੀਜਾ, ਨੀਟਾ ਤੰਵਰ, ਨਵੀਨ ਮੋਰਵਾਲ, ਪ੍ਰੀਤ ਬਾਜਾ, ਦਵਿੰਦਰ ਸਿੰਘ, ਮੰਡਲ ਪ੍ਰਧਾਨ ਖੱਪਿਆਂਵਾਲੀ, ਪਾਲਾ ਸਿੰਘ, ਮੰਗਲ ਸਿੰਘ ਸਮੇਤ ਹੋਰ ਭਾਜਪਾ ਵਰਕਰ ਮੌਜੂਦ ਸਨ।

## ਬੀ ਕੇ ਯੂ ਏਕਤਾ ਉਗਰਾਹਾਂ ਸਵੱਦੀ ਖੁਰਦ ਤੇ ਰਾਮਗੜ੍ਹ ਭੂਲਰ ਇਕਾਈ ਦੀ ਚੋਣ



ਦੋਰਾਹਾ (ਹਰਮਿੰਦਰ ਸੇਠ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਮਨੋਹਰ ਸਿੰਘ ਕਲਾੜ ਤੇ ਜ਼ਿਲ੍ਹਾ ਨੌਜਵਾਨ ਆਗੂ ਯੁਵਰਾਜ ਸਿੰਘ ਘੁਡਾਣੀ ਦੀ ਨਿਗਰਾਨ ਤਹਿਤ ਪਿੰਡ ਸਵੱਦੀ ਖੁਰਦ ਤੇ ਰਾਮਗੜ੍ਹ ਭੂਲਰ ਦੀਆਂ ਚੋਣਾਂ ਸਰਬਸੰਮਤੀ ਨਾਲ ਕਰਵਾਈਆਂ ਗਈਆਂ। ਮੀਟਿੰਗ 'ਚ ਆਗੂਆਂ ਕਿਹਾ ਕਿ ਲੈਂਡ ਪੂਲਿੰਗ ਤਹਿਤ ਸਰਕਾਰ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਐਕਵਾਇਰ ਕਰਨ ਲਈ ਰੋਜ਼ ਐਲਾਨ ਕਰ ਰਹੀ ਹੈ ਤੇ ਕਿਸਾਨਾਂ ਦਾ ਉਜਾੜਾ ਕਰਨ 'ਤੇ ਤੁਲੀ ਹੋਈ ਹੈ। ਸਰਕਾਰ ਨੂੰ ਕਾਰਪੋਰੇਟਾਂ ਦਾ ਹੇਜ ਆ ਰਿਹਾ ਤੇ ਪਿੰਡਾਂ ਦੇ ਪਿੰਡਾਂ ਖ਼ਤਮ ਕੀਤੇ ਜਾ ਰਹੇ ਹਨ, ਸਾਡੀਆਂ ਜ਼ਮੀਨਾਂ ਖੋਹ ਕੇ ਇਸ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਜੋ ਕਿ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦਾ ਵਿਰੋਧ ਆਪਣੇ ਏਕੇ ਤੇ ਸੰਘਰਸ਼ ਨੂੰ ਹੋਰ ਤਕੜਾ ਕਰਕੇ ਦੇਣ ਦੀ ਲੋੜ ਹੈ, ਇਸ ਦਾ ਵਿਰੋਧ ਪਹਿਲਾਂ ਪਿੰਡਾਂ ਵਿੱਚ ਟਰੈਕਟਰ ਮਾਰਚ ਕਰਕੇ ਕੀਤਾ ਗਿਆ ਤੇ ਹੁਣ ਐੱਸ ਕੇ ਐੱਮ ਵੱਲੋ 24 ਅਗਸਤ ਨੂੰ ਲੈਂਡ ਪੂਲਿੰਗ ਦੇ ਵਿਰੋਧ ਵਿੱਚ ਵਿਸ਼ਾਲ ਰੈਲੀ ਸਮਰਾਲਾ ਦਾਣਾ ਮੰਡੀ ਵਿੱਚ ਕੀਤੀ ਜਾ ਰਹੀ ਹੈ, ਜਿਸ ਦੀਆਂ ਤਿਆਰੀਆਂ ਸਬੰਧੀ ਪਿੰਡਾਂ ਵਿੱਚ ਮੀਟਿੰਗਾਂ ਕਰਾ ਕੇ ਰੈਲੀ 'ਚ ਵਹੀਰਾ ਘੱਤ ਕੇ ਜਾਣ ਦੀ ਅਪੀਲ ਵੀ ਕੀਤੀ।

# ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਸਰਕਾਰ ਵਿਭਾਗਾਂ ਨੂੰ ਹੀ ਕੱਚਾ ਕਰਨ 'ਤੇ ਤੁਲੀ : ਫਰੰਟ

■ ਡੀ ਪੀ ਆਈ ਦਫ਼ਤਰ ਮੋਹਾਲੀ ਮੂਹਰੇ ਰੋਸ ਪ੍ਰਦਰਸ਼ਨ 13 ਨੂੰ



ਮਾਨਸਾ (ਆਤਮਾ ਸਿੰਘ ਪਮਾਰ)-ਐੱਨ ਐੱਸ ਕਿਊ ਐੱਫ ਵੋਕੇਸ਼ਨਲ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਭੀਖੀ ਨੇ ਦੱਸਿਆ ਕਿ ਜਥੇਬੰਦੀ ਦੀ ਇੱਕ ਜ਼ਰੂਰੀ ਮੀਟਿੰਗ ਦੌਰਾਨ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਮਸਲਿਆਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਆਪ ਪਾਰਟੀ ਬਣਨ ਤੋਂ ਬਾਅਦ ਸ਼ਹੀਦ ਭਗਤ ਸਿੰਘ ਦੇ ਪਿੰਡ ਤੋਂ ਸਹੁੰ ਚੁੱਕਣ ਤੋਂ ਬਾਅਦ ਪੰਜਾਬ ਦੀ ਆਪ ਸਰਕਾਰ ਨੇ ਭਗਤ ਸਿੰਘ ਦੇ ਆਦਰਸ਼ਾਂ ਤੋਂ ਪਾਸਾ ਵੱਟ ਲਿਆ। ਸ. ਭਗਤ ਸਿੰਘ ਨੇ ਹਮੇਸ਼ਾ ਫਾਸਿਸਟ (ਪੂੰਜੀਵਾਦੀ) ਸਰਕਾਰਾਂ ਖਿਲਾਫ ਅਪਣੀ ਲੜਾਈ ਲੜੀ, ਪਰ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਵਾਲੀ ਆਪ ਪਾਰਟੀ ਅੱਜ ਸਰਕਾਰੀ ਵਿਭਾਗਾਂ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਜਾ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਬਾਹਰ ਕੱਢਣ ਦੀ ਬਜਾਏ ਉਨ੍ਹਾਂ ਨੂੰ ਹੋਰ ਸਰਕਾਰੀ ਸਕੂਲ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜ਼ਿਲ੍ਹੇ ਦੇ ਵਿੱਤ ਸਕੱਤਰ ਨਰਪਿੰਦਰ ਸਿੰਘ ਮੋਹਲ ਦਾ ਕਹਿਣਾ ਹੈ ਕਿ ਆਪ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਣ ਉਪਰੰਤ ਸਾਰੇ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਪਰ ਤ੍ਰਾਸਦੀ ਇਹ ਹੈ ਕਿ ਵਰਤਮਾਨ ਪੰਜਾਬ ਸਰਕਾਰ ਕੱਚੇ ਮੁਲਜ਼ਮਾਂ ਦੀ ਮੰਗਾਂ ਹੱਲ ਕਰਨ ਦੀ ਬਜਾਏ ਮੀਟਿੰਗ ਕਰਨ ਤੋਂ ਵੀ ਮੁੱਕਰ ਰਹੀ ਹੈ। ਪਹਿਲਾਂ ਸਿੱਖਿਆ ਵਿਭਾਗ ਵਿੱਚ ਐੱਨ ਐੱਸ ਕਿਊ ਐੱਫ ਵੋਕੇਸ਼ਨਲ ਨੂੰ ਪ੍ਰਾਈਵੇਟ ਘਰਾਣਿਆਂ ਦੇ ਹਵਾਲੇ ਕੀਤਾ ਤੇ ਹੁਣ ਉਸ ਤੋਂ ਅੱਗੇ ਵੱਧ ਕੇ ਪੁਰਾਣੀ ਵੋਕੇਸ਼ਨਲ ਸਿੱਖਿਆ ਨੂੰ ਹੁਨਰ ਸਿੱਖਿਆ ਸਕੀਮ ਦੇ ਨਾਮ ਬਦਲ ਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਜਾ ਰਹੀ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸਿੱਖਿਆ ਗ਼ਰੀਬ ਬੱਚੇ ਸਿੱਖਿਆ ਵਾਂਝੇ ਰਹਿ ਜਾਣਗੇ।

ਫਰੰਟ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਇਸ ਨੀਤੀ ਤੋਂ ਪੈਰ ਪਿੱਛੇ ਨਹੀਂ ਖਿੱਚੇ ਤਾਂ ਡੀ ਪੀ ਆਈ ਦਫ਼ਤਰ ਸਿੱਖਿਆ ਵਿਭਾਗ ਮੋਹਾਲੀ ਅੱਗੇ 13 ਅਗਸਤ ਨੂੰ ਰੋਸ ਪ੍ਰਦਰਸ਼ਨ ਕਰਕੇ ਸਰਕਾਰ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ।ਇਸ ਮੌਕੇ ਸਟੇਟ ਕਮੇਟੀ ਮੈਂਬਰ ਰਣਜੀਤ ਸਿੰਘ ਬਰਨਾਲਾ, ਭੁਪਿੰਦਰ ਸਿੰਘ ਰੋਪੜ, ਰਣਜੀਤ ਸਿੰਘ ਨਵਾਂਸ਼ਹਿਰ, ਗੁਰਜੀਤ ਸਿੰਘ ਬਠਿੰਡਾ ਤੇ ਸੁਖਰਾਜਬੀਰ ਸਿੰਘ ਤਰਨਤਾਰਨ ਆਦਿ ਹਾਜ਼ਰ ਸਨ।

## ਨਜਾਇਜ਼ ਸ਼ਰਾਬ ਦੀਆਂ 17 ਪੇਟੀਆਂ ਸਮੇਤ ਦੋ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਸੀ ਪਠਾਣਾ ਪੁਲਸ ਵੱਲੋਂ ਚੰਡੀਗੜ੍ਹ 'ਚ ਵਿਕਣ ਯੋਗ ਸ਼ਰਾਬ ਦੀਆਂ 17 ਪੇਟੀਆਂ ਸਮੇਤ ਦੋ ਕਾਰ ਸਵਾਰ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਲਖਵਿੰਦਰ ਸਿੰਘ ਉਰਫ ਲੱਖਾ ਵਾਸੀ ਪਿੰਡ ਚੋਲਟਾ ਖੁਰਦ (ਮੋਹਾਲੀ) ਤੇ ਹਰਦੀਪ ਸਿੰਘ ਵਾਸੀ ਪਿੰਡ ਵਜ਼ੀਦਪੁਰ ਚੰਡੀਗੜ੍ਹ 'ਚੋਂ ਸਸਤੇ ਭਾਅ 'ਤੇ ਸ਼ਰਾਬ ਖਰੀਦ ਕੇ ਪੰਜਾਬ ਵਿੱਚ ਮਹਿੰਗੇ ਭਾਅ ਦੇ ਵੇਚਣ ਦਾ ਗੈਰ-ਕਾਨੂੰਨੀ ਧੰਦਾ ਕਰਦੇ ਹਨ, ਜੋ ਇਸ ਸਮੇਂ ਹਾਂਡਾ ਸਿਟੀ ਕਾਰ ਨੰਬਰ ਸੀ.ਐੱਚ.01 ਸੀ.ਵਾਈ-4312 ਵਿੱਚ ਸ਼ਰਾਬ ਲੈ ਕੇ ਆ ਰਹੇ ਹਨ, ਜਿਸ 'ਤੇ ਥਾਣਾ ਬਸੀ ਪਠਾਣਾ ਦੀ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਦੇ ਹੋਏ ਹਾਂਡਾ ਸਿਟੀ ਕਾਰ ਵਿੱਚ ਆ ਰਹੇ ਲਖਵਿੰਦਰ ਸਿੰਘ ਉਰਫ ਲੱਖਾ ਤੇ ਹਰਦੀਪ ਸਿੰਘ ਨੂੰ ਚੈਕਿੰਗ ਲਈ ਰੋਕਿਆ ਗਿਆ।ਤਲਾਸ਼ੀ ਦੌਰਾਨ ਉਕਤ ਕਾਰ ਚੋਂ ਚੰਡੀਗੜ੍ਹ 'ਚ ਵਿਕਣ ਯੋਗ ਸ਼ਰਾਬ ਦੀਆਂ 17 ਪੇਟੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਬਸੀ ਪਠਾਣਾ ਵਿਖੇ ਅ/ਧ 61,78(2)1/14 ਆਬਕਾਰੀ ਐਕਟ ਤਹਿਤ ਦਰਜ ਕਰਵਾਏ ਗਏ ਮਾਮਲੇ ਵਿੱਚ ਲਖਵਿੰਦਰ ਸਿੰਘ ਉਰਫ ਲੱਖਾ ਤੇ ਹਰਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਹਰਪਿੰਦਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਖੂਨ ਦਾਨ ਕਰਨ ਨਾਲ ਕਈ ਕੀਮਤੀ ਜਾਨਾਂ ਬਚ ਸਕਦੀਆਂ : ਗੁਰਪ੍ਰੀਤ ਗੁਰੀ



ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਤੇਜ਼ ਰਫਤਾਰ ਤਣਾਅ ਭਰੇ ਮਾਹੌਲ ਤੇ ਲਾਪ੍ਰਵਾਹੀ ਕਾਰਨ ਸੜਕਾਂ 'ਤੇ ਨਿੱਤ ਹੋਣ ਵਾਲੀਆਂ ਮੰਦਭਾਗੀ ਦੁਰਘਟਨਾਵਾਂ ਮੌਕੇ ਖੂਨ ਨਾ ਮਿਲਣ ਕਾਰਨ ਰੋਜ਼ਾਨਾ ਸੈਂਕੜੇ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ, ਇਸ ਲਈ ਸਾਰੇ ਤੰਦਰੁਸਤ ਵਿਅਕਤੀਆਂ ਨੂੰ ਆਪਣਾ ਖੂਨ ਜ਼ਰੂਰ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅਜਾਈਂ ਜਾਣ ਵਾਲੀਆਂ ਜਾਨਾਂ ਨੂੰ ਰੋਕ ਸਕੀਏ। ਆਈ ਐੱਸ ਐੱਫ ਦੇ ਨੌਜਵਾਨਾਂ ਵੱਲੋਂ ਪਿੰਡ ਬਹਿਰੂ ਵਿਖੇ ਵਾਈਸ ਪ੍ਰਧਾਨ ਲੱਕੀ ਕਪੂਰੀ ਤੇ ਸਰਪੰਚ ਸ਼ਰਮਾ ਦੀ ਸਹਾਇਤਾ ਨਾਲ ਲਗਾਏ ਖ਼ੂਨਦਾਨ ਕੈਂਪ 'ਚ ਆਪਣਾ ਖ਼ੂਨ ਦਾਨ ਕਰਨ ਸਮੇਂ ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨ ਮਾਜਰਾ ਦੇ ਪੀ ਏ ਗੁਰਪਰੀਤ ਸਿੰਘ ਗੁਰੀ ਵੱਲੋਂ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਆਈ ਐੱਸ ਐੱਫ ਦੇ ਨੌਜਵਾਨਾਂ ਦੀ ਉਨ੍ਹਾਂ ਵੱਲੋਂ ਲਗਾਏ ਖ਼ੂਨਦਾਨ ਕੈਂਪ ਲਈ ਜ਼ੋਰਦਾਰ ਸਲਾਹੁਣਾ ਕਰਦੇ ਹੋਏ ਕੈਂਪ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਿੰਡ ਬਹਿਰੂ ਦੇ ਕਈ ਆਗੂਆਂ ਤੋਂ ਇਲਾਵਾ ਪਠਾਨਮਾਜਰਾ ਟੀਮ ਦੇ ਮੈਂਬਰ ਜਸਵੀਰ ਸਿੰਘ ਜੱਸੀ ਸਰਪੰਚ ਹਸਨਪੁਰ ਪੁਰ ਕੰਬੋਆਂ, ਲੱਕੀ ਕਪੂਰੀ ਵਾਈਸ ਪ੍ਰਧਾਨ ਆਈ ਐੱਸ ਐੱਫ ਹਰਜੀ ਹਾਜ਼ੀਪੁਰ, ਗਿੰਦਾ ਹਾਜੀਪੁਰ, ਪ੍ਰਤਾਪ ਬਹਿਰੂ ਮੌਜੂਦ ਸਨ।

## ਜੀ ਟੀ ਯੂ (ਵਿਗਿਆਨਕ) ਪੰਜਾਬ ਦੇ ਡੈਲੀਗੇਟ ਨੂੰ ਕਲਕੱਤਾ 'ਚ ਕੀਤਾ ਸਨਮਾਨਤ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਦਾ ਦਸ ਮੈਂਬਰੀ ਡੈਲੀਗੇਟ, ਜੋ ਜਥੇਬੰਦੀ ਦੇ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ ਦੀ ਅਗਵਾਈ ਹੇਠ ਸਕੂਲ ਫੈਡਰੇਸ਼ਨ ਆਫ ਇੰਡੀਆ ਦੀ 9ਵੀਂ ਆਲ ਇੰਡੀਆ ਟਰਾਈਨਲ ਕਾਨਫਰੰਸ ਕਲਕੱਤਾ ਵਿਖੇ ਭਾਗ ਲੈਣ ਲਈ ਪਹੁੰਚਿਆ ਸੀ।ਸੂਬਾਈ ਆਗੂ ਪਰਗਟ ਸਿੰਘ ਜੰਬਰ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਅਧਿਆਪਕਾਂ ਦੀਆਂ ਮੰਗਾਂ/ਮਸਲਿਆਂ ਉਪਰ ਬਹੁਤ ਵਿਸਥਾਰ ਵਿੱਚ ਵਿਚਾਰ ਚਰਚਾ ਕੀਤੀ ਗਈ।ਇਸ ਤਿੰਨ ਰੋਜ਼ਾ ਕਾਨਫਰੰਸ ਵਿੱਚ ਹਰਿਆਣਾ, ਰਾਜਸਥਾਨ, ਨਾਗਾਲੈਂਡ, ਕੇਰਲਾ, ਝਾਰਖੰਡ, ਬਿਹਾਰ, ਪੰਜਾਬ, ਉੜੀਸਾ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਤ੍ਰਿਪੁਰਾ, ਜੰਮੂ ਕਸ਼ਮੀਰ, ਤਾਮਿਲਨਾਡੂ ਤੇ ਤੇਲੰਗਾਨਾ ਸਮੇਤ ਹੋਰਨਾਂ ਰਾਜਾਂ ਦੀਆਂ ਟੀਚਰ ਯੂਨੀਅਨਾਂ ਨੇ ਸ਼ਮੂਲੀਅਤ ਕੀਤੀ।ਪੁਰਾਣੀ ਪੈਨਸ਼ਨ ਦੀ ਬਹਾਲੀ ਸਬੰਧੀ ਤੇ ਨਵੀਂ ਸਿੱਖਿਆ ਨੀਤੀ 2020 ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਸਹਿਤ ਗੱਲਬਾਤ ਕੀਤੀ ਗਈ।ਨਵੇਂ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।ਇਸ ਤਿੰਨ ਰੋਜ਼ਾ ਕਾਨਫਰੰਸ ਦੀ ਸਮਾਪਤੀ 'ਤੇ ਪੰਜਾਬ ਦੇ ਡੈਲੀਗੇਟ ਨੂੰ ਨਵੇਂ ਚੁਣੇ ਗਏ ਐੱਸ ਟੀ ਐੱਫ ਆਈ ਦੇ ਨਵ-ਨਿਯੁਕਤ ਪ੍ਰਧਾਨ ਸ੍ਰੀ ਐੱਨ ਭਾਰਤੀ ਤੇ ਜਨਰਲ ਸਕੱਤਰ ਰਵੀ ਚਾਵਾਂ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਪੰਜਾਬ ਤੋਂ ਇਸ ਕਾਨਫਰੰਸ ਵਿੱਚ ਸੁਰਿੰਦਰ ਕੰਬੋਜ, ਸੋਮ ਸਿੰਘ, ਗੁਰਪ੍ਰੀਤ ਸਿੰਘ ਸੰਧੂ, ਪੰਕਜ ਕੁਮਾਰ, ਅਸ਼ਵਨੀ ਕੁਮਾਰ, ਰੇਸ਼ਮ ਸਿੰਘ ਤੇ ਲਾਲ ਚੰਦ ਹੀਰੋ ਭਾਗ ਲੈ ਰਹੇ ਹਨ।

## ਖੱਤਰੀ ਵੈੱਲਫੇਅਰ ਬੋਰਡ ਦਾ ਗਠਨ ਕਰਨ ਦੀ ਮੰਗ



ਦੋਰਾਹਾ (ਹਰਮਿੰਦਰ ਸੇਠ)-ਪਿਛਲੇ ਪਿਛਲੇ ਦਿਨੀਂ ਭਾਰਤ ਸਰਕਾਰ ਨੇ ਵੱਖ-ਵੱਖ ਜਾਤਾਂ 'ਤੇ ਅਧਾਰਤ ਕਈ ਬੋਰਡਾਂ ਦਾ ਗਠਨ ਕੀਤਾ ਹੈ।ਖੱਤਰੀ ਮਹਾਸਭਾ ਪੰਜਾਬ ਦੇ ਮੁਤਾਬਿਕ ਪੰਜਾਬ ਵਿੱਚ ਫਿਲਹਾਲ 36 ਲੱਖ ਖੱਤਰੀਆਂ ਦੀ ਨੁਮਾਇੰਦਗੀ ਕਰਦੀ ਹੈ, ਇਸ ਲਈ ਸਰਕਾਰ ਨੂੰ ਇੱਕ ਖੱਤਰੀ ਵੈੱਲਫੇਅਰ ਬੋਰਡ ਦਾ ਗਠਨ ਵੀ ਕਰਨਾ ਚਾਹੀਦਾ ਤਾਂ ਜੋ 2027 ਵਿੱਚ ਦੁਬਾਰਾ ਬਣਨ ਜਾ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਖੱਤਰੀ ਮਹਾਸਭਾ ਪੰਜਾਬ ਵੀ ਆਪਣਾ ਬਣਦਾ ਯੋਗਦਾਨ ਪਾ ਸਕੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਜਿੰਦਰਪਾਲ ਆਨੰਦ ਸਾਬਕਾ ਡੀ ਐੱਸ ਪੀ ਸੀਨੀਅਰ ਮੀਤ ਪ੍ਰਧਾਨ ਖੱਤਰੀ ਮਹਾਸਭਾ ਪੰਜਾਬ, ਤਰਵਿੰਦਰ ਕੁਮਾਰ ਬੌਬੀ ਪ੍ਰਧਾਨ ਖੱਤਰੀ ਮਾਹਸਭਾ ਦੋਰਾਹਾ ਤੇ ਲੇਖਰਾਜ ਆਨੰਦ ਸਾਬਕਾ ਐੱਸ ਡੀ ਓ ਸੈਕਟਰੀ ਖੱਤਰੀ ਮਹਾਸਭਾ ਦੋਰਾਹਾ ਨੇ ਕੀਤਾ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਇੱਕ ਖੱਤਰੀ ਵੈੱਲਫੇਅਰ ਬੋਰਡ ਦਾ ਗਠਨ ਕੀਤਾ ਜਾਵੇ।ਇਸ ਮੌਕੇ ਖੱਤਰੀ ਮਹਾਸਭਾ ਦੇ ਸਮੂਹ ਅਹੁਦੇਦਾਰ ਹਾਜ਼ਰ ਸਨ।

## ਪਟਿਆਲਾ ਧਰਨੇ 'ਚ ਵੱਡੀ ਗਿਣਤੀ ਅਕਾਲੀ ਵਰਕਰ ਸ਼ਮੂਲੀਅਤ ਕਰਨਗੇ : ਸਿੱਧੂ

**ਲੈਂਡ ਪੂਲਿੰਗ ਨੀਤੀ ਕਿਸਾਨਾਂ ਦੀ ਜ਼ਮੀਨ ਹੜੱਪਣ ਦੀ ਚਾਲ**



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ) ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਾਗੂ ਕੀਤੀ ਗਈ ਲੈਂਡ ਪੂਲਿੰਗ ਨੀਤੀ ਸੂਬੇ ਦੇ ਕਿਸਾਨਾਂ ਦੀ ਜ਼ਮੀਨ ਹੜੱਪਣ ਦੀ ਸਿੱਧੀ ਚਾਲ ਹੈ, ਜਿਸ ਖਿਲਾਫ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸੰਘਰਸ਼ ਵਿੱਢ ਕੇ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਇਸ ਨੀਤੀ ਦਾ ਖੁੱਲ੍ਹ ਕੇ ਪਰਦਾਫਾਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਯੂਥ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਦਵਿੰਦਰ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਅਕਾਲੀ ਆਗੂ ਸਿੱਧੂ ਨੇ ਕਿਹਾ ਕਿ ਦਿੱਲੀ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਨਜ਼ਰ ਪੰਜਾਬ ਦੀ ਜਰਖੇਜ਼ ਭੂਮੀ ਉੱਤੇ ਹੈ।ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਸੀ, ਜਿਨ੍ਹਾਂ ਵਿੱਚ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ।ਉਨ੍ਹਾਂ ਕਿਹਾ ਕਿ ਸੱਤਾ ਹਥਿਆਉਣ ਲਈ ਆਮ ਆਦਮੀ ਪਾਰਟੀ ਨੇ ਵੱਡੇ ਵੱਡੇ ਵਾਅਦੇ ਕਰ ਲਏ, ਪਰ ਜਿਹੜੀ ਪਾਰਟੀ ਸਰਕਾਰ ਬਣਨ ਤੋਂ ਪਹਿਲਾਂ ਪਹਾੜਾਂ ਵਿੱਚ ਪਏ ਪੈਸਿਆਂ ਦੀਆਂ ਗੱਲਾਂ ਕਰਦੀ ਸੀ, ਉਸ ਨੇ ਆਪਣੇ ਵਾਅਦੇ ਪੂਰੇ ਕਰਨ ਲਈ ਸਾਢੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਾ ਸਿਰਫ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਿਰ ਚੜ੍ਹਾ ਦਿੱਤਾ, ਸਗੋਂ ਲੈਂਡ ਪੂਲਿੰਗ ਵਰਗੀ ਨੀਤੀ ਲਿਆ ਕੇ ਕਿਸਾਨਾਂ ਦੀ ਜ਼ਮੀਨ ਹੜੱਪ ਕੇ ਉਸ ਜ਼ਮੀਨ ਨੂੰ ਬੈਂਕਾਂ ਕੋਲ ਗਹਿਣੇ ਰੱਖ ਆਪਣੇ ਵਾਅਦੇ ਪੂਰੇ ਕਰਨ ਲਈ ਪੈਸੇ ਇਕੱਠੇ ਕਰਨ ਦੀ ਤਾਕ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੈਂਡ ਪੂਲਿੰਗ ਨੀਤੀ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਪਟਿਆਲਾ ਵਿਖੇ ਦਿੱਤੇ ਜਾ ਰਹੇ ਧਰਨੇ ਵਿੱਚ ਹਲਕਾ ਸ਼ੁਤਰਾਣਾ ਵਿੱਚੋਂ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਸ਼ਮੂਲੀਅਤ ਕਰਨਗੇ।

## ਆਸ਼ਾ ਵਰਕਰਾਂ ਵੱਲੋਂ 25 ਤੋਂ ਸਿਹਤ ਵਿਭਾਗ ਦੇ ਕੰਮਾਂ ਦਾ ਬਾਈਕਾਟ ਕਰਨ ਦਾ ਐਲਾਨ



ਕੋਟਕਪੂਰਾ (ਰਛਪਾਲ ਭੁੱਲਰ)-ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਦੇ ਕਨਵੀਨਰ ਅਮਰਜੀਤ ਕੌਰ ਰਣ ਸਿੰਘ ਵਾਲਾ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਦੇ ਨਾਂ ਇੱਕ ਨੋਟਿਸ ਡਾਕਟਰ ਨਿਰਮਲਜੀਤ ਸਿੰਘ ਬਰਾੜ ਸਹਾਇਕ ਸਿਵਲ ਸਰਜਨ ਫਰੀਦਕੋਟ ਰਾਹੀਂ ਦਿੱਤਾ ਗਿਆ, ਜਿਸ ਵਿੱਚ ਐਲਾਨ ਕੀਤਾ ਗਿਆ ਹੈ ਕਿ 25 ਅਗਸਤ ਤੋਂ 31 ਅਗਸਤ ਤੱਕ ਪੂਰਨ ਤੌਰ 'ਤੇ ਸਿਹਤ ਵਿਭਾਗ ਦੇ ਸਾਰੇ ਕੰਮਾਂ ਦਾ ਬਾਈਕਾਟ ਕੀਤਾ ਜਾਵੇਗਾ।ਸਾਂਝਾ ਮੋਰਚਾ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਵਰਕਰਾਂ ਦੀਆਂ ਲਮਕ ਅਵਸਥਾ ਵਿੱਚ ਮੰਗਾਂ ਨੂੰ ਤੁਰੰਤ ਪ੍ਰਵਾਨ ਕਰਕੇ ਲਾਗੂ ਕੀਤਾ ਜਾਵੇ, ਕੱਟੇ ਹੋਏ ਸਾਰੇ ਭੱਤੇ ਮੁੜ ਬਹਾਲ ਕੀਤੇ ਜਾਣ, ਫੈਸਿਲੀਟੇਟਰਜ਼ ਨੂੰ ਕੇਂਦਰ ਸਰਕਾਰ ਤੋਂ ਮਿਲਣ ਵਾਲਾ 1 ਹਜ਼ਾਰ ਰੁਪਏ ਤੇ ਟੂਰ ਮਨੀ ਵਿੱਚ ਵਾਧਾ ਕੀਤਾ ਜਾਵੇ, 10 ਆਸ਼ਾ ਵਰਕਰਾਂ ਪਿੱਛੇ ਇੱਕ ਫੈਸਿਲੀਟੇਟਰਜ਼ ਭਰਤੀ ਕਰਕੇ ਕੰਮਾਂ ਦੇ ਬੋਝ ਨੂੰ ਘਟਾਇਆ ਜਾਵੇ, ਸੇਵਾ ਮੁਕਤ ਵਰਕਰਾਂ ਨੂੰ ਸਹਾਇਤਾ ਰਾਸ਼ੀ ਘੱਟੋ ਘੱਟ ਪੰਜ ਲੱਖ ਰੁਪਏ ਦੇਣੀ ਯਕੀਨੀ ਬਣਾਇਆ ਜਾਵੇ, ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ, ਮਿਲਣ ਵਾਲੇ ਫਿਕਸ ਭੱਤਾ 2500 ਰੁਪਏ ਨੂੰ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਵਾਅਦੇ ਅਨੁਸਾਰ 10 ਹਜ਼ਾਰ ਕੀਤਾ ਜਾਵੇ, ਮੰਨੀਆਂ ਮੰਗਾਂ ਪ੍ਰਸੂਤੀ ਛੁੱਟੀ, ਟੇਬਲਟ ਦੇਣ ਆਦਿ ਤੁਰੰਤ ਲਾਗੂ ਕੀਤੀਆਂ ਜਾਣ।ਇਸ ਮੌਕੇ ਆਸ਼ਾ ਵਰਕਰਾਂ ਦੇ ਆਗੂ ਸਿੰਬਲਜੀਤ ਕੌਰ, ਸਰਜੀਤ ਕੌਰ, ਅਜਿੱਤ ਗਿੱਲ, ਸੁਖਮੰਦਰ ਕੌਰ ਮੱਤਾ, ਚਰਨਜੀਤ ਕੌਰ ਲੰਭਵਾਲੀ ਤੇ ਵੱਡੀ ਗਿਣਤੀ ਵਿੱਚ ਆਸ਼ਾ ਵਰਕਰਾਂ ਸ਼ਾਮਲ ਸਨ।

# ਗੰਭੀਰ ਹਾਰਟ ਵਾਲਵ ਬਿਮਾਰੀਆਂ ਲਈ ਨਾਨ-ਇਨਵੈਸਿਵ ਤਕਨੀਕਾਂ ਪ੍ਰਭਾਵਸ਼ਾਲੀ : ਡਾ. ਰਜਨੀਸ਼



ਪਟਿਆਲਾ (ਰਾਜਿੰਦਰ ਸਿੰਘ ਥਿੰਦ) ਗੰਭੀਰ ਹਾਰਟ ਵਾਲਵ ਦੀਆਂ ਬਿਮਾਰੀਆਂ ਲਈ ਨਾਨ-ਇਨਵੈਸਿਵ ਤਕਨੀਕਾਂ ਸਭ ਤੋਂ ਪ੍ਰਭਾਵਸ਼ਾਲੀ ਹਨ ਤੇ ਇਸ ਬਾਰੇ ਜਾਗਰੂਕਤਾ ਫੈਲਾਉਣ ਦੀ ਲੋੜ ਹੈ।ਬਿਮਾਰ ਵਾਲਵ ਵਾਲੇ ਬਜ਼ੁਰਗ ਲੋਕ ਮਾਲੂਕ ਜੀਵਨ ਜੀਉਣ ਲਈ ਮਜਬੂਰ ਹੁੰਦੇ ਹਨ।ਬਿਮਾਰ ਹਾਰਟ ਵਾਲਵ ਦੀ ਮੁਰੰਮਤ ਬਿਨਾਂ ਸਰਜਰੀ ਦੇ ਕੀਤੀ ਜਾ ਸਕਦੀ ਹੈ ਤੇ ਰੋਗੀ ਇੱਕ ਸਿਹਤਮੰਦ ਜੀਵਨ ਜੀ ਸਕਦੇ ਹਨ।ਪਟਿਆਲਾ ਦੇ ਪੰਜਾਬ ਰਤਨ ਐਵਾਰਡ ਨਾਲ ਸਮਮਾਨਤ ਸੀਨੀਅਰ ਕਾਰਡੀਓਲੋਜਿਸਟ ਤੇ ਮੇਦਾਂਤਾ ਹਸਪਤਾਲ ਵਿੱਚ ਇੰਟਰਵੈਸ਼ਨਲ ਕਾਰਡੀਓਲੋਜੀ ਦੇ ਚੇਅਰਮੈਨ ਡਾ. ਰਜਨੀਸ਼ ਕਪੂਰ ਨੇ ਇੱਥੇ ਐਤਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਮਾਈਟ੍ਰੋਕਲਿਪ ਇੱਕ ਨਾਨ-ਇਨਵੈਸੀਵ ਡਿਵਾਇਸ ਹੈ, ਜਿਸ ਦਾ ਉਪਯੋਗ ਮਾਈਟ੍ਰਲ ਵਾਲਵ ਰਿਗਰਜਿਟੇਸ਼ਨ ਦਾ ਇਲਾਜ ਕਰਨ ਲਈ ਕੀਤਾ ਜਾਂਦਾ ਹੈ।ਮਾਈਟ੍ਰਲ ਵਾਲਵ ਰਿਗਰਜਿਟੇਸ਼ਨ ਇਕ ਐਸੀ ਸਥਿਤੀ ਹੈ, ਜਿੱਥੇ ਹਾਰਟ ਦਾ ਮਾਈਟ੍ਰਲ ਵਾਲਵ ਠੀਕ ਢੰਗ ਨਾਲ ਬੰਦ ਨਹੀਂ ਹੁੰਦਾ, ਜਿਸ ਕਰਕੇ ਖੂਨ ਹਾਰਟ ਵਿੱਚ ਪਿੱਛੇ ਵੱਲ ਫਿਰਨ ਲੱਗਦਾ ਹੈ।

ਪੁਸ਼ਪੇਂਦਰ ਗਾਰਗ (67), ਜਿਨ੍ਹਾਂ ਦਾ ਹਾਲ ਹੀ ਵਿੱਚ ਡਾ. ਰਜਨੀਸ਼ ਕਪੂਰ ਵੱਲੋਂ ਮਾਈਟ੍ਰੋਕਲਿਪ ਕੀਤਾ ਗਿਆ, ਨੇ ਕਿਹਾ ਕਿ ਪਹਿਲਾਂ ਉਹ ਆਪਣੀ ਆਮ ਜ਼ਿੰਦਗੀ ਜੀਣ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਸਨ।ਸਾਹ ਫੁੱਲਣ ਤੇ ਥਕਾਨ ਕਾਰਨ ਕੁਝ ਵੀ ਕਰਨ ਵਿੱਚ ਅਸਮਰਥ ਸਨ।ਉਹ ਦੂਜੀ ਸਰਜਰੀ ਵੀ ਨਹੀਂ ਕਰਵਾ ਸਕਦੇ ਸਨ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਹੀ ਏਓਰਟਿਕ ਵਾਲਵ ਰੀਪਲੇਸਮੈਂਟ ਸਰਜਰੀ ਕਰਵਾਉਣੀ ਪਈ ਸੀ ਅਤੇ ਉਨ੍ਹਾਂ ਦੀ ਉਮਰ ਵੀ ਜ਼ਿਆਦਾ ਸੀ।ਮਾਈਟ੍ਰੋਕਲਿਪ ਦੇ ਬਾਅਦ ਹੁਣ ਉਹ ਬਿਲਕੁਲ ਸਿਹਤਮੰਦ ਹਨ ਤੇ ਆਪਣੀ ਆਮ ਸਿਹਤਮੰਦ ਜ਼ਿੰਦਗੀ ਜੀ ਰਹੇ ਹਨ।ਡਾ. ਕਪੂਰ ਨੇ ਕਿਹਾ, 'ਮਾਈਟ੍ਰੋਕਲਿਪ ਵਿੱਚ ਇੱਕ ਕੈਥਿਟਰ ਨਸ ਦੇ ਜ਼ਰੀਏ ਮਾਇਟ੍ਰਲ ਵਾਲਵ ਤੱਕ ਪਹੁੰਚਾਇਆ ਜਾਂਦਾ ਹੈ ਤਾਂ ਕਿ ਕਲਿਪ ਲਗਾਈ ਜਾ ਸਕੇ, ਜਿਸ ਨਾਲ ਛਾਤੀ ਖੋਲ੍ਹੇ ਬਿਨਾਂ ਰਿਗਰਜੀਟੇਸ਼ਨ ਨੂੰ ਘਟਾਇਆ ਜਾ ਸਕੇ।ਇਹ ਇੱਕ ਉਨਤ ਤਕਨਾਲੋਜੀ ਹੈ, ਜੋ ਮਾਈਟ੍ਰੋਕਲਿਪ ਦੀ ਨਵੀਂ ਪੀੜ੍ਹੀ ਤੇ ਇਸ ਦੀ ਸਟੀਕਤਾ ਨੂੰ ਦਰਸਾਉਂਦੀ ਹੈ।' ਮਾਈਟ੍ਰੋਕਲਿਪ ਦੇ ਲਾਭਾਂ ਬਾਰੇ ਡਾ. ਕਪੂਰ ਨੇ ਕਿਹਾ ਕਿ ਇਸ ਵਿੱਚ ਓਪਨ-ਹਾਰਟ ਸਰਜਰੀ ਦੀ ਲੋੜ ਨਹੀਂ ਹੁੰਦੀ, ਰਿਕਵਰੀ ਦਾ ਸਮਾਂ ਘੱਟ ਹੁੰਦਾ ਹੈ ਅਤੇ ਇਹ ਥਕਾਵਟ ਤੇ ਸਾਸ ਫੂਲਣ ਵਰਗੇ ਲੱਛਣਾਂ ਨੂੰ ਘਟਾਉਣ ਵਿੱਚ ਪ੍ਰਭਾਵੀ ਹੈ।ਏਓਰਟੀਕ ਸਟੇਨੋਸਿਸ 'ਤੇ ਗੱਲ ਕਰਦਿਆਂ ਡਾ. ਕਪੂਰ ਨੇ ਕਿਹਾ ਕਿ ਇਹ ਦਿਲ ਦੇ ਵਾਲਵ ਬਿਮਾਰੀਆਂ ਦੀ ਸਭ ਤੋਂ ਪ੍ਰਚਲਿਤ ਕਿਸਮ ਹੈ, ਜੋ ਹਰ ਸਾਲ ਦੁਨੀਆ ਭਰ ਵਿੱਚ ਇੱਕ ਮਿਲੀਅਨ ਮਰੀਜ਼ਾਂ ਨੂੰ ਪ੍ਰਭਾਵਿਤ ਕਰਦੀ ਹੈ।ਇਲਾਜ ਦਾ ਵਿਕਲਪ ਓਪਨ ਹਾਰਟ ਸਰਜਰੀ ਦੁਆਰਾ ਏਓਰਟਿਕ ਵਾਲਵ ਰੀਪਲੇਸਮੈਂਟ ਸੀ, ਪਰ ਉਮਰ ਕਾਰਨ ਸਰਜਰੀ ਦੇ ਖਤਰੇ ਕਾਰਨ ਕਈ ਮਰੀਜ਼ ਬਿਨਾਂ ਇਲਾਜ ਦੇ ਰਹਿੰਦੇ ਹਨ ਅਤੇ ਹਾਰਟ ਫੇਲੀਅਰ ਅਤੇ ਮੌਤ ਦੇ ਉੱਚ ਖਤਰੇ ਵਿੱਚ ਹੋ ਜਾਂਦੇ ਹਨ।ਡਾ. ਕਪੂਰ ਨੇ ਕਿਹਾ ਕਿ ਟ੍ਰਾਂਸਕੈਥੇਟਰ ਐਓਰਟਿਕ ਵਾਲਵ ਰਿਪਲੇਸਮੈਂਟ (ਟੀਏਵੀਆਰ ਜਾਂ ਟੀਏਵੀਓਐਰ) ਇੱਕ ਪ੍ਰਕਿਰਿਆ ਹੈ ਜੋ ਕੈਥੇਟਰ ਰਾਹੀਂ ਐਓਰਟਿਕ ਵਾਲਵ ਨੂੰ ਬਦਲਣ ਲਈ ਕੀਤੀ ਜਾਂਦੀ ਹੈ, ਇਸ ਵਿੱਚ ਛਾਤੀ ਨੂੰ ਪੂਰੀ ਤਰ੍ਹਾਂ ਕੱਟਣ ਦੀ ਜ਼ਰੂਰਤ ਨਹੀਂ ਹੁੰਦੀ ਅਤੇ ਮਰੀਜ਼ 3-4 ਦਿਨਾਂ ਵਿੱਚ ਆਪਣੀਆਂ ਆਮ ਗਤਿਵਿਧੀਆਂ ਨੂੰ ਫਿਰ ਤੋਂ ਸ਼ੁਰੂ ਕਰ ਸਕਦੇ ਹਨ।

## ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਲਗਾਉਣ ਨਾਲ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ : ਚੇਅਰਮੈਨ ਮਧੇਕੇ



ਬਾਘਾ ਪੁਰਾਣਾ (ਮਨੀ ਸਿੰਗਲਾ)-ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਰਹਿਨੁਮਾਈ ਹੇਠ ਪਾਕਿਸਤਾਨ ਦੀ ਸਰਹੱਦ ਤੋਂ ਜੋ ਨਸ਼ਿਆਂ ਦੀ ਡਰੋਨ ਰਾਹੀਂ ਸਪਲਾਈ ਹੁੰਦੀ ਸੀ, ਉਸ ਨੂੰ ਰੋਕਣ ਲਈ ਜੋ ਪੰਜਾਬ ਸਰਕਾਰ ਨੇ ਐਂਟੀ-ਡਰੋਨ ਸਿਸਟਮ ਸ਼ੁਰੂ ਕੀਤਾ ਹੈ, ਉਸ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਤੇ ਯੋਜਨਾ ਬੋਰਡ ਦੇ ਚੇਅਰਮੈਨ ਬਰਿੰਦਰ ਕੁਮਾਰ ਮਧੇਕੇ ਨੇ ਦੱਸਿਆ ਕਿ ਇਸ ਐਂਟੀ-ਡਰੋਨ ਸਿਸਟਮ ਨਾਲ ਜਿੱਥੇ ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਰੁਕੇਗੀ, ਉੱਥੇ ਹੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਵੀ ਕਾਮਯਾਬੀ ਮਿਲੇਗੀ।

ਚੇਅਰਮੈਨ ਮਧੇਕੇ ਨੇ ਦੱਸਿਆ ਕਿ ਪਠਾਨਕੋਟ ਤੋਂ ਫਾਜ਼ਿਲਕਾ ਤੱਕ ਪਾਕਿਸਤਾਨ ਨਾਲ ਲੱਗਦੀ ਸਰਹੱਦ ਐਂਟੀ-ਡਰੋਨ ਸਿਸਟਮ ਨਾਲ ਲੈਸ ਹੋਵੇਗੀ।ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਅੰਤਰਰਾਸ਼ਟਰੀ ਸਰਹੱਦ 'ਤੇ ਇਸ ਅਤੀ ਅਧੁਨਿਕ ਪ੍ਰਣਾਲੀ ਨੂੰ ਲਾਗੂ ਕੀਤਾ ਹੈ, ਜਿਸ ਨਾਲ ਸਰਹੱਦ ਤੋਂ ਪਾਰੋਂ ਡਰੋਨ ਰਾਹੀਂ ਆਉਣ ਵਾਲੇ ਸਿੰਥੈਟਿਕ ਨਸ਼ੇ ਤੇ ਹਥਿਆਰਾਂ ਨੂੰ ਰੋਕ ਲੱਗੇਗੀ, ਉੱਥੇ ਹੀ ਸੁਰੱਖਿਆ ਪੱਖੋਂ ਵੀ ਮਜ਼ਬੂਤੀ ਮਿਲੇਗੀ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ, ਸਗੰਠਨ ਇੰਚਾਰਜ ਦਵਿੰਦਰ ਸਿੰਘ ਤਖਤੂਪੁਰਾ, ਬਲਵੀਰ ਸਿੰਘ ਮਧੇਕੇ, ਭੁਪਿੰਦਰ ਸਿੰਘ ਟਿੰਮੀ ਆਦਿ ਹਾਜ਼ਰ ਸਨ।

# ਪੰਜਾਬ ਦੇ ਲੋਕਾਂ 'ਚ ਲੈਂਡ ਪੂਲਿੰਗ ਖਿਲਾਫ ਭਾਰੀ ਗੁੱਸਾ : ਰਾਜੇਵਾਲ



ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਸਰਕਾਰ ਵਲੋਂ ਲੈਂਡ ਪੂਲਿੰਗ ਪਾਲਿਸੀ ਤਹਿਤ ਕਿਸਾਨਾਂ ਦੀ 65500 ਏਕੜ ਜ਼ਮੀਨ ਐਕਵਾਇਰ ਕਰਨ ਦੇ ਖ਼ਿਲਾਫ ਸੰਯੁਕਤ ਕਿਸਾਨ ਮੋਰਚੇ ਵਲੋਂ ਸਮਰਾਲਾ ਵਿਖੇ ਇਸ ਮਹੀਨੇ ਦੀ 24 ਤਾਰੀਖ ਨੂੰ ਕਿਸਾਨ ਮਹਾਂਪੰਚਾਇਤ ਬੁਲਾਈ ਹੈ, ਜਿਸ ਵਿਚ ਲੈਂਡ ਪੂਲਿੰਗ ਦੇ ਖਿਲਾਫ ਸੰਘਰਸ਼ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਮਹਾਂਪੰਚਾਇਤ ਦੇ ਆਯੋਜਨ ਲਈ ਸਾਰੇ ਪੰਜਾਬ ਵਿਚ ਆਗੂਆਂ ਅਤੇ ਸਰਗਰਮ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਹਨ।


ਉਹਨਾਂ ਕਿਹਾ ਕਿ ਕਿਸਾਨਾਂ ਵਿਚ ਉਹਨਾਂ ਦੀ ਜ਼ਮੀਨ ਜਬਰੀ ਅਧਿਗ੍ਰਹਿਣ ਖਿਲਾਫ ਬਹੁਤ ਰੋਸ ਅਤੇ ਗੁੱਸਾ ਹੈ। ਰਾਜੇਵਾਲ ਨੇ ਕਿਹਾ ਕਿ ਜੇਕਰ ਕਿਸਾਨ ਆਪਣੀ ਜ਼ਮੀਨ ਤੋਂ ਵਾਂਝਾ ਹੋ ਗਿਆ ਤਾਂ ਉਹ ਸੜਕਾਂ 'ਤੇ ਆ ਜਾਵੇਗਾ। ਉਹਨਾਂ ਕਿਹਾ ਕਿ ਇਸੇ ਤਰਾਂ ਕੇਂਦਰ ਸਰਕਾਰ ਦੀ ਮੁਫਤ ਵਪਾਰ ਸਮਝੌਤੇ ਨਾਲ ਖੇਤੀ ਅਤੇ ਡੇਅਰੀ ਕੀਤਾ ਬਰਬਾਦ ਹੋ ਜਾਵੇਗਾ। ਉਹਨਾਂ ਕਿਹਾ ਕਿ ਲੈਂਡ ਪੂਲਿੰਗ ਸਰਕਾਰ ਦੇ ਗਲੇ ਦੀ ਹੱਡੀ ਬਣ ਗਈ ਹੈ।ਹਾਲੀਆ ਫੈਸਲੇ ਵਿਚ ਮਾਣਯੋਗ ਅਦਾਲਤ ਨੇ ਵੀ ਕਿਸਾਨਾਂ ਦੇ ਹੱਕ ਦੀ ਗੱਲ ਕਹੀ ਹੈ। ਉਹਨਾਂ ਕਿਹਾ ਕਿ ਅੱਜ ਲੋਕ ਰੋਹ ਕਾਰਨ ਆਮ ਆਦਮੀ ਪਾਰਟੀ ਦੇ ਕਾਰਕੁਨਾਂ ਦਾ ਪਿੰਡਾਂ ਵਿਚ ਵਿਰੋਧ ਸ਼ੁਰੂ ਹੋ ਗਿਆ ਹੈ। ਲੋਕ ਉਹਨਾਂ ਨੂੰ ਪਿੰਡਾਂ ਵਿਚ ਵੜਨ ਤੋਂ ਰੋਕਦੇ ਹਨ। ਰਾਜੇਵਾਲ ਨੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ। ਸ਼ਾਂਤਮਈ ਅੰਦੋਲਨ ਨਾਲ ਸਰਕਾਰਾਂ ਨੂੰ ਝੁਕਾਇਆ ਜਾ ਸਕਦਾ ਹੈ। ਰਾਜੇਵਾਲ ਨੇ ਦਿੱਲੀ ਦੇ ਕਿਸਾਨ ਅੰਦੋਲਨ ਦੀ ਮਿਸਾਲ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਜੋ ਆਪਣੇ ਕੀਤੇ ਫ਼ੈਸਲਿਆਂ ਤੇ ਅਡਿੱਗ ਰਹਿੰਦੀ ਹੈ, ਸ਼ਾਂਤਮਈ ਅੰਦੋਲਨ ਨੇ ਮੋਦੀ ਸਰਕਾਰ ਨੂੰ ਝੁਕਨ ਲਈ ਮਜਬੂਰ ਹੀ ਨਹੀਂ ਕੀਤਾ, ਉਸ ਨੇ ਕਿਸਾਨਾਂ ਤੋਂ ਮਾਫੀ ਵੀ ਮੰਗੀ ਅਤੇ ਖੇਤੀ ਵਿਰੋਧੀ ਤਿੰਨ ਕਾਨੂੰਨ ਵਾਪਸ ਵੀ ਲਏ।ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਕਲਚਰ ਵੱਖਰੀ ਕਿਸਮ ਦੀ ਹੈ, ਉਹ ਜ਼ੁਲਮ ਦੇ ਖਿਲਾਫ ਡਟ ਕੇ ਲੜਦੇ ਹਨ। ਕਿਸਾਨ ਆਗੂ ਨੇ ਕਿਹਾ ਕਿ ਸਰਕਾਰ ਲੈਂਡ ਪੂਲਿੰਗ ਦੇ ਖਿਲਾਫ ਲੋਕਾਂ ਨੂੰ ਗੁੰਮਰਾਹ ਕਰਨ ਲਈ ਆਪਣੇ ਬੰਦੇ ਖੜੇ ਕਰਕੇ ਗਲਤ ਪ੍ਰਚਾਰ ਕਰ ਰਹੀ ਹੈ, ਜਦਕਿ ਪੰਜਾਬ ਦਾ ਕਿਸਾਨ ਲੈਂਡ ਪੂਲਿੰਗ ਦੇ ਪੂਰੀ ਤਰਾਂ ਖਿਲਾਫ ਹੈ। ਇੱਕ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ ਇਸ ਮਾਮਲੇ ਵਿਚ ਅਦਾਲਤਾਂ ਦਾ ਸਹਾਰਾ ਨਹੀਂ ਲਿਆ। ਅਦਾਲਤਾਂ ਵਿਚ ਕੇਸ ਲਮਕ ਜਾਂਦੇ ਹਨ। ਉਹਨਾਂ ਕਿਹਾ ਕਿ ਫੈਸਲੇ ਲੋਕਾਂ ਦੀ ਤਾਕਤ ਨਾਲ ਹੱਲ ਕਰਾਉਣੇ ਹਨ, ਜੁਡੀਸ਼ਰੀ ਰਾਹੀਂ ਨਹੀਂ।

## ਕਾਂਗਰਸ ਲੈਂਡ ਪੂਲਿੰਗ ਨੀਤੀ ਖਿਲਾਫ਼ ਡਟ ਕੇ ਲੜਾਈ ਲੜੇਗੀ : ਸਿਬੀਆ



ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)-ਕਾਂਗਰਸ ਪਾਰਟੀ ਬਲਾਕ ਧੂਰੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਰਿੰਦਰਪਾਲ ਸਿੰਘ ਸਿਬੀਆ ਦੀ ਅਗਵਾਈ ਹੇਠ ਸਥਾਨਕ ਸ੍ਰੀ ਸਨਾਤਨ ਧਰਮ ਸਭਾ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਵਰਕਰਾਂ ਨੇ ਭਾਗ ਲਿਆ।ਇਸ ਮੌਕੇ ਹਲਕਾ ਕੋਆਰਡੀਨੇਟਰ ਗੁਰਮੇਲ ਸਿੰਘ ਮੌੜ, ਨਰੇਸ਼ ਕਥੂਰੀਆ, ਵੂਮੈਨ ਵਿੰਗ ਦੀ ਪ੍ਰਧਾਨ ਨੀਰੂ ਸਿੰਗਲਾ, ਯੂਥ ਕਾਂਗਰਸ ਦੇ ਸੂਬਾ ਜਨਰਲ ਸਕੱਤਰ ਸ਼ੁਭਮ ਸ਼ਰਮਾ, ਹੰਸ ਰਾਜ ਗੁਪਤਾ, ਗੁਰਬਖ਼ਸ਼ ਸਿੰਘ ਗੁੱਡੂ, ਨਾਦਰ ਅਲੀ ਭੱਟੀ, ਲਖਵੀਰ ਸਿੰਘ ਬਮਾਲ ਧਰਮਪਾਲ ਬਾਂਸਲ, ਸਾਬਕਾ ਕੌਂਸਲਰ ਗੁਰਚਰਨ ਸਿੰਘ ਤੇ ਸਤੀਸ਼ ਜਿੰਦਲ ਨੇ ਵੀ ਸ਼ਿਰਕਤ ਕੀਤੀ।ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਸੁਰਿੰਦਰਪਾਲ ਸਿੰਘ ਸਿਬੀਆ ਨੇ ਮੀਟਿੰਗ ਦੇ ਮੰਤਵ ਬਾਰੇ ਦੱਸਿਆ ਕਿ ਪਾਰਟੀ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਲਈ ਵੱਖ ਵੱਖ ਬਲਾਕਾਂ 'ਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਸ੍: ਸਿਬੀਆ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ 'ਚ ਲਿਆਂਦੀ ਲੈਂਡ ਪੂਲਿੰਗ ਨੀਤੀ ਨੂੰ ਕਿਸਾਨ, ਮਜ਼ਦੂਰ ਤੇ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੇ ਦਿੱਲੀ ਵਾਲੇ ਮਾਲਿਕਾਂ ਦੇ ਦਬਾਓ ਹੇਠ ਲੈਂਡ ਪੂਲਿੰਗ ਨੀਤੀ ਰਾਹੀਂ ਪੰਜਾਬ ਦੀ 65 ਹਜ਼ਾਰ ਏਕੜ ਵਾਹੀਯੋਗ ਜ਼ਮੀਨ ਨੂੰ ਕੰਕਰੀਟ ਜੰਗਲ ਬਣਾਉਣ ਦੀ ਤਿਆਰੀ ਵਿੱਚ ਹੈ। ਉਨ੍ਹਾਂ ਆਪ ਸਰਕਾਰ ਦੀਆਂ ਨੀਤੀਆਂ ਨੂੰ ਲੋਕ-ਮਾਰੂ ਦੱਸਦਿਆਂ ਕਿਹਾ ਕਿ ਸਰਕਾਰ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦੇ ਆਪਣੇ ਅਧੂਰੇ ਵਾਅਦੇ ਨੂੰ ਪੂਰਾ ਕਰਨ ਲਈ ਅਜਿਹੇ ਹਥਕੰਡੇ ਵਰਤਕੇ ਕਰਜ਼ਾ ਚੁੱਕਣ ਦੀ ਤਾਕ 'ਚ ਹੈ।ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਨੀਤੀ ਨਾਲ ਜਿੱਥੇ ਸੂਬੇ ਦੀ ਆਰਥਿਕਤਾ ਨੂੰ ਸੱਟ ਵੱਜੇਗੀ, ਉਥੇ ਸਰਕਾਰ ਅਜਿਹੀਆਂ ਕਾਲੋਨੀਆਂ 'ਚ ਪ੍ਰਵਾਸੀਆਂ ਦਾ ਵਸੇਬਾ ਕਰਵਾ ਕੇ ਸਾਡੀਆਂ ਵੋਟਾਂ 'ਤੇ ਵੀ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਆਪ ਲੀਡਰਸ਼ਿਪ ਦੀਆਂ ਅਜਿਹੀਆਂ ਚਾਲਾਂ ਨੂੰ ਸਫ਼ਲ ਨਹੀਂ ਹੋਣ ਦੇਵੇਗੀ ਤੇ ਲੈਂਡ ਪੂਲਿੰਗ ਨੀਤੀ ਖਿਲਾਫ਼ ਲੋਕਾਂ ਨੂੰ ਇੱਕਜੁੱਟ ਕਰਕੇ ਕਾਂਗਰਸ ਡੱਟ ਕੇ ਲੜਾਈ ਲੜੇਗੀ।

## ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਰੈਲੀ ਸੰਬੰਧੀ ਮੀਟਿੰਗਾਂ ਜਾਰੀ : ਘੁਡਾਣੀ



ਲੁਧਿਆਣਾ (ਰੈਕਟਰ ਕਥੂਰੀਆ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ, ਜਸਵੀਰ ਸਿੰਘ ਅਸਗਰੀਪੁਰ ਤੇ ਦਲਜੀਤ ਸਿੰਘ ਨੇ ਦੱਸਿਆ ਕਿ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨਾਂ ਖੋਹਣ ਦੇ ਵਿਰੋਧ 'ਚ ਐੱਸ ਕੇ ਐੱਮ ਭਾਰਤ ਵੱਲੋਂ ਸਮਰਾਲਾ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਦੀ ਤਿਆਰੀ ਲਈ ਸਾਰੇ ਜ਼ਿਲ੍ਹੇ ਦੇ ਬਲਾਕਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਖਾਸ ਕਰਕੇ ਪ੍ਰਭਾਵਿਤ ਪਿੰਡਾਂ 'ਤੇ ਜ਼ੋਰ ਦਿੱਤਾ ਜਾ ਰਿਹਾ ਤੇ ਇਹ ਇਕੱਠ ਸਾਰੇ ਪੰਜਾਬ 'ਚੋਂ ਇੱਥੇ ਪਹੁੰਚੇਗਾ ਤੇ ਸਰਕਾਰ ਨੂੰ ਨੋਟੀਫਿਕੇਸ਼ਨ ਰੱਦ ਕਰਵਾਉਣ ਲਈ ਅਵਾਜ਼ ਬੁਲੰਦ ਕਰੇਗਾ। ਆਗੂਆ ਨੇ ਕਿਹਾ ਕਿ ਕਿਸਾਨ ਆਪਣੀਆਂ ਜ਼ਮੀਨਾਂ ਨੂੰ ਹੜੱਪਣ ਨਹੀਂ ਦੇਣਗੇ ਤੇ ਇਸ ਲਈ ਉਹ ਆਖਰੀ ਦਮ ਤੱਕ ਲੜਨਗੇ ਤੇ ਅਜਿਹੇ ਫੁਰਮਾਨਾਂ ਨੂੰ ਮਿੱਟੀ ਵਿੱਚ ਮਿਲਾ ਕੇ ਹੀ ਰਹਿਣਗੇ ਤੇ ਆਪਣੀ ਮਾਂ ਜ਼ਮੀਨ ਦੀ ਹਰ ਹਾਲਤ ਰਾਖੀ ਕਰਨਗੇ।

## ਸ਼ਰਾਬ ਦੇ ਠੇਕੇ ਖਿਲਾਫ ਸੰਘਰਸ਼ ਜਾਰੀ ਰਹੇਗਾ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਪਿੰਡ ਹਿੰਮਤਪੁਰਾ ਵਿਖੇ ਮਜ਼ਦੂਰ ਬਸਤੀ ਵਿੱਚ ਸ਼ਰਾਬ ਦੇ ਠੇਕੇ ਦੀ ਖੋਲ੍ਹੀ ਗਈ ਨਜਾਇਜ਼ ਬਰਾਂਚ ਨੂੰ ਚੁਕਵਾਉਣ ਲਈ ਬਸਤੀ ਦੇ ਨੇੜੇ ਕਿਸਾਨ ਪਰਿਵਾਰ ਦੀ ਮੀਟਿੰਗ ਕਰਵਾਈ ਗਈ।ਮਜ਼ਦੂਰ ਆਗੂ ਦਰਸ਼ਨ ਸਿੰਘ ਹਿੰਮਤਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਮੁਹਿੰਮ ਸਿਰਫ ਡਰਾਮਾ ਹੈ।ਮਜ਼ਦੂਰ ਬਸਤੀਆਂ ਵਿੱਚ ਧੱਕੇ ਨਾਲ ਠੇਕੇ ਦੀਆਂ ਬ੍ਰਾਂਚਾਂ ਖੋਲ੍ਹੀਆਂ ਜਾ ਰਹੀਆਂ, ਜਿੱਥੇ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਵਿਰੋਧ ਵੀ ਕੀਤਾ ਜਾ ਰਿਹਾ ਹੈ।ਸਥਾਨਕ ਪ੍ਰਸ਼ਾਸਨ ਸ਼ਰਾਬ ਦਾ ਠੇਕਾ ਚੁਕਵਾਉਣ ਵਾਲੇ ਸਮਝੌਤੇ ਤੋਂ ਮੁਨਕਰ ਹੋ ਗਿਆ।ਸ਼ਰਾਬ ਠੇਕੇਦਾਰਾਂ ਦਾ ਪੱਖ ਪੂਰ ਰਿਹਾ ਹੈ, ਕਿਉਂਕਿ ਠੇਕੇਦਾਰ ਸਿਆਸੀ ਉੱਚੀ ਪਹੁੰਚ ਵਾਲੇ ਹਨ।ਡਿਪਟੀ ਕਮਿਸ਼ਨਰ ਮੋਗਾ ਨੂੰ ਇਸ ਮਸਲੇ ਸੰਬੰਧੀ ਮੰਗ ਪੱਤਰ ਦੇ ਸ਼ਰਾਬ ਦਾ ਠੇਕਾ ਮਜ਼ਦੂਰ ਬਸਤੀ ਵਿੱਚੋਂ ਹਟਾਉਣ ਲਈ ਮੰਗ ਕੀਤੀ ਗਈ ਹੈ।ਆਉਣ ਵਾਲੇ ਸਮੇਂ ਵਿੱਚ ਇਸ ਮਸਲੇ ਦਾ ਘੇਰਾ ਹੋਰ ਵਧਾਇਆ ਜਾਵੇਗਾ।ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਉੱਤਮ ਸਿੰਘ, ਹਾਕਮ ਸਿੰਘ, ਮਹਿੰਦਰ ਕੌਰ ਆਦਿ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਨੌਜਵਾਨ ਤੇ ਔਰਤਾਂ ਹਾਜ਼ਰ ਸਨ।

# ਵਰਲਡ ਯੂਨੀਵਰਸਿਟੀ ਵੱਲੋਂ ਸਾਂਝੀ ਸਿੱਖਿਆ ਫਾਊਂਡੇਸ਼ਨ ਨਾਲ ਐੱਮ ਓ ਯੂ 'ਤੇ ਹਸਤਾਖਰ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਨੇ ਸਾਂਝੀ ਸਿੱਖਿਆ ਫਾਊਂਡੇਸ਼ਨ (ਐੱਸ.ਐੱਸ.ਐੱਫ.), ਜੋ ਕਿ ਪੰਜਾਬ ਵਿੱਚ ਸਿੱਖਿਆ ਸੰਸਕਾਰ ਤੇ ਸਮੂਹਕ ਵਿਕਾਸ ਲਈ ਸਮਰਪਤ ਇੱਕ ਪ੍ਰਮੁੱਖ ਗੈਰ-ਲਾਭਕਾਰੀ ਸੰਸਥਾ ਹੈ, ਨਾਲ ਇਕ ਸਮਝੌਤੇ (ਐੱਮ.ਓ.ਯੂ.) 'ਤੇ ਹਸਤਾਖਰ ਕੀਤੇ।ਵਾਇਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਪ੍ਰੈੱਸ ਬ੍ਰੀਫਿੰਗ ਦੌਰਾਨ ਦੱਸਿਆ ਕਿ ਇਹ ਸਮਝੌਤਾ ਦੋਵਾਂ ਸੰਸਥਾਵਾਂ ਵਿਚਕਾਰ ਆਪਸੀ ਸਿੱਖਣ, ਸਮਰਥਾ ਨਿਰਮਾਣ ਤੇ ਸਾਂਝੇ ਪ੍ਰੋਜੈਕਟਾਂ ਲਈ ਇੱਕ ਢਾਂਚਾ ਮੁਹੱਈਆ ਕਰੇਗਾ, ਜਿਸ ਨਾਲ ਰਾਜ-ਪੱਧਰ 'ਤੇ ਸਮੁੱਚੇ ਸਮਾਜਕ ਤੇ ਸਿੱਖਿਆ ਸੰਬੰਧੀ ਵਿਕਾਸ ਨੂੰ ਪ੍ਰੋਤਸਾਹਨ ਮਿਲੇਗਾ।ਇਸ ਸਾਂਝ ਅਧੀਨ, ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਇੰਟਰਨਸ਼ਿਪ, ਜ਼ਮੀਨੀ ਪੱਧਰ 'ਤੇ ਸਸਮੂਹਕ ਹਿੱਸੇਦਾਰੀ ਤੇ ਪੰਜਾਬ ਦੇ ਸਮਾਜਿਕ ਖੇਤਰ ਵਿੱਚ ਖੋਜ ਕਰਨ ਦੇ ਮੌਕੇ ਮਿਲਣਗੇ।ਸਾਂਝੀਆਂ ਪਹਿਲਕਦਮੀਆਂ ਵਿੱਚ ਟ੍ਰੇਨਿੰਗ ਪ੍ਰੋਗਰਾਮ, ਵਰਕਸ਼ਾਪ, ਭਾਈਚਾਰੇ ਅਧਾਰਿਤ ਸਿੱਖਿਆ ਮਾਡਲ ਤੇ ਇੰਸਟੀਚਿਊਸ਼ਨਲ ਸਮਾਜਿਕ ਜ਼ਿੰਮੇਵਾਰੀ (ਆਈ.ਐੱਸ.ਆਰ.) ਪ੍ਰੋਜੈਕਟ ਸ਼ਾਮਲ ਹੋਣਗੇ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਕਿਹਾ ਕਿ ਇਹ ਸਹਿਯੋਗ ਸਾਡੇ ਵਿਦਿਆਰਥੀਆਂ ਨੂੰ ਕੀਮਤੀ ਅਨੁਭਵ ਦਵੇਗਾ ਤੇ ਸਾਨੂੰ ਪੰਜਾਬ ਦੇ ਜ਼ਮੀਨੀ ਪੱਧਰ ਤੱਕ ਵਿਕਾਸ ਵਿੱਚ ਅਰਥਪੂਰਨ ਯੋਗਦਾਨ ਪਾਉਣ ਦੇ ਯੋਗ ਬਣਾਏਗਾ।ਸਾਂਝੀ ਸਿੱਖਿਆ ਫਾਊਂਡੇਸ਼ਨ ਦੀ ਨੁਮਾਇੰਦਗੀ ਕਰਦੇ ਹੋਏ ਗੁਰਜੀਤ ਸਿੰਘ ਸੰਧੂ ਮੈਨੇਜਿੰਗ ਤੇ ਮਾਰਕੀਟਿੰਗ ਹੈੱਡ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨਾਲ ਮਿਲ ਕੇ ਕੰਮ ਕਰਦੇ ਹੋਏ ਉਹ ਅਕਾਦਮਿਕ ਗਿਆਨ ਨੂੰ ਜ਼ਮੀਨੀ ਤਜਰਬੇ ਨਾਲ ਜੋੜ ਕੇ ਰਾਜ ਵਿੱਚ ਮਹੱਤਵਪੂਰਨ ਸਿੱਖਿਆ ਤੇ ਭਾਈਚਾਰੇ ਸੰਬੰਧੀ ਚੁਣੌਤੀਆਂ ਦਾ ਹੱਲ ਲੱਭਣ ਦਾ ਯਤਨ ਕਰਾਂਗੇ।

ਇਹ ਐੱਮ.ਓ.ਯੂ. ਤਿੰਨ ਸਾਲਾਂ ਲਈ ਲਾਗੂ ਰਹੇਗਾ ਤੇ ਦੋਵਾਂ ਸੰਸਥਾਵਾਂ ਪੰਜਾਬ ਵਿੱਚ ਸਿੱਖਿਆ ਤੇ ਸਮਾਜਕ ਬਦਲਾਅ ਲਈ ਵਿਆਪਕ ਤੇ ਪ੍ਰਭਾਵਸ਼ਾਲੀ ਮਾਡਲ ਤਿਆਰ ਕਰਨ ਲਈ ਪ੍ਰਤੀਬੱਧ ਹਨ।ਇਸ ਮੌਕੇ ਡਾ. ਅੰਕਦੀਪ ਕੌਰ ਅਟਵਾਲ ਕੋਆਰਡੀਨੇਟਰ ਯੂਨੀਵਰਸਿਟੀ ਆਈ.ਕਿਊ.ਏ.ਸੀ. ਸੈੱਲ, ਡਾ. ਹਰਦੇਵ ਸਿੰਘ ਡੀਨ ਫੈਕਲਟੀ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਤੇ ਸਾਂਝੀ ਸਿੱਖਿਆ ਫਾਊਂਡੇਸ਼ਨ ਦੇ ਸੀਨੀਅਰ ਮੈਂਬਰ ਵੀ ਹਾਜ਼ਰ ਸਨ।

## ਬੋਹਾ ਸ਼ਹਿਰ ਦੇ ਵਿਕਾਸ ਲਈ 1.80 ਕਰੋੜ ਦੀ ਗ੍ਰਾਂਟ ਜਾਰੀ



ਬੋਹਾ (ਨਿਰੰਜਣ ਬੋਹਾ)-ਵਿਧਾਨ ਸਭਾ ਖੇਤਰ ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਪੰਜਾਬ ਸਰਕਾਰ ਬੋਹਾ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ, ਇਸ ਲਈ ਸਰਕਾਰ ਵੱਲੋਂ ਸ਼ਹਿਰ ਦੇ ਵੱਖ ਵੱਖ ਕਰਾਜਾਂ ਲਈ ਇੱਕ ਕਰੋੜ ਅੱਸੀ ਲੱਖ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਬੋਹਾ-ਰੱਤੀਆ ਮੇਨ ਸੜਕ 'ਤੇ ਲਾਈਟਾਂ ਲਾਉਣ ਲਈ 37.50 ਲੱਖ ਤੇ ਸ਼ਹਿਰ ਵਿਚ ਸ਼ਾਨਦਾਰ ਖੇਡ ਸਟੇਡੀਅਮ ਬਣਾਉਣ ਲਈ 50 ਲੱਖ ਰੁਪਏ ਜਾਰੀ ਕੀਤੇ ਗਏ ਹਨ।ਸ਼ਹਿਰ ਦੇ ਵਾਰਡ ਨੰਬਰ ਦੋ ਵਿੱਚ ਅਵਤਾਰ ਸਿੰਘ ਘਰ ਤੋਂ ਲੈ ਕੇ ਲਾਭ ਸਿੰਘ ਦੇ ਘਰ ਤੱਕ 28.67 ਲੱਖ ਦੀਆਂ ਇੰਟਰਲੌਕ ਟਾਈਲਾਂ ਲਾਈਆਂ ਜਾਣਗੀਆਂ ਤੇ ਇਸੇ ਤਰ੍ਹਾਂ ਸਾਬਣ ਵਾਲੀ ਫੈਕਟਰੀ ਵਾਲੀ ਗਲੀ ਵਿੱਚ 49.31 ਲੱਖ ਦੀਆਂ ਟਾਈਲਾਂ ਲਾਉਣ ਲਈ ਗਰਾਂਟ ਜਾਰੀ ਕੀਤੀ ਗਈ ਹੈ।ਬੋਹਾ ਦੀ ਗਊਸ਼ਾਲਾ ਵਿੱਚ ਇੰਟਰਲਾਕ ਟਾਈਲਾਂ ਦਾ ਫਰਸ਼ ਲਾਉਣ ਲਈ 10 ਲੱਖ ਰੁਪਏ ਖਰਚੇ ਜਾਣਗੇ।ਵਾਰਡ ਨੰਬਰ ਇਕ ਦੀ ਧਰਮਸ਼ਾਲਾ ਲਈ ਵੀ ਪੰਜ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ।

# ਜ਼ਿਲ੍ਹਾ ਪੱਧਰੀ ਕਲਾ ਉਤਸਵ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



ਬਟਾਲਾ (ਡਾ. ਮਲਵਿੰਦਰ ਸਿੰਘ)- ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀਆਂ ਟੀਮਾਂ ਨੇ ਦੀਨਾਨਗਰ ਵਿੱਚ ਆਯੋਜਿਤ ਜ਼ਿਲ੍ਹਾ ਪੱਧਰੀ ਕਲਾ ਉਤਸਵ 2025-26 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ।ਮੁਕਾਬਲੇ ਵਿੱਚ ਸਕੂਲ ਦੇ ਤਿੰਨ ਵਿਦਿਆਰਥੀਆਂ, ਸੋਲੋ ਡਾਂਸ ਵਿੱਚ ਅਨੰਨਿਆ ਸ਼ਰਮਾ, ਵੋਕਲ ਸੰਗੀਤ ਕਲਾਸੀਕਲ ਵਿੱਚ ਸੁਖਮਨਜੋਤ ਕੌਰ ਅਤੇ ਸਾਜ਼ ਸੰਗੀਤ ਤਬਲਾ ਵਿੱਚ ਬਲਜੋਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਦੋ ਟੀਮਾਂ ਜਤਿਨ ਕੁੰਡਲ, ਕਮਲਪ੍ਰੀਤ ਸਿੰਘ, ਫਤਿਹ ਜੰਗ ਸਿੰਘ, ਗਰੁੱਪ ਡਾਂਸ ਵਿੱਚ ਜਗਦੀਸ਼ ਸਿੰਘ ਅਤੇ ਭਜਨ ਗਾਇਨ ਵਿੱਚ ਮਨਿੰਦਰ ਕੌਰ, ਹਰਲੀਨ ਕੌਰ, ਸੁਖਮਨਜੋਤ ਕੌਰ, ਅਭਿਸ਼ੇਕ ਸੰਗਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਸ਼ਾਨਦਾਰ ਪ੍ਰਦਰਸ਼ਨ ਨਾਲ ਸਾਰੀਆਂ ਚੁਣੀਆਂ ਗਈਆਂ ਟੀਮਾਂ ਨੂੰ ਡਿਵੀਜ਼ਨ ਪੱਧਰ ਤੇ ਪ੍ਰਤੀਨਿਧਤਾ ਕਰਨ ਦਾ ਮੌਕਾ ਮਿਲਿਆ ਹੈ। ਵਿਦਿਆਰਥੀਆਂ ਦੀ ਇਸ ਪ੍ਰਾਪਤੀ ਕਾਰਨ ਸਕੂਲ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਜੇਤੂ ਟੀਮਾਂ ਉਨ੍ਹਾਂ ਦੇ ਮਾਪਿਆਂ ਤੇ ਉਨ੍ਹਾਂ ਦੇ ਕੋਚ ਰਾਜਵਿੰਦਰ ਕੌਰ, ਰੋਹਿਤ ਰਾਜ, ਪਾਰਸ, ਰੋਹਨ, ਲਵਨੀਸ਼ ਮਹਾਜਨ, ਰਜਿੰਦਰ ਪਾਲੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਆਉਣ ਵਾਲੇ ਪੱਧਰਾਂ 'ਤੇ ਵੀ ਇਸੇ ਤਰ੍ਹਾਂ ਦੀ ਸਫਲਤਾ ਪ੍ਰਾਪਤ ਕਰਨਗੇ।

# ਕਿਸਾਨ ਮਜ਼ਦੂਰ ਜਥੇਬੰਦੀ ਨੇ ਲੈਂਡ ਪੂਲਿੰਗ ਤੇ ਹੋਰ ਕਿਸਾਨੀ ਮੁੱਦਿਆਂ ਨੂੰ ਲੈ ਕੇ ਕੱਢਿਆ ਮੋਟਰਸਾਈਕਲ ਮਾਰਚ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਅਤੇ ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਅਗਵਾਈ ਹੇਠ ਜ਼ੋਨ ਦੇ ਵੱਖ -ਵੱਖ ਪਿੰਡਾਂ ਵਿੱਚ ਲੈਂਡ ਪੂਲਿੰਗ ਪਾਲਿਸੀ ਅਤੇ ਚਿੱਪ ਵਾਲੇ ਮੀਟਰਾਂ ਆਦਿ ਮੰਗਾਂ ਦੇ ਵਿਰੋਧ ਵਿੱਚ ਮੋਟਰਸਾਈਕਲ ਰੋਡ ਮਾਰਚ ਕੀਤਾ ਗਿਆ।

ਇਸਦੀ ਜਾਣਕਾਰੀ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘੱਗੇ ਅਤੇ ਬਿਕਰਮਜੀਤ ਸਿੰਘ ਮੀਆਂ ਵਿੰਡ ਨੇ ਦਿੰਦਿਆਂ ਹੋਏ ਦੱਸਿਆ ਕਿ ਪੰਜਾਬ ਵਿੱਚ ਧੱਕੇ ਨਾਲ ਬਣੇ ਸੁਪਰ ਮੁੱਖ ਮੰਤਰੀ ਕੇਜਰੀਵਾਲ ਵੱਲੋਂ ਕਾਰਪੋਰੇਟ ਜਗਤ ਤੇ ਕੇਂਦਰ ਸਰਕਾਰ ਦੀਆਂ ਸਿਫਤਾਂ ਕਰਦਿਆਂ ਲੈਂਡ ਪੂਲਿੰਗ ਸਕੀਮ ਅਧੀਨ ਪੰਜਾਬ ਦੇ ਕਿਸਾਨਾਂ ਦੀ 65533 ਏਕੜ ਉਪਜਾਊ ਜ਼ਮੀਨ ਬੇਲੋੜੇ ਤੇ ਬੇਢੰਗੇ ਸ਼ਹਿਰੀਕਰਨ ਕਰਨ ਲਈ ਐਕਵਾਇਰ ਕੀਤੀ ਹੈ।1 ਲੱਖ ਏਕੜ ਹੋਰ ਵੱਡੇ ਉਦਯੋਗ ਲਾਉਣ ਲਈ ਉਦਯੋਗਿਕ ਪਾਰਕ ਦੇ ਨਾਮ ਹੇਠ ਕਿਸਾਨਾਂ ਤੋਂ ਖੋਹਣ ਦੀ ਤਿਆਰੀ ਹੈ।

ਉਨ੍ਹਾਂ ਕਿਹਾ ਕਿ ਰੈਲੀ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਵੱਲੋਂ ਮਾਰਚ ਵਿੱਚ ਹਿੱਸਾ ਲੈ ਕੇ 1 ਇੰਚ ਵੀ ਜ਼ਮੀਨ ਨਾ ਦੇਣ ਦਾ ਐਲਾਨ ਕੀਤਾ।ਕਿਸਾਨ ਆਗੂਆਂ ਨੇ ਇਸੇ ਮਸਲੇ ਨੂੰ ਲੈ ਕੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਜ਼ਿਲ੍ਹਾ ਜਲੰਧਰ ਦੇ ਪਿੰਡ ਕੁੱਕੜ ਪਿੰਡ ਦੀ ਦਾਣਾ ਮੰਡੀ ਵਿੱਚ ਕੀਤੀ



ਜਾ ਰਹੀ ਮਹਾਂ ਰੈਲੀ ਵਿਚ ਸ਼ਾਮਲ ਹੋਕੇ 1 ਲੱਖ ਤੋਂ ਵੱਧ ਕਿਸਾਨ, ਮਜ਼ਦੂਰ, ਬੀਬੀਆਂ, ਨੌਜਵਾਨ, ਬੱਚੇ ਇਸ ਲੋਕ ਵਿਰੋਧੀ ਰਾਜ ਪ੍ਰਬੰਧ ਤੇ ਕਾਰਪੋਰੇਟ ਜਗਤ ਦੀਆਂ ਜੜ੍ਹਾਂ ਵਿੱਚ ਤੇਲ ਦੇਣਗੇ।ਕਿਸਾਨ ਆਗੂ ਨੇ ਅੱਗੇ ਦੱਸਿਆ ਕਿ ਪਿੰਡਾਂ ਵਿੱਚ ਮਤੇ ਪਾਸ ਕਰਕੇ ਆਮ ਆਦਮੀ ਪਾਰਟੀ ਦੇ ਕਿਸੇ ਵੀ ਆਗੂ ਨੂੰ ਪਿੰਡਾਂ ਵਿੱਚ ਵੜਨ ਨਾ ਦੇਣ ਦੇ ਫੈਸਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਪਿੰਡਾਂ ਵਿੱਚ ਬੋਰਡ ਲੱਗ ਰਹੇ ਹਨ।ਕਿਸਾਨ ਆਗੂ ਨੇ ਅੱਗੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਵੱਲੋਂ ਬਿਜਲੀ ਦੇ ਨਿੱਜੀਕਰਨ ਦੇ ਵਿਰੋਧ ਵਿੱਚ ਲੜੇ ਜਾ ਰਹੇ ਸੰਘਰਸ਼ ਦੀ ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਪੂਰੀ ਪੂਰੀ ਹਮਾਇਤ ਕੀਤੀ ਜਾਂਦੀ ਹੈ ਤੇ ਕਿਸੇ ਵੀ ਕੀਮਤ ਉੱਤੇ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ। ਇਸ ਮੌਕੇ ਸੀਨੀਅਰ ਆਗੂ ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਸਾਹਿਬ ਸਿੰਘ ਨਰੋਤਮਪੁਰ, ਬਲਜਿੰਦਰ ਸਿੰਘ ਆਲਮਪੁਰ, ਪ੍ਰਮਜੀਤ ਸਿੰਘ ਸ਼ਾਹ ਦਾਰਾਪੁਰ, ਲਖਬੀਰ ਸਿੰਘ ਕੋਹੀਸਾਂਹੀ, ਬਲਬੀਰ ਸਿੰਘ ਰਾਮਪੁਰ, ਸੁਖਚੈਨ ਸਿੰਘ ਦਾਰਾਪੁਰ, ਰੂਪ ਸਿੰਘ ਵੈਰੋਵਾਲ ਬਾਵਿਆਂ, ਪ੍ਰਤਾਪ ਸਿੰਘ ਰਾਮਪੁਰ, ਗੁਰਪਾਲ ਸਿੰਘ ਜਲਾਲਾਬਾਦ, ਤਰਲੋਚਨ ਸਿੰਘ ਰਾਮਪੁਰ ਨਰੋਤਮਪੁਰ, ਕਾਹਨ ਸਿੰਘ ਗਗੜੇਵਾਲ, ਬਲਜੀਤ ਸਿੰਘ ਘੱਗੇ, ਗੁਰਪ੍ਰੀਤ ਸਿੰਘ ਘੱਗੇ, ਹਰਵਿੰਦਰ ਸਿੰਘ ਭਲੋਜਲਾ, ਬਿੱਕਰ ਸਿੰਘ ਲਿੱਧੜ,ਮੋਹਨ ਸਿੰਘ ਖੋਜਕੀਪੁਰ, ਜਸਵਿੰਦਰ ਸਿੰਘ ਖੋਜਕੀਪੁਰ, ਤਜਿੰਦਰ ਸਿੰਘ ਬਹਾਦਰਪੁਰ, ਅੰਗਰੇਜ਼ ਸਿੰਘ ਜਲਾਲਾਬਾਦ ਖ਼ੁਰਦ, ਧਰਮਿੰਦਰ ਸਿੰਘ ਆਲਮਪੁਰ, ਹਰਜੀਤ ਸਿੰਘ ਹੋਠੀਆਂ ਆਦਿ ਆਗੂ ਆਪਣੇ ਆਪਣੇ ਪਿੰਡਾਂ ਤੋਂ ਕਿਸਾਨਾਂ, ਮਜ਼ਦੂਰਾਂ ਦੇ ਕਾਫਲਿਆਂ ਨਾਲ ਇਸ ਰੋਸ ਮਾਰਚ ਵਿੱਚ ਸ਼ਾਮਲ ਹੋਏ।

# ਕਾਮਰੇਡ ਹਰਨਾਮ ਸਿੰਘ ਦਾ ਵਿਛੋੜਾ ਪਾਰਟੀ ਲਈ ਵੱਡਾ ਘਾਟਾ: ਦਦੇਹਰ, ਸੋਹਲ

ਚੋਹਲਾ ਸਾਹਿਬ (ਰਮਨ ਚੱਢਾ)-ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਕਮੇਟੀ ਮੈਂਬਰ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰ ਕਾਮਰੇਡ ਹਰਨਾਮ ਸਿੰਘ ਚੋਹਲਾ ਅੱਧਖੜ ਉਮਰ ਵਿੱਚ ਹੀ ਵਿਛੋੜਾ ਦੇ ਗਏ ਹਨ।ਇਸ ਨਾਲ ਪਰਿਵਾਰ ਨੂੰ ਬਹੁਤ ਵੱਡਾ ਸਦਮਾ ਆਇਆ ਹੈ ਤੇ ਪਾਰਟੀ ਤੇ ਕਿਸਾਨ ਸਭਾ ਨੂੰ ਵੀ ਵੱਡਾ ਘਾਟਾ ਪਿਆ ਹੈ।ਪ੍ਰੈਸ ਨੂੰ ਇਹ ਜਾਣਕਾਰੀ ਦਿੰਦਿਆਂ ਕਾਮਰੇਡ ਬਲਵਿੰਦਰ ਸਿੰਘ ਦਦੇਹਰ, ਕਾਮਰੇਡ ਦਵਿੰਦਰ ਸੋਹਲ, ਦੇਵੀ ਕੁਮਾਰੀ, ਬਲਕਾਰ ਸਿੰਘ ਵਲਟੋਹਾ, ਪਰਮਜੀਤ ਸਿੰਘ ਚੋਹਲਾ, ਜੱਸਾ ਸਿੰਘ ਨੇ ਹਰਨਾਮ ਸਿੰਘ ਦੇ ਅੰਤਿਮ ਸੰਸਕਾਰ ਵੇਲੇ



ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਕਾਮਰੇਡ ਹਰਨਾਮ ਸਿੰਘ ਇੱਕ ਵਧੀਆ ਇਨਸਾਨ ਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਾ ਸੀ।


AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana-141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਜਨਤਕ ਨੋਟਿਸ**

ਆਮ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦਸਦੇ ਹਾਂ ਕਿ ਵਿੱਤੀ ਸਹੂਲਤ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀ 'ਤੇ ਮੂਲ ਅਤੇ ਵਿਆਜ ਦੀ ਅਦਾਇਗੀ ਕਰਨ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਨਤੀਜੇ ਵਜੋਂ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਅਨੁਸਾਰ ਅਜਿਹੇ ਖਾਤੇ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਤਹਿਤ ਨੋਟਿਸ ਜਾਰੀ ਕੀਤੇ ਗਏ ਸਨ, ਬੇਸ਼ੱਕ ਇਹ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਅਤੇ ਅਜਿਹੇ 'ਚ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਨ੍ਹਾਂ ਨੂੰ ਉਹੀ ਜਾਣਕਾਰੀ ਦਿੱਤੀ ਗਈ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ/ਕਾਨੂੰਨੀ ਵਾਰਸਾਂ ਦੇ ਨਾਂਅ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਨੋਟਿਸ ਦੀ ਮਿਤੀ 'ਤੇ ਬਕਾਇਆ ਰਕਮ | ਕਰਜ਼ਾ ਰਕਮ ਮਨਜ਼ੂਰ/ਵੰਡਿਆ |
|---|---|---|---|---|---|
| 1. | 1. ਸੋਨੂੰ ਕੁਮਾਰ ਪੁੱਤਰ ਸ੍ਰੀ ਬਾਵਾ ਰਾਮ (ਕਰਜ਼ਦਾਰ) ਅਤੇ 2. ਸ੍ਰੀਮਤੀ ਕਾਜਲ ਪਤਨੀ ਸੋਨੂੰ ਕੁਮਾਰ (ਸਹਿ-ਕਰਜ਼ਦਾਰ/ ਰਹਿਣਕਾਰ) | 11th-May 2025 | 01.07.2025 | ਰੁਪਏ 28,98,647/- (ਅਠਾਈ ਲੱਖ ਅਠਾਨਵੇਂ ਹਜ਼ਾਰ ਛੇ ਸੌ ਸੰਤਾਲੀ ਰੁਪਏ ਕੇਵਲ) | ਰੁਪਏ 29,90,000/- (ਉਨੱਤੀ ਲੱਖ ਨੱਬੇ ਹਜ਼ਾਰ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ. 2021-22/146/1/2126 ਮਿਤੀ 24 ਅਗਸਤ 2021 ਅਨੁਸਾਰ ਸ੍ਰੀਮਤੀ ਕਾਜਲ ਪਤਨੀ ਸੋਨੂ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪੁਰਾਣਾ ਖਾਨਾ ਸ਼ੁਮਾਰੀ ਨੰ. ਬੀ-4/511 ਅਤੇ ਨਵਾਂ ਖਾਨਾ ਸ਼ੁਮਾਰੀ ਨੰ. ਬੀ-24/235, ਰਕਬਾ 75 ਵਰਗ ਗਜ਼ (3 ਮਰਲੇ), ਮੀਆਂ ਮੁਹੱਲਾ, ਬੈਰੂਨ ਕਪੂਰੀ ਗੇਟ ਬਟਾਲਾ (ਅੰਦਰੂਨ ਦਰਵਾਜ਼ਾ ਬਟਾਲਾ), ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ: ਬਚਨ ਲਾਲ ਦੀ ਜਾਇਦਾਦ, ਪੱਛਮ : ਪ੍ਰੇਮਵੰਤੀ ਦੀ ਜਾਇਦਾਦ, ਉੱਤਰ : ਸੜਕ/ਗਲੀ, ਦੱਖਣ : ਗਲੀ। | | | | |
| 2. | 1. ਸ੍ਰੀ ਗੁਰਿੰਦਰਜੀਤ ਸਿੰਘ ਪੁੱਤਰ ਰਛਪਾਲ ਸਿੰਘ (ਕਰਜ਼ਦਾਰ) 2, ਸ੍ਰੀ ਸਤਿੰਦਰਜੀਤ ਸਿੰਘ (ਸਹਿ-ਕਰਜ਼ਦਾਰ) ਅਤੇ 3 ਸ੍ਰੀਮਤੀ ਜਸਬੀਰ ਕੌਰ ਪਤਨੀ ਰਛਪਾਲ ਸਿੰਘ (ਸਹਿ-ਕਰਜ਼ਦਾਰ/ ਰਹਿਣਕਾਰ) | 11th-May 2025 | 15.07.2025 | ਰੁਪਏ 43,65,069/- (ਤਰਤਾਲੀ ਲੱਖ ਪੈਂਹਠ ਹਜ਼ਾਰ ਉਨੱਤਰ ਰੁਪਏ ਕੇਵਲ) | 1, ਹੋਮ ਕਰਜ਼ਾ ਰੁਪਏ 17,18,879/- 2. ਜਾਇਦਾਦ ਵਿਰੁੱਧ ਕਰਜਾ (ਐੱਲ ਏ ਪੀ) ਰੁਪਏ 23,96,000/- ਅਤੇ 3. ਜਾਇਦਾਦ ਵਿਰੁੱਧ ਕਰਜਾ (ਐੱਲ ਏ ਪੀ) ਰੁਪਏ 6,30,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ ਨੰ. 3361 ਮਿਤੀ 29.09.2011 ਅਨੁਸਾਰ ਜਸਬੀਰ ਕੌਰ ਪਤਨੀ ਰਸ਼ਪਾਲ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ ਰਕਬਾ 06 ਮਰਲੇ-179 ਫੁੱਟ, ਖਸਰਾ ਨੰ. 555 (8-0), ਖੱਤਾ ਖਤੌਨੀ ਨੰ. 40/67, ਜਮ੍ਹਾਂਬੰਦੀ ਸਾਲ 2007-2008, ਵਾਕਿਆ ਕੱਕਾ ਕੰਡਿਆਲਾ, ਅਬਾਦੀ ਗੁਰੂ ਤੇਗ ਬਹਾਦਰ ਨਗਰ, ਗਲੀ ਨੰ. 3, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਖੁਦ ਦੀ ਮਲਕੀਅਤ, ਪੱਛਮ : ਗਲੀ 15', ਉੱਤਰ : ਜਸਪਾਲ ਸਿੰਘ, ਦੱਖਣ : ਰਜਿੰਦਰ ਸਿੰਘ | | | | |
| 3. | 1. ਸ੍ਰੀ ਰਵੀ ਵਰਮਾ ਪੁੱਤਰ ਜਗਦੀਸ਼ ਚੰਦਰ (ਕਰਜ਼ਦਾਰ / ਰਹਿਣਕਾਰ) ਅਤੇ 2. ਸ੍ਰੀ ਰਾਜਨ ਵਰਮਾ ਪੁੱਤਰ ਜਗਦੀਸ਼ ਚੰਦਰ (ਸਹਿ-ਕਰਜ਼ਦਾਰ/ਰਹਿਣਕਾਰ) | 09th-July 2025 | 15.07.2025 | ਰੁਪਏ 56,62,638/- (ਛਪੰਜਾ ਲੱਖ ਬਾਹਠ ਹਜ਼ਾਰ ਛੇ ਸੌ ਅਠੱਤੀ ਰੁਪਏ ਕੇਵਲ) | ਰੁਪਏ 57,79,936/- (ਸਤਵੰਜਾ ਲੱਖ ਉਨਾਸੀ ਹਜ਼ਾਰ ਨੌ ਸੌ ਛੱਤੀ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਨੰ. 15410 ਮਿਤੀ 22.03.2017 ਅਨੁਸਾਰ ਸ੍ਰੀ ਰਵੀ ਵਰਮਾ ਅਤੇ ਰਾਜਨ ਵਰਮਾ ਦੋਵੇਂ ਪੁੱਤਰ ਜਗਦੀਸ਼ ਚੰਦਰ ਦੇ ਨਾਂਅ 'ਤੇ ਜਾਇਦਾਦ /ਪਲਾਟ ਨੰ. ਏ ਵੀ-83, ਪੁੱਡਾ ਮਨਜ਼ੂਰ ਪਲਾਟ, ਪਲਾਟ ਨੰ. 265, ਰਕਬਾ 251.06 ਵਰਗ ਗਜ਼, ਖਸਰਾ ਨੰ. 24//16 ਮਿਨ, ਖੇਵਟ ਨੰ. 184, ਖਤੌਨੀ ਨੰ. 294, ਜਮ੍ਹਾਂਬੰਦੀ ਸਾਲ 2012-2013, ਹਦਬਸਤ ਨੰ. 262, ਪਿੰਡ ਝੀਤਾ ਕਲਾਂ, ਸਬ-ਡਵੀਜ਼ਨ ਨੰ. 2, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਡ੍ਰੀਮ ਸਿਟੀ ਨਾਲ ਸੰਬੰਧਤ ਸਭ ਕੁਝ। ਹੱਦਾਂ : (ਅਲਾਟਮੈਂਟ ਅਨੁਸਾਰ) : ਪੂਰਬ : ਪਲਾਟ ਨੰ. ਐੱਫ-3, ਪੱਛਮ : 25 ਫੁੱਟ ਸੜਕ, ਉੱਤਰ : ਪਲਾਟ ਨੰ. ਏ ਵੀ-82, ਦੱਖਣ : ਪਲਾਟ ਨੰ. ਏ ਵੀ-84 | | | | |
| 4. | 1. ਸ੍ਰੀ ਅਮਿਤ ਘਈ ਪੁੱਤਰ ਕਮਲ ਕਿਸ਼ੋਰ ਘਈ (ਕਰਜ਼ਦਾਰ/ ਰਹਿਣਕਾਰ) ਅਤੇ 2. ਸ੍ਰੀਮਤੀ ਕੋਮਲ ਘਈ ਪਤਨੀ ਸ੍ਰੀ ਅਮਿਤ ਘਈ (ਸਹਿ-ਕਰਜ਼ਦਾਰ) | 07th-July 2025 | 11.07.2025 | ਰੁਪਏ 24,23,316/- (ਰੁਪਏ ਚੌਵੀ ਲੱਖ ਤੇਈ ਹਜ਼ਾਰ ਤਿੰਨ ਸੌ ਸੋਲਾਂ ਰੁਪਏ ਕੇਵਲ) | ਰੁਪਏ 78,50,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਸ੍ਰੀ ਅਮਿਤ ਘਈ ਪੁੱਤਰ ਕਮਲ ਕਿਸ਼ੋਰ ਘਈ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਮਕਾਨ ਨੰ. 18, ਖਸਰਾ ਨੰ. 528, 529, 1322/539, 530 ਹਦਬਸਤ ਨੰ. 301, ਜਮ੍ਹਾਂਬੰਦੀ ਸਾਲ 2018-2019, ਅਬਾਦੀ ਪ੍ਰਿੰਸ ਪਲਾਜ਼ਾ, ਪਿੰਡ ਕਿੰਗਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਦਸਤਾਵੇਜ਼ ਅਨੁਸਾਰ) : ਪੂਰਬ : ਸੜਕ, ਪੱਛਮ : ਮਕਾਨ ਨੰ. 17, ਉੱਤਰ : ਮਕਾਨ ਨੰ. 19, ਦੱਖਣ : ਸੜਕ। | | | | |
| 5. | 1. ਸ੍ਰੀ ਧੀਰਜ ਕੰਧਾਰੀ ਪੁੱਤਰ ਅਸ਼ਵਨੀ ਕੰਧਾਰੀ (ਕਰਜ਼ਦਾਰ/ ਰਹਿਣਕਾਰ) ਅਤੇ 2. ਸ੍ਰੀਮਤੀ ਰਸ਼ਮ ਕੰਧਾਰੀ ਪਤਨੀ ਧੀਰਜ ਕੰਧਾਰੀ (ਸਹਿ-ਕਰਜ਼ਦਾਰ/ ਰਹਿਣਕਾਰ) | 07th-July 2025 | 10.07.2025 | ਰੁਪਏ 1,76,73,758.55/- (ਇੱਕ ਕਰੋੜ ਛਿਅੱਤਰ ਲੱਖ ਤਿਹੱਤਰ ਹਜ਼ਾਰ ਸੱਤ ਸੌ ਅਠਵੰਜਾ ਰੁਪਏ ਅਤੇ ਪਚਵੰਜਾ ਪੈਸੇ ਕੇਵਲ) | 1, ਹੋਮ ਕਰਜ਼ਾ ਸਹੂਲਤ ਰੁਪਏ 130,00,000/- 2. ਹੋਮ ਕਰਜ਼ਾ ਸਹੂਲਤ : ਰੁਪਏ 15,00,000/-ਅਤੇ 3. ਓ ਡੀ ਐੱਲ ਏ ਪੀ ਸਹੂਲਤ ਰੁਪਏ 50,00,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ ਨੰ. 1542 ਮਿਤੀ 09.05.2018 ਅਨੁਸਾਰ ਸ੍ਰੀ ਧੀਰਜ ਕੰਧਾਰੀ ਪੁੱਤਰ ਅਸ਼ਵਨੀ ਕੰਧਾਰੀ ਅਤੇ ਸ੍ਰੀਮਤੀ ਰਸ਼ਿਮ ਕੰਧਾਰੀ ਪਤਨੀ ਧੀਰਜ ਕੰਧਾਰੀ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪ੍ਰਾਈਵੇਟ ਨੰ. 47, ਰਕਬਾ 480 ਐੱਮ ਵਰਗ ਗਜ਼, ਖਸਰਾ ਨੰ. 4//18/4, 19, 20, 21, 22/3, 23, 5//16/1 ਮਿਨ, ਰਜਿਸਟਰੀ ਅਨੁਸਾਰ (4//23, 4//22/3, 4//18/4, 4//19, 4//20, 4//21 ਮਿਨ) ਜਮ੍ਹਾਂਬੰਦੀ ਸਾਲ 2014-15, ਗੁਮਟਾਲਾ, ਅਬਾਦੀ ਆਰ ਬੀ ਅਸਟੇਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 46, ਪੱਛਮ : ਪਲਾਟ ਨੰ. 48, ਉੱਤਰ : ਸੜਕ, ਦੱਖਣ : ਪਲਾਟ ਨੰ. 34-35 | | | | |
| 6. | 1.ਸ੍ਰੀਮਤੀ ਸ਼ਾਇਨਾ ਆਹਲੂਵਾਲੀਆ ਪਤਨੀ ਸ੍ਰੀ ਰਾਜਦੀਪ ਸਿੰਘ ਆਹਲੂਵਾਲੀਆ (ਕਰਜ਼ਦਾਰ/ ਰਹਿਣਕਾਰ) | 01st -April-2025 | 10.07.2025 | ਰੁਪਏ 31,55,400/- (ਇਕੱਤੀ ਲੱਖ ਪਚਵੰਜਾ ਹਜ਼ਾਰ ਚਾਰ ਸੌ ਰੁਪਏ ਕੇਵਲ) | ਰੁਪਏ 32,50,000/- (ਬੱਤੀ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ. 2021-22/101/1/6590 ਮਿਤੀ 16 ਅਗਸਤ 2021 ਅਨੁਸਾਰ ਸ੍ਰੀਮਤੀ ਸ਼ਾਇਨਾ ਆਹਲੂਵਾਲੀਆ ਪਤਨੀ ਰਾਜਦੀਪ ਸਿੰਘ ਆਹਲੂਵਾਲੀਆ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਪਲਾਟ/ਮਕਾਨ ਨੰ. 7, ਰਕਬਾ 150 ਵਰਗ ਗਜ਼, ਖਸਰਾ ਨੰ. 2416/88, 2419/89, 85, ਖੱਤਾ ਨੰ. 88/106, 150/179 ਜਮ੍ਹਾਂਬੰਦੀ ਸਾਲ 2012-2013, ਹਦਬਸਤ ਨੰ. 274, ਪਿੰਡ ਧਾਂਦਰਾ-1, ਅਬਾਦੀ ਨਿਊ ਸਰਾਭਾ ਨਗਰ ਐਕਸਟੈਨਸ਼ਨ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) : ਪੂਰਬ : ਗਲੀ, ਪੱਛਮ : ਗੁਆਂਢ, ਉੱਤਰ : ਅਜੇ ਗੰਭੀਰ, ਦੱਖਣ : ਗਲੀ। | | | | |
| 7. | ਸ੍ਰੀ ਕੁਲਪ੍ਰੀਤ ਸਿੰਘ ਪੁੱਤਰ ਮਨਮੋਹਨ ਸਿੰਘ ਗੁਲਾਟੀ (ਕਰਜ਼ਦਾਰ/ਰਹਿਣਕਾਰ) ਅਤੇ 2 ਸ੍ਰੀਮਤੀ ਗਗਨਦੀਪ ਕੌਰ ਪਤਨੀ ਕੁਲਪ੍ਰੀਤ ਸਿੰਘ ਗੁਲਾਟੀ (ਸਹਿ-ਕਰਜ਼ਦਾਰ/ਰਹਿਣਕਾਰ) ਅਤੇ 3. ਸ੍ਰੀ ਗੁਰਵਿੰਦਰ ਸਿੰਘ ਆਨੰਦ ਪੁੱਤਰ ਅਮੋਲਕ ਸਿੰਘ ਆਨੰਦ (ਸਹਿ-ਕਰਜ਼ਦਾਰ) | 14th-April-2025 | 05.07.2025 | ਰੁਪਏ 30,57,416.70/- (ਤੀਹ ਲੱਖ ਸਤਵੰਜਾ ਹਜ਼ਾਰ ਚਾਰ ਸੌ ਸੋਲਾਂ ਰੁਪਏ ਅਤੇ ਸੱਤਰ ਪੈਸੇ ਕੇਵਲ) | ਰੁਪਏ 31,50,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਦਸਤਾਵੇਜ਼ ਨੰ: 2022-23/15/1/16219 ਮਿਤੀ 20 ਜਨਵਰੀ 2023 ਅਨੁਸਾਰ ਕੁਲਪ੍ਰੀਤ ਸਿੰਘ ਗੁਲਾਟੀ, ਅਤੇ ਸ੍ਰੀਮਤੀ ਗਗਨਦੀਪ ਕੌਰ ਪਤਨੀ ਕੁਲਪ੍ਰੀਤ ਸਿੰਘ ਗੁਲਾਟੀ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਪਲਾਟ ਨੰ: 1113, ਰਕਬਾ 264 ਵਰਗ ਗਜ਼, ਖਸਰਾ ਨੰ: 19//13/2 (1-12), 14 (8-0), 15(7-15), 18(7-18), 19(1-0), 23(5-8), 26(0-5), 20//11/1 (2-12) ਹਦਬਸਤ ਨੰ: 33, ਸ਼ਿਵਾਲਕ ਅਸਟੇਟ, ਫੇਸ-2, ਛੱਜੂ ਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ ਨਾਲ ਸੰਬੰਧਤ ਸਭ ਕੁਝ। ਹੱਦਾਂ: (ਦਸਤਾਵੇਜ਼ਾਂ ਅਨੁਸਾਰ) :ਪੂਰਬ: ਪਲਾਟ ਨੰ:1114, ਪੱਛਮ:ਪਲਾਟ ਨੰ:1112, ਉੱਤਰ:ਹੋਰ ਮਾਲਕ, ਦੱਖਣ: ਰਸਤਾ 45' ਚੌੜਾ | | | | |
| 8. | 1. ਸ੍ਰੀ ਮਨਦੀਪ ਸਿੰਘ ਪੁੱਤਰ ਸ੍ਰੀ ਕੁਲਵੰਤ ਸਿੰਘ (ਕਰਜ਼ਦਾਰ) 2. ਸ੍ਰੀ ਸੰਦੀਪ ਸਿੰਘ ਪੁੱਤਰ ਕੁਲਵੰਤ ਸਿੰਘ (ਸਹਿ-ਕਰਜ਼ਦਾਰ) 3. ਸ੍ਰੀ ਸਰਬਜੀਤ ਕੌਰ ਪਤਨੀ ਸ੍ਰੀ ਮਨਦੀਪ ਸਿੰਘ (ਸਹਿ-ਕਰਜ਼ਦਾਰ/ ਰਹਿਣਕਾਰ) | 11th-May-2025 | 05.07.2025 | ਰੁਪਏ 4,11,310.70/- (ਚਾਰ ਲੱਖ ਗਿਆਰਾਂ ਹਜ਼ਾਰ ਤਿੰਨ ਸੌ ਦਸ ਰੁਪਏ ਅਤੇ ਸੱਤਰ ਪੈਸੇ ਕੇਵਲ | ਰੁਪਏ 21,25,000/- (ਇੱਕੀ ਲੱਖ ਪੱਚੀ ਹਜ਼ਾਰ ਰੁਪਏ ਕੇਵਲ) |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਤਬਾਦਲਾ ਬੈਨਾਮਾ ਵਸੀਕਾ ਨੰ:10243 ਮਿਤੀ 26.02.2016 ਅਨੁਸਾਰ ਸਨਮੁੱਖ ਸਬ-ਰਜਿਸਟਰਾਰ ਅੰਮ੍ਰਿਤਸਰ, ਸਰਬਜੀਤ ਕੌਰ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਨੰ:5, ਰਕਬਾ 111.11 ਵਰਗ ਗਜ਼, ਖਸਰਾ ਨੰ: 5711/2351 ਮਿਨ, ਸੁਲਤਾਨਵਿੰਡ, ਸਬ-ਅਰਬਨ ਅਬਾਦੀ, ਬਸੰਤ ਨਗਰ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਿਤ ਸਭ ਕੁੱਝ। ਹੱਦਾਂ: ਬੈਨਾਮੇ ਅਨੁਸਾਰ, ਪੂਰਬ: ਮਕਾਨ, ਪੱਛਮ ਬਜ਼ਾਰ, ਉੱਤਰ : ਬਜ਼ਾਰ, ਦੱਖਣ : ਮਕਾਨ | | | | |
| 9. | 1. ਸ੍ਰੀ ਅਸ਼ੋਕ ਕੁਮਾਰ ਮਨਚੰਦਾ ਪੁੱਤਰ ਰਾਜ ਕੁਮਾਰ (ਕਰਜ਼ਦਾਰ)/ ਰਹਿਣਕਾਰ) ਅਤੇ 2. ਸ੍ਰੀ ਕਿਰਨਦੀਪ ਮਨਚੰਦਾ ਪੁੱਤਰ ਅਸ਼ੋਕ ਕੁਮਾਰ ਮਨਚੰਦਾ (ਸਹਿ-ਕਰਜ਼ਦਾਰ) | 05th-April-2025 | 03.07.2025 | ਰੁਪਏ 11,75,046/- (ਗਿਆਰਾਂ ਲੱਖ ਪਚੱਤਰ ਹਜ਼ਾਰ ਛਿਆਲੀ ਰੁਪਏ ਕੇਵਲ) 30.07.2025 ਨੂੰ (ਇਸ ਰਕਮ 'ਚ 03.07.2025 ਤੱਕ ਲਾਗੂ ਵਿਆਜ ਸ਼ਾਮਲ ਹੈ) | ਰੁਪਏ 16,00,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ ਨੰ: 1643 ਮਿਤੀ 04.06.2001 ਅਨੁਸਾਰ ਅਸ਼ੋਕ ਕੁਮਾਰ ਮਨਚੰਦਾ ਪੁੱਤਰ ਰਾਜ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਵਪਾਰਕ ਜਾਇਦਾਦ/ਦੁਕਾਨ ਐੱਮ ਸੀ ਨੰ:781/13 ਅਤੇ ਮੌਜੂਦਾ ਐੱਮ ਸੀ ਨੰ:1060/13, ਰਕਬਾ 01 ਮਰਲਾ-34 ਵਰਗ ਫੁੱਟ, ਖੱਤਾ ਨੰ:1061/1673, ਖਸਰਾ ਨੰ: 1459/0-1-34, ਜਮ੍ਹਾਂਬੰਦੀ ਸਾਲ 1998-99, ਰਕਬਾ ਪੱਟੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਤ ਸਭ ਕੁੱਝ। | | | | |
| 10. | 1. ਸ੍ਰੀਮਤੀ ਪੂਜਾ ਸੇਠ ਪਤਨੀ ਵਿਸ਼ਾਲ ਸੇਠ (ਕਰਜ਼ਦਾਰ/ ਰਹਿਣਕਾਰ) ਅਤੇ 2 ਸ੍ਰੀ ਵਿਸ਼ਾਲ ਸੇਠ ਪੁੱਤਰ ਭਗਵਾਨ ਦਾਸ ਸੇਠ (ਸਹਿ-ਕਰਜ਼ਦਾਰ) | 20th-April-2025 | 02.07.2025 | ਰੁਪਏ 32,44,345/- (ਬੱਤੀ ਲੱਖ ਚੁਤਾਲੀ ਹਜ਼ਾਰ ਤਿੰਨ ਸੌ ਪੰਜਤਾਲੀ ਰੁਪਏ ਕੇਵਲ) | 1. ਓ ਡੀ ਐੱਲ ਏ ਪੀ ਸਹੂਲਤ 'ਚ ਰੁਪਏ 12,00,000/- ਅਤੇ ਹੋਮ ਕਰਜ਼ਾ ਸਹੂਲਤ ਰੁਪਏ 21,87,000/- |
| | **ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ:** ਬੈਨਾਮਾ ਵਸੀਕਾ ਨੰ: 7759 ਮਿਤੀ 26-11-2024 ਅਨੁਸਾਰ ਸ੍ਰੀਮਤੀ ਪੂਜਾ ਸੇਠ ਪਤਨੀ ਵਿਸ਼ਾਲ ਸੇਠ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ: 516-ਏ, ਰਕਬਾ 199.11 ਵਰਗ ਗਜ਼, ਖਸਰਾ ਨੰ: 1//23, 24, 25, 5//2, 5//9, 2//21, 5//1, ਪਿੰਡ ਗੁਮਟਾਲਾ, ਅਬਾਦੀ ਆਰ.ਬੀ. ਅਸਟੇਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ): ਪੂਰਬ: ਪਲਾਟ ਨੰ: 515 ਮਿਨ, ਪੱਛਮ: ਪਲਾਟ ਨੰ: 516-ਬੀ, ਉੱਤਰ:ਪਲਾਟ ਨੰ: 516-ਡੀ, ਦੱਖਣ: ਸੜਕ 35' ਚੌੜੀ | | | | |

ਇਸ ਲਈ ਇਹ ਜਨਤਕ ਨੋਟਿਸ ਸਿੱਧੇ ਸੰਚਾਰ ਹਿੱਤ ਜਾਰੀ ਕੀਤਾ ਗਿਆ ਹੈ।

ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ, ਜਿੱਥੇ ਲਾਗੂ ਹੈ, ਨੂੰ ਬਕਾਇਆ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਹੈ। ਅਸਫਲ ਰਹਿਣ 'ਤੇ 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਤਹਿਤ ਉਨ੍ਹਾਂ ਦੇ ਅਧਿਕਾਰਾਂ ਸੰਬੰਧੀ ਕਰਜ਼ਦਾਰਾਂ ਨੂੰ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਹਵਾਲਾ ਲੈਣ ਲਈ ਕਿਹਾ ਜਾਂਦਾ ਹੈ।

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (13) ਅਧੀਨ ਕਰਜ਼ਦਾਰ ਇਸ ਨੋਟਿਸ ਦੇ ਹਵਾਲੇ ਵਾਲੇ ਉਸ ਦੇ ਸਕਿਉਰਡ ਐੱਸਟ, ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ, ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 12.08.2025 (ਅਧਿਕਾਰਤ ਅਫਸਰ)
ਸਥਾਨ : ਪੰਜਾਬ ਐਕਸਿਸ ਬੈਂਕ ਲਿਮਟਿਡ


# ਬਿਜਲੀ ਕਾਮੇ ਝੰਡਾ ਲਹਿਰਾਉਣ ਆਏ ਮੰਤਰੀਆਂ ਖ਼ਿਲਾਫ ਕਾਲੇ ਝੰਡਿਆਂ ਨਾਲ ਕਰਨਗੇ ਰੋਸ ਵਿਖਾਵਾ : ਅਮੋਲਕ ਸਿੰਘ

ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)-ਪਾਵਰਕਾਮ ਸਬ ਡਿਵੀਜ਼ਨ ਕਾਹਨੂੰਵਾਨ ਦੇ ਕਰਮਚਾਰੀ ਦਲ ਦੇ ਨਾਲ ਸੰਬੰਧਿਤ ਬਿਜਲੀ ਮੁਲਾਜ਼ਮਾਂ ਵੱਲੋਂ ਤਿੰਨ ਦਿਨ ਦੀ ਲਈ ਕੈਜ਼ੂਅਲ ਲੀਵ ਤੋਂ ਬਾਅਦ ਪਾਵਰਕਾਮ ਦਾ ਤਿੰਨ ਦਿਨ ਦੇ ਲਈ ਸਮੁੱਚਾ ਕੰਮ ਕਾਜ ਠੱਪ ਰੱਖਣ ਦਾ ਐਲਾਨ ਕਰਦਿਆਂ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤੁਰੰਤ ਮੰਨ ਕੇ ਲਾਗੂ ਕੀਤਾ ਜਾਵੇ। ਪਾਵਰਕਾਮ ਦੀ ਸਬ-ਡਵੀਜ਼ਨ ਕਾਹਨੂੰਵਾਨ ਨਾਲ ਸੰਬੰਧਿਤ ਕਰਮਚਾਰੀ ਦਲ ਦੀ ਮੀਟਿੰਗ ਪ੍ਰਧਾਨ ਡਵੀਜ਼ਨ ਕਾਦੀਆਂ ਦੇ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਕਰਮਚਾਰੀ ਦਲ ਵੱਲੋਂ ਕਿਹਾ ਗਿਆ ਕਿ ਮੈਨੇਜਮੈਂਟ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਜਿਸ ਕਾਰਨ ਸਬ ਡਵੀਜ਼ਨ ਕਾਹਨੂੰਵਾਨ ਤੋਂ ਇਲਾਵਾ ਪੰਜਾਬ ਦੀਆਂ ਸਾਰੀਆਂ ਸਬ ਡਿਵੀਜ਼ਨਾਂ ਦੇ ਮੁਲਾਜ਼ਮ 11 ਤੋਂ 13 ਤਰੀਕ ਤੱਕ ਛੁੱਟੀ 'ਤੇ ਚਲੇ ਗਏ ਹਨ । ਜੇਕਰ ਮੈਨੇਜਮੈਂਟ ਮੁਲਾਜ਼ਮਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਮੁਲਾਜ਼ਮਾਂ ਦੀ ਛੁੱਟੀ ਹੋਰ ਅੱਗੇ ਵੱਧ ਸਕਦੀ ਹੈ ਜਿਸ ਕਾਰਨ ਪਾਵਰਕਾਮ ਦੇ ਕੰਮ ਕਾਰ ਵਿੱਚ ਕੋਈ ਵਿਘਨ ਪੈਂਦਾ ਹੈ ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਮੈਨੇਜਮੈਂਟ ਦੀ ਹੋਵੇਗੀ।ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮੈਨੇਜਮੈਂਟ



ਤੁਰੰਤ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ 15 ਅਗਸਤ ਵਾਲੇ ਦਿਨ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਝੰਡਾ ਲਹਿਰਾਉਣ ਆਏ ਮੰਤਰੀਆਂ ਦਾ ਕਾਲੇ ਝੰਡਿਆਂ ਨਾਲ ਰੋਸ ਵਿਖਾਵਾ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਸੰਘਰਸ਼ ਤੋਂ ਬਾਹਰ ਰਹਿ ਰਹੀਆਂ ਜੱਥੇਬੰਦੀਆਂ ਅਤੇ ਕਰਮਚਾਰੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਵੀ ਇਸ ਸੰਘਰਸ਼ ਵਿੱਚ ਸ਼ਾਮਲ ਹੋਣ। ਇਸ ਮੌਕੇ ਸੁਰਿੰਦਰ ਸਿੰਘ ਗਿੱਲ, ਪ੍ਰੇਮ ਕੁਮਾਰ, ਮੁਕੇਸ਼ ਕੁਮਾਰ, ਹਰੀਸ਼ ਕੁਮਾਰ, ਤ੍ਰਿਪਤ ਸਿੰਘ ਚਾਹਲ, ਨਛੱਤਰ ਸਿੰਘ ਲਾਈਨਮੈਨ ਆਦਿ ਹਾਜ਼ਰ ਸਨ।

# ਸਿਹਤ ਸੰਭਾਲ, ਸਿੱਖਿਆ, ਬਿਜਲੀ, ਪਾਣੀ ਤੇ ਬੁਨਿਆਦੀ ਢਾਂਚੇ ਦੀ ਬਿਹਤਰੀ ਸਾਡੀ ਪ੍ਰਮੁੱਖ ਤਰਜੀਹ:ਸ਼ੈਰੀ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਉਦਯੋਗਿਕ ਖੇਤਰ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ ਅਤੇ ਉਦਯੋਗਪਤੀਆਂ ਤੋਂ ਪ੍ਰਾਪਤ ਫੀਡਬੈਕ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੋਰ ਤੇਜ਼ ਕਰਨ ਦੇ ਉਦੇਸ਼ ਨਾਲ ਨੀਤੀਆਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਉਦਯੋਗਿਕ ਵਿਕਾਸ ਰੁਕ ਗਿਆ ਸੀ ਪਰ ਮੌਜੂਦਾ ਸਰਕਾਰ ਉਦਯੋਗਿਕ ਖੇਤਰ ਦੀ ਬਿਹਤਰੀ ਲਈ ਲਗਾਤਾਰ ਯਤਨਸ਼ੀਲ ਹੈ।ਵਿਧਾਇਕ ਸ਼ੈਰੀ ਕਲਸੀ ਨੇ ਉਦਯੋਗਪਤੀਆਂ ਦੀ ਸਖਤ ਮਿਹਨਤ, ਦ੍ਰਿੜ੍ਹਤਾ ਅਤੇ ਸਮਰਪਣ ਭਾਵਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਨੂੰ ਵਿਕਾਸ ਦੀ ਰਾਹ ਤੇ ਲਿਜਾਣ ਲਈ ਸਨਅਤਕਾਰਾਂ ਦੀ ਫੀਡਬੈਕ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਪਿਛਾਂਹ-ਖਿੱਚੂ ਨੀਤੀਆਂ ਨਾਲ ਉਦਯੋਗ ਪੰਜਾਬ ਤੋਂ ਪਲਾਇਨ ਕਰ ਗਏ ਸਨ।ਉਦੋਂ ਵਿਕਾਸ ਨੂੰ ਸੁਚਾਰੂ ਬਣਾਉਣ ਦੀ ਬਜਾਏ ਸਨਅਤਾਂ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਕੀਤੀਆਂ ਗਈਆਂ ਸਨ।ਸਿਹਤ ਸੰਭਾਲ, ਸਿੱਖਿਆ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚੇ ਵਰਗੇ ਅਹਿਮ ਖੇਤਰਾਂ ਨੂੰ ਕੌਮੀ ਪੱਧਰ 'ਤੇ ਲਿਆਉਣ ਦਾ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਸਿਹਰਾ ਦਿੱਤਾ।ਉਨ੍ਹਾਂ ਕਿਹਾ ਕਿ ਇਹ ਪੰਜ ਖੇਤਰ ਸਾਡੀਆਂ ਪ੍ਰਮੁੱਖ ਤਰਜੀਹਾਂ ਹਨ ਅਤੇ ਅਸੀਂ ਇਨ੍ਹਾਂ ਖੇਤਰਾਂ ਨੂੰ ਮਜਬੂਤ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਹਾਂ।ਉਨ੍ਹਾਂ ਕਿਹਾ ਕਿ ਇਹ ਤਾਲਮੇਲ ਸਾਡੇ ਰਾਜ ਅਤੇ ਇਸ ਦੇ ਲੋਕਾਂ ਲਈ ਕਾਫੀ ਲਾਭਦਾਇਕ ਹੋਵੇਗਾ।ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ ਸੰਭਾਲ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਸਾਡੀ ਵਿਕਾਸ ਰਣਨੀਤੀ ਦੇ ਮੁੱਖ ਥੰਮ੍ਹ ਹਨ।

# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਸਕੂਲ ਵੱਲੋਂ ਜ਼ਿਲ੍ਹਾ ਪੱਧਰੀ ਕਲਾ ਉਤਸਵ 'ਚ ਸ਼ਾਨਦਾਰ ਪ੍ਰਦਰਸ਼ਨ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਸਮੱਗਰਾ ਸਿੱਖਿਆ ਅਧੀਨ ਕਰਵਾਏ ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲਿਆਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਵੱਖ-ਵੱਖ ਅੱਠ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਇਨ੍ਹਾਂ ਮੁਕਾਬਲਿਆ ਵਿੱਚ ਰੋਲ ਪਲੇਅ ਗਤੀਵਿਧੀ ਵਿੱਚ ਦਮਨਪ੍ਰੀਤ ਸਿੰਘ, ਅਨੀਕੇਤ, ਸਰਤਾਜਬੀਰ ਸਿੰਘ ਅਤੇ ਜੁਗਰਾਜ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਵਿਜ਼ੂਅਲ ਆਰਟ-2ਡੀ ਮੁਕਾਬਲੇ ਵਿੱਚ ਮਨਪ੍ਰੀਤ ਸਿੰਘ ਨੇ ਤੀਸਰਾ ਸਥਾਨ, ਵਿਜ਼ੂਅਲ ਆਰਟ 3ਡੀ ਵਿੱਚ ਦੁਰਮਨਪ੍ਰੀਤ ਕੌਰ ਨੇ ਦੂਸਰਾ ਸਥਾਨ ਅਤੇ ਵਿਜ਼ੂਵਲ ਆਰਟ ਗਰੁੱਪ ਵਿੱਚ ਸੋਨੀਆ ਅਤੇ ਮਨਰੀਤ ਕੌਰ ਨੇ ਦੂਸਰਾ ਸਥਾਨ ਹਾਸਿਲ ਕੀਤਾ। ਇੰਸਟਰੂਮੈਂਟਲ ਮਿਊਜ਼ੀਕਲ ਸੋਲੋ ਮੁਕਾਬਲੇ ਵਿੱਚ ਵਿਦਿਆਰਥੀ ਨਵਜੋਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਪ੍ਰਿੰ. ਡਾ. ਗਗਨਜੀਤ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਵਿਸ਼ਾਲ ਮੋਟਰਸਾਈਕਲ ਮਾਰਚ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ੍ਰੀਹਰਗੋਬਿੰਦਪੁਰ ਤੇ ਕਾਦੀਆਂ ਵੱਲੋਂ ਵਿਸ਼ਾਲ ਮੋਟਰਸਾਈਕਲ ਮਾਰਚ ਕੱਢਿਆ ਗਿਆ। ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ ਜ਼ਿਲ੍ਹਾ ਖਜਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਮਾਸਟਰ ਜਗੀਰ ਸਿੰਘ ਅਤੇਪੁਰ ਦੀ ਅਗਵਾਈ ਵਿਚ ਪਿੰਡ ਮਠੋਲਾ ਤੋਂ ਸ਼ੁਰੂ ਹੋਇਆ ਇਹ ਕਿਸਾਨ ਚੇਤਨਾ ਮਾਰਚ ਪਿੰਡ ਭਰਥ, ਨੰਗਲ ਝੌਰ, ਢਪੱਈ, ਬਸਰਾਵਾਂ, ਕਾਦੀਆਂ, ਕਾਹਲਵਾਂ, ਨੱਤ, ਮੋਕਲ, ਕੰਡੀਲਾ, ਬੋਪਾਰਾਏ, ਕਾਜਮਪੁਰ ਤੋਂ ਹੁੰਦਾ ਹੋਇਆ ਅੱਡਾ ਉਧਨਵਾਲ ਵਿਖੇ ਸਮਾਪਤ ਹੋਇਆ। ਮਾਰਚ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਮਠੋਲਾ, ਕੁਲਵਿੰਦਰ ਸਿੰਘ ਬਸਰਾਵਾਂ, ਮਹਿੰਦਰ ਸਿੰਘ ਚੀਮਾ ਖੁੱਡੀ, ਅਮਰਜੀਤ ਸਿੰਘ ਅਤੇਪੁਰ ਹਰਜੀਤ ਸਿੰਘ ਮਠੋਲਾ, ਡਾ. ਸਤਨਾਮ ਸਿੰਘ ਅਤੇਪੁਰ ਨੇ ਕਿਹਾ ਕਿ ਮਾਰਚ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ ਅਤੇ ਪਾਵਰਕਾਮ ਦੇ ਨਿੱਜੀਕਰਨ ਤਹਿਤ ਸਮਾਰਟ ਮੀਟਰ ਲਗਾਉਣ ਦੇ ਖਿਲਾਫ ਕਿਸਾਨਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਕੀਤਾ ਜਾ ਰਿਹਾ ਹੈ। ਪ੍ਰੈੱਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਸੀ ਦੇ ਖਿਲਾਫ 20 ਅਗਸਤ ਨੂੰ ਕੁੱਕੜ ਪਿੰਡ (ਜਲੰਧਰ) ਵਿਚ ਵਿਸ਼ਾਲ ਰੈਲੀ ਕੀਤੀ ਜਾ ਰਹੀ



ਹੈ। ਇਸ ਮੌਕੇ ਸਰਦੂਲ ਸਿੰਘ ਚੀਮਾ ਖੁੱਡੀ, ਸਤਨਾਮ ਸਿੰਘ ਨੰਗਲ ਝੌਰ, ਕਸ਼ਮੀਰ ਸਿੰਘ ਨੰਗਲ ਝੌਰ, ਦਵਿੰਦਰ ਸਿੰਘ ਢਪੱਈ, ਰਘਵਿੰਦਰ ਸਿੰਘ ਬਸਰਾਵਾਂ, ਸੁਖਦੇਵ ਸਿੰਘ ਭਗਤਪੁਰਾ, ਜਰਨੈਲ ਸਿੰਘ ਭਰਥ, ਪਿੰਦਰ ਸਿੰਘ ਚੀਮਾ ਖੁੱਡੀ, ਗੁਰਨਾਮ ਸਿੰਘ ਚੀਮਾ ਖੁੱਡੀ ਆਦਿ ਹਾਜ਼ਰ ਸਨ।

# ਸਹਿਕਾਰੀ ਖੰਡ ਮਿੱਲਾਂ ਨੂੰ ਅਪਗਰੇਡ ਕਰਕੇ ਪੰਜਾਬ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਨੂੰ ਵੱਡੀ ਰਾਹਤ ਦਿੱਤੀ : ਸੇਖਵਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਗੰਨਾ ਕਾਸ਼ਤਕਾਰਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਪੰਜਾਬ ਸਰਕਾਰ ਨੇ ਬਟਾਲਾ ਤੇ ਗੁਰਦਾਸਪੁਰ ਦੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਅਪਗਰੇਡ ਕਰਕੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ



ਚੱਕਰ ਵਿਚੋਂ ਕੱਢ ਕੇ ਗੰਨੇ ਦੀ ਕਾਸ਼ਤ ਹੇਠ ਰਕਬੇ ਨੂੰ ਵਧਾਇਆ ਹੈ। ਗੰਨੇ ਦੀ ਕਾਸ਼ਤ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਵਿੱਚ ਅਹਿਮ ਰੋਲ ਅਦਾ ਕਰ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਸੀਨੀਅਰ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 330 ਕਰੋੜ ਰੁਪਏ ਖਰਚ ਕਰਕੇ ਸਹਿਕਾਰੀ ਖੰਡ ਮਿੱਲ ਬਟਾਲਾ ਦੀ ਸਮਰੱਥਾ ਹੁਣ 3500 ਟੀਸੀਡੀ ਕਰ ਦਿੱਤੀ ਗਈ ਹੈ ਅਤੇ ਇਸ ਵਿੱਚ 14 ਮੈਗਾਵਾਟ ਦਾ ਕੋ-ਜੈਨਰੇਸ਼ਨ ਪਲਾਂਟ ਵੀ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸੀਜ਼ਨ ਦੌਰਾਨ ਬਟਾਲਾ ਮਿੱਲ ਵਿੱਚ ਰਿਫਾਇੰਡ ਖੰਡ ਦਾ ਉਤਪਾਦਨ ਸ਼ੁਰੂ ਹੋ ਗਿਆ ਹੈ। ਅਜਿਹਾ ਕਰਨ ਵਾਲੀ ਇਹ ਸੂਬੇ ਦੀ ਪਹਿਲੀ ਸਹਿਕਾਰੀ ਖੰਡ ਮਿੱਲ ਬਣ ਗਈ ਹੈ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਏਸੇ ਤਰ੍ਹਾਂ ਹੀ ਪੰਜਾਬ ਸਰਕਾਰ ਵੱਲੋਂ ਸਹਿਕਾਰੀ ਖੰਡ ਮਿੱਲ ਪਨਿਆੜ ਵਿਖੇ 402 ਕਰੋੜ ਰੁਪਏ ਦੀ ਲਾਗਤ ਨਾਲ ਸ਼ੂਗਰ ਮਿੱਲ ਦੀ ਸਮਰੱਥਾ ਨੂੰ ਵਧਾਉਣ ਦੇ ਨਾਲ ਕੋ-ਜਨਰੇਸ਼ਨ ਪਲਾਂਟ ਲਗਾਇਆ ਜਾ ਰਿਹਾ ਹੈ ਜੋ ਬਹੁਤ ਜਲਦੀ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪਲਾਂਟ ਦੇ ਸ਼ੁਰੂ ਹੋਣ ਨਾਲ ਸ਼ੂਗਰ ਮਿੱਲ ਪੂਰੀ ਤਰ੍ਹਾਂ ਪਾਵਰ ਸਰਪਲੱਸ ਹੋ ਜਾਵੇਗੀ।

# ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਨੇ ਖੇਡਾਂ 'ਚ ਮਾਰੀਆਂ ਮੱਲਾਂ



ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋ ਲੇਹਲ ਖਜਾਲਾ ਨੇ ਜ਼ੋਨ ਤੋਂ ਤਰਸਿੱਕਾ ਵਿਖੇ ਕਰਵਾਈਆਂ ਗਈਆਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਵਧੀਆ ਪੁਜ਼ੀਸ਼ਨਾਂ ਹਾਸਿਲ ਕੀਤੀਆਂ। ਖੋ-ਖੋ ਲੜਕੇ ਅਤੇ ਲੜਕੀਆਂ ਨੇ ਪਹਿਲਾ ਸਥਾਨ, ਬੈਡਮਿੰਟਨ ਲੜਕੇ ਲੜਕੀਆਂ ਤੀਜਾ ਸਥਾਨ ਅਤੇ ਵਾਲੀਬਾਲ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ। ਇਨ੍ਹਾਂ ਗੇਮਾਂ ਵਿੱਚ ਵਧੀਆ ਪ੍ਰਦਰਸ਼ਨ ਕਰਨਾ ਵਾਲੇ ਬੱਚਿਆਂ ਨੂੰ ਜ਼ਿਲਾ ਪੱਧਰੀ ਖੇਡਾਂ ਲਈ ਚੁਣਿਆ ਗਿਆ ਹੈ। ਇਹ ਜਾਣਕਾਰੀ ਸਕੂਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰਸੀਪਲ ਬਲਵਿੰਦਰ ਕੌਰ ਨੇ ਸਾਂਝੀ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਵਧੀਆ ਪ੍ਰਦਰਸ਼ਨ ਕਰਨ 'ਤੇ ਵਧਾਈ ਦਿੱਤੀ ਅਤੇ ਹੋਰ ਮਿਹਨਤ ਨਾਲ ਜ਼ਿਲੇ ਵਿੱਚੋਂ ਪੁਜ਼ੀਸ਼ਨਾਂ ਹਾਸਲ ਕਰਨ ਲਈ ਪ੍ਰੇਰਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਕਿਰਨ ਬਾਲਾ, ਡੀਪੀ ਰਾਜਨ ਕੁਮਾਰ ਅਤੇ ਰਮਨਪ੍ਰੀਤ ਕੌਰ ਹਾਜ਼ਰ ਸਨ।

# ਜ਼ੋਨਲ ਪੱਧਰੀ ਸਕੂਲ ਐਥਲੈਟਿਕਸ ਖੇਡਾਂ 'ਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਵਿਦਿਆਰਥੀ ਛਾਏ

ਮਜੀਠਾ (ਸੋਇਮ ਆਨੰਦ)-ਪੰਜਾਬ ਸਕੂਲ ਸਿਖਿਆ ਵਿਭਾਗ ਵਲੋ ਜੋਨਲ ਪੱਧਰੀ ਸਕੂਲੀ ਵਿਦਿਆਰਥੀਆਂ ਦੀ ਐਥਲੈਟਿਕਸ ਖੇਡਾਂ ਕਰਵਾਈਆਂ ਗਈਆਂ। ਮਜੀਠਾ ਜ਼ੋਨਲ ਪੱਧਰੀ ਖੇਡਾ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਵਿਖੇ ਕਰਾਈਆਂ ਗਈਆਂ ਜਿਸ ਵਿਚ ਖੇਡਾਂ ਦਾ ਚੰਗਾ ਪ੍ਰਦਰਸ਼ਨ ਕਰਦਿਆਂ ਮੇਜ਼ਬਾਨ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਦੇ ਵਿਦਿਆਰਥੀਆਂ ਨੇ ਵੱਖ-ਵੱਖ ਈਵੈਂਟਸ ਵਿਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੋਰ ਥਿੰਦ ਅਤੇ ਪੀਟੀਆਈ ਅਧਿਆਪਕ ਸੁਖਜੀਤ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸਕੂਲ ਦੇ ਵਿਦਿਆਰਥਣ ਗੁਰਅਸੀਸ ਕੌਰ ਨੇ 800 ਮੀਟਰ ਅਤੇ 1500 ਮੀਟਰ ਦੌੜ ਵਿਚ ਪਹਿਲਾ ਸਥਾਨ, ਮੰਨਤਪ੍ਰੀਤ ਕੌਰ ਨੇ ਸ਼ਾਟਪੁੱਟ ਅਤੇ ਡਿਸਕਸ ਥਰੋ ਵਿਚ ਪਹਿਲਾ ਸਥਾਨ, ਹਰਗੁਨਪ੍ਰੀਤ ਕੌਰ ਨੇ 400 ਮੀਟਰ ਦੌੜ ਵਿੱਚ ਪਹਿਲਾ ਸਥਾਨ, ਸਮਰਿਧੀ ਨੇ 3000 ਮੀਟਰ ਦੌੜ ਵਿੱਚ ਪਹਿਲਾ ਸਥਾਨ ਅਤੇ 200 ਮੀਟਰ ਦੌੜ ਵਿੱਚ ਤੀਸਰਾ ਸਥਾਨ, ਨਵਪ੍ਰੀਤ ਸਿੰਘ ਨੇ ਲੰਬੀ ਛਾਲ, ਟਿੰਪਲ ਜੰਪ ਅਤੇ 400 ਮੀਟਰ ਰਿਲੇਅ ਦੌੜ ਵਿੱਚ ਪਹਿਲਾ ਸਥਾਨ, ਮਹਿਕਪ੍ਰੀਤ ਸਿੰਘ ਨੇ 400 ਮੀਟਰ ਦੌੜ ਵਿਚ ਪਹਿਲਾ ਸਥਾਨ, 200 ਮੀਟਰ ਵਿੱਚ ਦੂਸਰਾ ਸਥਾਨ ਅਤੇ 400 ਮੀਟਰ ਰਿਲੇਅ ਦੌੜ ਵਿੱਚ ਪਹਿਲਾ ਸਥਾਨ, ਸਾਹਿਬਜੀਤ ਸਿੰਘ ਨੇ 600 ਮੀਟਰ ਦੌੜ ਤੇ 400 ਮੀਟਰ ਦੌੜ ਵਿੱਚ ਪਹਿਲਾ ਸਥਾਨ ਅਤੇ 400 ਮੀਟਰ ਰਿਲੇਅ ਰੇਸ ਵਿੱਚ ਦੂਸਰਾ ਸਥਾਨ, ਯੁਵਰਾਜ ਸਿੰਘ ਨੇ ਅੰਡਰ 17 ਵਰਗ 100 ਮੀਟਰ ਦੌੜ ਵਿੱਚ ਤੀਸਰਾ ਸਥਾਨ ਅਤੇ 400 ਮੀਟਰ ਰਿਲੇਅ ਰੇਸ ਵਿੱਚ ਪਹਿਲਾ ਸਥਾਨ, ਚਰਨਜੋਤ ਸਿੰਘ ਨੇ 400 ਮੀਟਰ ਦੌੜ ਵਿੱਚ ਦੂਸਰਾ ਸਥਾਨ,



400 ਮੀਟਰ ਰਿਲੇਅ ਰੇਸ ਵਿੱਚ ਦੂਸਰਾ ਸਥਾਨ, ਅਰਮਾਨਪ੍ਰੀਤ ਸਿੰਘ ਅੰਡਰ 14 ਵਰਗ 400 ਮੀਟਰ ਰਿਲੇਅ ਰੇਸ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰ. ਅਮਨਦੀਪ ਕੌਰ ਥਿੰਦ ਨੇ ਗੱਲਬਾਤ ਦੌਰਾਨ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਇਨ੍ਹਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਗਿਆ ਹੈ। ਸਕੂਲ ਮੈਨੇਜਮੇਂਟ ਅਤੇ ਅਧਿਆਪਕਾਂ ਵੱਲੋਂ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਅਤੇ ਹੌਸਲਾ ਅਫਜ਼ਾਈ ਕੀਤੀ ਗਈ।

# ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ

## * ਪ੍ਰਮੁੱਖ ਧਾਰਮਿਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ

ਝਬਾਲ, (ਹਰਜਿੰਦਰ ਸਿੰਘ ਸੋਨੀ)-ਗੁਰਦੁਆਰਾ ਪੁਰਾਤਨ ਸ਼ਹੀਦ ਸਿੰਘਾਂ ਪਿੰਡ ਪੰਜਵੜ ਵਿਖੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਗਿਆ।ਗੁਰਦੁਆਰਾ ਕਮੇਟੀ, ਬਾਬਾ ਨਿਰੰਜਣ ਸਿੰਘ ਪੰਜਵੜ ਵਾਲੇ ਅਤੇ ਨਗਰ ਪੰਜਵੜ ਤੇ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਮਨਾਏ ਗਏ ਸਲਾਨਾ ਜੋੜ ਮੇਲੇ ਮੌਕੇ ਰਖਾਏ ਗਏ 122 ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਥਿਆਂ ਵੱਲੋਂ ਗੁਰ ਇਤਿਹਾਸ ਅਤੇ ਸ਼ਹੀਦ ਸਿੰਘਾਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਜਦਕਿ ਸਿੰਘ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਗਿਆਨੀ ਰਘਬੀਰ ਸਿੰਘ ਮੁੱਖ ਗ੍ਰੰਥੀ ਸਹਿਬਾਨ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਨਿਸ਼ਾਨ ਸਿੰਘ ਮੁੱਖ ਗ੍ਰੰਥੀ ਸਹਿਬਾਨ ਬੀੜ ਸਾਹਿਬ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਕਸ਼ਮੀਰ ਸਿੰਘ, ਬਾਬਾ ਲਖਬੀਰ ਸਿੰਘ ਭੂਰੀ ਵਾਲੇ, ਬਾਬਾ ਮਨਜੀਤ ਸਿੰਘ ਦਿੱਲੀ ਵਾਲੇ, ਬਾਬਾ ਬਾਜ ਸਿੰਘ ਗੱਗੂਬੂਹਾ, ਬਾਬਾ ਮੌਜੀ ਦਾਸ ਮਾੜੀ ਕੰਬੋਕੀ, ਬਾਬਾ ਸੱਜਣ ਸਿੰਘ ਬੇਰ ਸਾਹਿਬ, ਬਾਬਾ ਵੀਰ ਸਿੰਘ ਜਿਊਬਾਲਾ, ਬਾਬਾ ਰਜਿੰਦਰਪਾਲ ਸਿੰਘ ਮਾਲੂਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਭਾਈ ਸ਼ਮਸ਼ੇਰ ਸਿੰਘ ਵਿਦਿਆਰਥੀ ਦਮਦਮੀ ਟਕਸਾਲ ਭੋਜੀਆਂ, ਧਰਮ ਪ੍ਰਚਾਰ ਕਮੇਟੀ ਸਕੱਤਰ ਭਾਈ ਬਿਜੈ ਸਿੰਘ, ਭਾਈ ਲਖਵਿੰਦਰ ਸਿੰਘ ਤੋਂ ਇਲਾਵਾ ਹਲਕਾ



ਇੰਚਾਰਜ ਹਰਮੀਤ ਸਿੰਘ ਸੰਧੂ, ਕਾਂਗਰਸੀ ਰਾਣਾ ਗੁਰਜੀਤ ਸਿੰਘ, ਲਖਬੀਰ ਸਿੰਘ ਬੁਰਜ ਆਦਿ ਪੁੱਜੀਆਂ ਧਾਰਮਿਕ ਤੇ ਰਾਜਸੀ ਸ਼ਖ਼ਸੀਅਤਾਂ ਨੂੰ ਗੁਰਦੁਆਰਾ ਕਮੇਟੀ ਤੇ ਸਰਪੰਚ ਮਨਜੀਤ ਸਿੰਘ ਮੰਨਾ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਲੋਈਆਂ ਦੇ ਕੇ ਸਨਮਾਨਿਤ ਕੀਤਾ ਗਿਆ।ਸ਼ਾਮ ਵੇਲੇ ਬਾਬਾ ਬਿਧੀ ਚੰਦ ਕਬੱਡੀ ਕਲੱਬ ਫਰੰਦੀਪੁਰ ਅਤੇ ਬਾਬਾ ਦਇਆ ਸਿੰਘ ਸੁਰਸਿੰਘ ਕਬੱਡੀ ਕਲੱਬ ਵਿਚਾਲੇ ਕਰਵਾਏ ਗਏ ਪ੍ਰਦਰਸ਼ਨੀ ਮੈਚ ਵਿੱਚ ਜੇਤੂ ਟੀਮ ਨੂੰ ਪ੍ਰਬੰਧਕਾਂ ਵੱਲੋਂ ਦਿਲਕਸ਼ ਨਗਦ ਇਨਾਮ ਦੇ ਕੇ ਨਿਵਾਜਿਆ ਗਿਆ।

# ਹਲਕਾ ਮਜੀਠਾ ਦੇ ਪਿੰਡਾਂ 'ਚ ਵਿਕਾਸ ਦੇ ਕੰਮਾਂ ਲਈ ਗ੍ਰਾਂਟਾਂ ਦੀ ਕਮੀ ਨਹੀਂ ਆਵੇਗੀ : ਤਲਬੀਰ ਗਿੱਲ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਦੇ ਹਰੇਕ ਵਰਗ ਦੇ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਤੇ ਲੋਕ ਹਿੱਤ ਕਈ ਅਹਿਮ ਫੈਸਲੇ ਲਏ ਗਏ ਹਨ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਆਪਣੇ ਦਫਤਰ ਵਿੱਚ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਦੇ ਪਿੰਡਾਂ ਦੇ ਵਿਕਾਸ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਹਲਕੇ ਦੇ ਵਿਕਾਸ ਲਈ ਇਕ ਖਾਕਾ ਤਿਆਰ ਕਰ ਲਿਆ ਗਿਆ ਜਿਸ 'ਤੇ ਛੇਤੀ ਕੰਮ ਸ਼ੁਰੂ ਕਰਵਾ ਦਿੱਤਾ ਜਾਏਗਾ।

ਉਨ੍ਹਾਂ ਕਿਹਾ ਕੇ ਹਲਕਾ ਮਜੀਠਾ ਦੀਆਂ ਲਿੰਕ ਸੜਕਾਂ ਦੇ ਨਿਰਮਾਣ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਤੇ ਜਲਦ ਹੀ ਇਨ੍ਹਾਂ ਦੇ ਨਿਰਮਾਣ ਕਾਰਜ ਸ਼ੁਰੂ ਹੋ ਜਾਣਗੇ। ਇਸ ਮੌਕੇ ਸਿੱਖਿਆ ਕੋਆਰਡੀਨੇਟਰ ਸਰਪੰਚ ਪਰਮਿੰਦਰ ਸਿੰਘ ਉੱਪਲ, ਤਰਸੇਮ ਸਿੰਘ ਗਾਰਡ ਮੱਤੇਵਾਲ, ਸਤਨਾਮ ਸਿੰਘ ਮੱਤੇਵਾਲ, ਸਾਬਕਾ ਸਰਪੰਚ ਪਲਵਿੰਦਰ ਸਿੰਘ ਸਿਆਲਕਾ, ਮੇਜਰ ਸਿੰਘ ਸਿਆਲਕਾ, ਸੁਲੱਖਣ ਸਿੰਘ ਬੱਬਰ, ਗੁਰਬੀਰ ਸਿੰਘ ਮੱਤੇਵਾਲ, ਸ਼ਿਵਰਾਜ ਸਿੰਘ ਭੀਲੋਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਆਜ਼ਾਦੀ ਦਿਹਾੜੇ ਮੌਕੇ ਗੁਰਦਾਸਪੁਰ 'ਚ ਹਰਦੀਪ ਸਿੰਘ ਮੁੰਡੀਆਂ ਲਹਿਰਾਉਣਗੇ ਕੌਮੀ ਝੰਡਾ

## * ਡਿਪਟੀ ਕਮਿਸ਼ਨਰ ਨੇ ਆਜ਼ਾਦੀ ਸਮਾਗਮ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ 15 ਅਗਸਤ ਨੂੰ ਮਨਾਏ ਜਾ ਰਹੇ ਕੌਮੀ ਆਜ਼ਾਦੀ ਦਿਹਾੜੇ ਸਬੰਧੀ ਤਿਆਰੀਆਂ ਨੂੰ ਸਮਾਂ ਰਹਿੰਦੇ ਮੁਕੰਮਲ ਕਰ ਲੈਣ ਤਾਂ ਜੋ ਆਜ਼ਾਦੀ ਸਮਾਗਮ ਦਾ ਜ਼ਿਲ੍ਹਾ ਪੱਧਰੀ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਸਕੇ। ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਆਜ਼ਾਦੀ ਦਿਹਾੜੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਬੰਧੀ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਉਪਰੰਤ ਪੰਜਾਬ ਪੁਲਸ ਦੇ ਜਵਾਨਾਂ, ਮਹਿਲਾ ਪਲਾਟੂਨ, ਪੰਜਾਬ ਹੋਮ ਗਾਰਡ, ਐੱਨਸੀਸੀ ਕੈਡਿਟ ਅਤੇ ਵੱਖ-ਵੱਖ ਸਕੂਲਾਂ ਦੀਆਂ ਪਰੇਡ ਅਤੇ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸਭਿਆਚਾਰ ਦੀ ਤਰਜਮਾਨੀ ਕਰਦਾ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਹਾੜੇ ਮੌਕੇ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ, ਵੀਰ ਨਾਰੀਆਂ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ



ਕਰਦਿਆਂ ਕਿਹਾ ਕਿ ਹਰ ਵਿਭਾਗ ਆਪਣੀਆਂ ਤਿਆਰੀਆਂ ਨੂੰ ਸਮਾਂ ਰਹਿੰਦਿਆਂ ਪੂਰੀਆਂ ਕਰ ਲਵੇ। ਮੀਟਿੰਗ ਦੌਰਾਨ ਉਨ੍ਹਾਂ ਆਜ਼ਾਦੀ ਸਮਾਗਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਰੀਵਿਊ ਵੀ ਕੀਤਾ।

ਇਸ ਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਸੱਦਾ ਦਿੱਤਾ ਕਿ ਉਹ 15 ਅਗਸਤ ਨੂੰ ਗੁਰਦਾਸਪੁਰ ਵਿਖੇ ਹੋ ਰਹੇ ਆਜ਼ਾਦੀ ਸਮਾਗਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ। ਇਸ ਤੋਂ ਪਹਿਲਾਂ ਸਵੇਰੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਸਥਾਨਕ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਆਜ਼ਾਦੀ ਦਿਹਾੜੇ ਸਬੰਧੀ ਕਰਵਾਈ ਗਈ ਰਿਹਰਸਲ ਦਾ ਨਿਰੀਖਣ ਕੀਤਾ ਗਿਆ। ਰਿਹਰਸਲ ਦੌਰਾਨ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਮਹਿਲਾ ਪਲਾਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ (ਲੜਕੇ ਤੇ ਲੜਕੀਆਂ) ਅਤੇ ਪੰਜਾਬ ਪੁਲਸ ਬੈਂਡ ਦੀਆਂ ਪਲਟੂਨਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਇਸ ਉਪਰੰਤ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਲਬਰੇਜ਼ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।

ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਆਦਿੱਤਯ ਗੁਪਤਾ, ਐੱਸਡੀਐੱਮ. ਮਨਜੀਤ ਸਿੰਘ ਰਾਜਲਾ, ਗੁਰਮੰਦਰ ਸਿੰਘ, ਸਰਕਾਰੀ ਕਾਲਜ ਗੁਰਦਾਸਪੁਰ ਦੇ ਪ੍ਰਿੰਸੀਪਲ ਡਾ. ਅਸ਼ਵਨੀ ਭੱਲਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਕਿਰਤਮੀਤ ਕੌਰ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ, ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ, ਡੀਐੱਫਐੱਸਸੀ ਸੁਖਜਿੰਦਰ ਸਿੰਘ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪ੍ਰਸ਼ੋਤਮ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਰਾਜੇਸ਼ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਅਸ) ਪਰਮਜੀਤ ਕੌਰ, ਡਿਪਟੀ ਡੀਈਓ ਡਾ. ਅਨਿਲ ਸ਼ਰਮਾ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਮੈਡਮ ਅਨੀਤਾ, ਹੈੱਡਮਾਸਟਰ ਇਕਬਾਲ ਸਮਰਾ, ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਮੁਕੇਸ਼ ਕੁਮਾਰ, ਪ੍ਰਦੀਪ ਅਰੋੜਾ, ਐੱਸਡੀਓ ਲੋਕ ਨਿਰਮਾਣ ਵਿਭਾਗ (ਇਲੈਕਟਰੀਕਲ ਵਿੰਗ) ਪ੍ਰਵੀਨ ਕੁਮਾਰ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਰਾਜੀਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਹਰਪ੍ਰੀਤ ਸਿੰਘ ਗੋਰਕੀ



ਗੁਰ ਅਗਮ ਸਿੰਘ
ਆਸਟ੍ਰੇਲੀਆ

# ਜੇ ਟੀ ਪੀ ਐੱਲ ਨਿਵਾਸੀਆਂ ਨੇ ਪ੍ਰਸ਼ਾਸਨ ਖਿਲਾਫ ਲਾਂਡਰਾਂ-ਖਰੜ ਹਾਈਵੇਅ ਕੀਤਾ ਜਾਮ

**ਖਰੜ, (ਹਰਨਾਮ ਸਿੰਘ ਡੱਲਾ)**

ਸੈਕਟਰ 115 ਦੇ ਜੇ ਟੀ ਪੀ ਐਲ ਨਿਵਾਸੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਲਾਂਡਰਾਂ-ਖਰੜ ਹਾਈਵੇਅ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ। ਸੜਕਾਂ, ਸੀਵਰੇਜ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਨਾਲ ਪੈਦਾ ਹੋ ਰਹੀਆਂ ਸਮੱਸਿਆਵਾਂ ਕਾਰਨ ਨਾਰਾਜ ਲੋਕਾਂ ਨੇ ਖਰੜ ਨਗਰ ਕੌਂਸਲ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ। ਜੇਟੀਪੀਐਲ ਰੈਜੀਡੈਂਟ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਸੰਭਵ ਨਈਅਰ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਨਗਰ ਕੌਂਸਲ ਖਰੜ ਵੱਲੋਂ ਸੀਵਰੇਜ ਪਲਾਂਟ ਦਾ ਕੰਮ ਚੱਲ ਰਿਹਾ ਹੈ। ਇਸ ਦੌਰਾਨ ਸੁਸਾਇਟੀ ਦੀਆਂ ਸੜਕਾਂ ਪੁੱਟ ਕੇ ਪਾਈਪਾਂ ਵਿਛਾਈਆਂ ਗਈਆਂ ਪਰ ਉਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਗਈ। ਬਰਸਾਤੀ ਤੇ ਸੀਵਰੇਜ ਪਾਣੀ ਕਾਰਨ ਸੜਕਾਂ ਅਕਸਰ ਪਾਣੀ ਨਾਲ ਭਰ ਜਾਂਦੀਆਂ ਹਨ, ਜੋ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਕਈ ਵਾਰ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵੀ ਟੁੱਟ ਜਾਂਦੀਆਂ ਹਨ, ਜਿਸ ਨਾਲ ਨਿਵਾਸੀਆਂ ਨੂੰ ਕਈ ਦਿਨ ਤੱਕ ਪਾਣੀ ਤੋਂ ਵਾਂਝਾ ਰਹਿਣਾ ਪੈਂਦਾ ਹੈ। ਹਾਲਤ ਇਹ ਹੈ ਕਿ ਜੇਟੀਪੀਐਲ ਸੁਸਾਇਟੀ ਵਿੱਚੋਂ ਸੀਵਰੇਜ ਟਰੀਟਮੈਂਟ ਪਲਾਂਟ ਲੰਘਦਾ ਹੈ, ਪਰ ਸੁਸਾਇਟੀ ਨੂੰ ਇਸ ਦਾ ਕੁਨੈਕਸ਼ਨ ਨਹੀਂ ਦਿੱਤਾ ਗਿਆ, ਜਿਸ ਨਾਲ 900 ਤੋਂ ਵੱਧ ਪਰਵਾਰ ਮੁਸ਼ਕਲਾਂ



ਦਾ ਸਾਹਮਣਾ ਕਰ ਰਹੇ ਹਨ। ਸੋਸਾਇਟੀ ਦੀ ਜਨਰਲ ਸਕੱਤਰ ਸੁਮਨ ਲਤਾ ਨੇ ਕਿਹਾ ਕਿ ਸੁਸਾਇਟੀ ਦਾ ਸਾਰਾ ਪਾਣੀ ਨੇੜਲੇ ਪਿੰਡ ਖੂਨੀ ਮਾਜਰਾ ਦੇ ਟੋਭੇ ਵਿੱਚ ਛੱਡਿਆ ਜਾ ਰਿਹਾ ਹੈ। ਜਦੋਂ ਟੋਭਾ ਭਰ ਜਾਂਦਾ ਜਾਂ ਪਿੰਡ ਵਾਸੀ ਇਸ ਨੂੰ ਬੰਦ ਕਰ ਦੇਂਦੇ ਹਨ, ਤਾਂ ਪਾਣੀ ਮੁੜ ਸੁਸਾਇਟੀ ਵਿੱਚ ਆ ਜਾਂਦਾ ਹੈ। ਬਾਰਿਸ਼ ਨਾ ਹੋਣ 'ਤੇ ਵੀ ਸੁਸਾਇਟੀ ਸੀਵਰੇਜ ਦੇ ਪਾਣੀ ਨਾਲ ਡੁੱਬੀ ਰਹਿੰਦੀ ਹੈ। ਖਰੜ ਡੀ ਐਸ ਪੀ ਦਫਤਰ ਤੋਂ ਪਹੁੰਚੇ ਅਧਿਕਾਰੀ ਵੱਲੋਂ ਇੱਕ ਹਫਤੇ ਦੇ ਅੰਦਰ ਮਸਲੇ ਹੱਲ ਕਰਨ ਦੇ ਭਰੋਸੇ ਅਤੇ 10 ਅਗਸਤ ਨੂੰ ਐਸ ਡੀ ਐਮ ਖਰੜ ਨਾਲ ਮੀਟਿੰਗ ਤੈਅ ਹੋਣ ਤੋਂ ਬਾਅਦ ਜਾਮ ਖੋਲ੍ਹ ਦਿੱਤਾ ਗਿਆ।

# ਹਰਦੀਪ ਸਿੰਘ ਮੁੰਡੀਆਂ ਨੇ 504 ਪਟਵਾਰੀਆਂ ਨੂੰ ਸੌਂਪੇ ਨਿਯੁਕਤੀ ਪੱਤਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਵਾਸੀਆਂ ਨੂੰ ਸਾਫ-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਭਰਤੀ ਕੀਤੇ ਗਏ 504 ਪਟਵਾਰੀਆਂ ਨੂੰ ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਨਿਯੁਕਤੀ ਪੱਤਰ ਸੌਂਪੇ ਗਏ। ਇਥੇ ਮਿਉਂਸੀਪਲ ਭਵਨ ਵਿਖੇ ਨਿਯੁਕਤੀ ਪੱਤਰ ਵੰਡ ਸਮਾਗਮ ਨੂੰ ਸੰਬੋਧਨ ਕਰਦਿਆਂ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ 18 ਮਹੀਨਿਆਂ ਦੀ ਲਾਜ਼ਮੀ ਸਿਖਲਾਈ ਪੂਰੀ ਕਰ ਚੁੱਕੇ ਇਨ੍ਹਾਂ ਪਟਵਾਰੀਆਂ ਨੂੰ ਫੀਲਡ ਵਿੱਚ ਬਤੌਰ ਰੈਗੂਲਰ ਪਟਵਾਰੀ ਤੈਨਾਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਸਾਲ 2023 ਵਿੱਚ ਮਾਲ ਪਟਵਾਰੀਆਂ ਦੀ ਭਰਤੀ ਉਪਰੰਤ ਯੋਗ ਉਮੀਦਵਾਰਾਂ ਨੂੰ ਮੈਰਿਟ ਅਨੁਸਾਰ ਜ਼ਿਲ੍ਹੇ ਅਲਾਟ ਕੀਤੇ ਸਨ। ਨਿਯਮਾਂ ਅਨੁਸਾਰ ਉਮੀਦਵਾਰਾਂ ਨੂੰ ਇੱਕ ਸਾਲ ਦੀ ਟ੍ਰੇਨਿੰਗ ਪਟਵਾਰ ਸਕੂਲ ਵਿਖੇ ਅਤੇ 6 ਮਹੀਨੇ ਦੀ ਫੀਲਡ ਟ੍ਰੇਨਿੰਗ ਦਿੱਤੀ ਗਈ ਉਨ੍ਹਾਂ ਦੱਸਿਆ ਕਿ ਇੱਕ ਸਾਲ ਦੀ ਟ੍ਰੇਨਿੰਗ ਲਈ ਉਮੀਦਵਾਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ 10 ਆਰਜ਼ੀ ਪਟਵਾਰ ਸਕੂਲ ਖੋਲ੍ਹੇ ਗਏ ਸੀ। ਇਨ੍ਹਾਂ ਸਕੂਲਾਂ ਵਿੱਚ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਅਤੇ ਕਾਨੂੰਗੋ ਟੀਚਰ ਤਜ਼ਰਬੇਕਾਰ ਤੇ ਅਨੁਭਵ ਸੇਵਾ-ਮੁਕਤ ਪੀ.ਸੀ.ਐਸ. ਅਫਸਰਾਂ, ਜ਼ਿਲ੍ਹਾ ਮਾਲ ਅਫਸਰਾਂ, ਤਹਿਸੀਲਦਾਰਾਂ ਤੇ ਪਟਵਾਰੀ ਤੇ ਕਾਨੂੰਨਗੋਆਂ ਵਿੱਚੋਂ ਰੱਖੇ ਗਏ ਸਨ। ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਯੋਗ ਉਮੀਦਵਾਰਾਂ ਦੀ ਵਿਭਾਗੀ ਪ੍ਰੀਖਿਆ 26 ਮਈ, 2025 ਤੋਂ 3 ਜੂਨ, 2025 ਤੱਕ ਲਈ ਗਈ। ਇਸ ਪ੍ਰੀਖਿਆ ਵਿਚੋਂ ਕੁੱਲ 504 ਉਮੀਦਵਾਰਾਂ ਨੇ ਵਿਭਾਗੀ ਪ੍ਰੀਖਿਆ ਪਾਸ ਕੀਤੀ ਹੈ, ਜਿਨ੍ਹਾਂ ਨੂੰ ਅੱਜ ਨਿਯੁਕਤੀ ਪੱਤਰ ਦੇਣ ਉਪਰੰਤ ਫੀਲਡ ਵਿੱਚ ਤੈਨਾਤ ਕੀਤਾ ਜਾਵੇਗਾ।

# ਆਟੋ ਯੂਨੀਅਨ ਦੀ 14 ਮੈਂਬਰੀ ਐਡਹਾਕ ਕਮੇਟੀ ਦਾ ਗਠਨ

**ਬੰਗਾ (ਅਵਤਾਰ ਕਲੇਰ)**



ਨਿਊ ਆਟੋ ਵਰਕਰ ਯੂਨੀਅਨ (ਇਫਟੂ) ਨਵਾਂਸ਼ਹਿਰ ਦੇ ਯਤਨਾਂ ਸਦਕਾ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ,ਬੰਗਾ ਰੋਡ, ਨਵਾਂਸ਼ਹਿਰ ਵਿਖੇ ਪੰਜਾਬ ਦੀਆਂ 14 ਆਟੋ ਯੂਨੀਅਨਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਜਿਸ ਵਿਚ ਪੰਜਾਬ ਪੱਧਰੀ 14 ਮੈਂਬਰੀ ਐਡਹਾਕ ਕਮੇਟੀ ਦਾ ਗਠਨ ਕੀਤਾ ਗਿਆ।ਇਸ ਐਡਹਾਕ ਕਮੇਟੀ ਵਿਚ ਉੜਮੁੜ ਟਾਂਡਾ ਆਟੋ ਯੂਨੀਅਨ ਤੋਂ ਸੁਖਵਿੰਦਰ ਸਿੰਘ, ਜਲੰਧਰ ਤੋਂ ਰਣਜੀਤ ਕੁਮਾਰ, ਮਾਛੀਵਾੜਾ ਤੋਂ ਨਿਰਮਲ ਸਿੰਘ, ਰੋਪੜ ਤੋਂ ਰਣਜੀਤ ਕੁਮਾਰ, ਚਮਕੌਰ ਸਾਹਿਬ ਤੋਂ ਰਣਬੀਰ ਸਿੰਘ, ਗੜ੍ਹਸ਼ੰਕਰ ਤੋਂ ਕੁਲਦੀਪ ਕੁਮਾਰ, ਸੜੋਆ (ਬਲਾਚੌਰ) ਤੋਂ ਬਲਵਿੰਦਰ ਸਿੰਘ, ਸਮਰਾਲਾ ਤੋਂ ਦਿਲਾਵਰ ਸਿੰਘ, ਪਟਿਆਲਾ ਤੋਂ ਜਗਦੀਸ਼ ਸਿੰਘ, ਫਿਲੌਰ ਤੋਂ ਰਾਜਾ, ਨੰਗਲ ਤੋਂ ਰਵੀ ਕੁਮਾਰ, ਸੈਲਾ ਤੋਂ ਰਾਜੇਸ਼ ਕੁਮਾਰ,ਬੰਗਾ ਤੋਂ ਕਮਲ, ਨਵਾਂਸ਼ਹਿਰ ਤੋਂ ਪੁਨੀਤ ਕੁਮਾਰ ਬਛੌੜੀ ਨੁਮਾਇੰਦੇ ਸ਼ਾਮਲ ਕੀਤੇ ਗਏ।ਇਸ ਮੀਟਿੰਗ ਵਿਚ ਪੰਜਾਬ ਭਰਤੋਂ ਆਟੋ ਯੂਨੀਅਨਾਂ ਦੇ 122 ਨੁਮਾਇੰਦਿਆਂ ਨੇ ਭਾਗ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਆਟੋ ਵਰਕਰਾਂ ਲਈ ਹਰ ਪੈਰ ਉੱਤੇ ਮੁਸ਼ਕਲਾਂ ਹਨ ਜਿਹਨਾਂ ਵਿਚ ਆਟੋ ਪਾਸਿੰਗ, ਪਰਮਿਟ ਫੀਸਾਂ, ਬੈਂਕ ਦੀਆਂ ਕਿਸ਼ਤਾਂ, ਬੱਸ ਅੱਡਿਆਂ ਵਿਚ ਐਂਟਰੀ ਫੀਸ, ਟਰੈਫਿਕ ਪੁਲਸ ਵਲੋਂ ਕੀਤੇ ਜਾਂਦੇ ਭਾਰੀ ਚਲਾਣ।ਮੀਟਿੰਗ ਨੂੰ ਰਣਜੀਤ ਕੁਮਾਰ ਪ੍ਰਧਾਨ ਭਗਤ ਸਿੰਘ ਆਟੋ ਯੂਨੀਅਨ ਜਲੰਧਰ, ਸੁਖਵਿੰਦਰ ਸਿੰਘ ਪ੍ਰਧਾਨ ਆਟੋ ਯੂਨੀਅਨ ਉੜਮੁੜ ਟਾਂਡਾ,ਨਿਊ ਆਟੋ ਵਰਕਰ ਯੂਨੀਅਨ ਨਵਾਂਸ਼ਹਿਰ ਦੇ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਰਣਜੀਤ ਕੁਮਾਰ ਰੋਪੜ, ਕਮਲ ਬੰਗਾ, ਨਿਰਮਲ ਸਿੰਘ ਮਾਛੀਵਾੜਾ, ਰਣਬੀਰ ਸਿੰਘ ਚਮਕੌਰ ਸਾਹਿਬ, ਕੁਲਦੀਪ ਕੁਮਾਰ ਗੜ੍ਹਸ਼ੰਕਰ, ਬਲਵਿੰਦਰ ਸਿੰਘ ਸੜੋਆ, ਦਿਲਾਵਰ ਸਿੰਘ ਸਮਰਾਲਾ, ਜਗਦੀਸ਼ ਸਿੰਘ ਪਟਿਆਲਾ, ਅਮਰੀਕ ਸਿੰਘ ਫਿਲੌਰ, ਰਵੀ ਕੁਮਾਰ ਨੰਗਲ ਡੈਮ ਨੇ ਵੀ ਸੰਬੋਧਨ ਕੀਤਾ।

# ਮੇਹਰ ਚੰਦ ਪੋਲੀਟੈਕਨਿਕ ਦੇ ਐਪਲਾਈਡ ਸਾਇੰਸ ਵਿਭਾਗ ਵੱਲੋਂ ਸੇਂਸਿਟਾਈਜੇਸ਼ਨ ਡ੍ਰਾਈਵ

**ਜਲੰਧਰ (ਸ਼ੈਲੀ ਐਲਬਰਟ)**

ਇੱਕ ਦਿਲ ਨੂੰ ਛੂਹ ਲੈਣ ਵਾਲੀ ਪਹਲ ਹੇਠ, ਮੇਹਰ ਚੰਦ ਪੋਲੀਟੈਕਨਿਕ ਨੇ ਹਾਲ ਹੀ ਵਿੱਚ ਇੱਕ 'ਸੇਂਸਿਟਾਈਜ਼ੇਸ਼ਨ ਡ੍ਰਾਈਵ' ਦਾ ਆਯੋਜਨ ਕੀਤਾ, ਜਿਸਦਾ ਉਦੇਸ਼ ਸਰੀਰਕ ਰੂਪ ਨਾਲ ਅਸਮਰਥ ਵਿਅਕਤੀਆਂ ਪ੍ਰਤੀ ਸਹਾਨੁਭੂਤੀ ਅਤੇ ਸਮਝ ਵਿਕਸਤ



ਕਰਨਾ ਸੀ। ਇਹ ਸਮਾਗਮ ©7® 'ਸਕਸ਼ਮ' ਦੀ ਡਾ. ਦੀਪਿਕਾ ਸਾਗਰ ਅਤੇ ਉਨ੍ਹਾਂ ਦੀ ਟੀਮ ਦੀ ਅਗਵਾਈ ਹੇਠ, ਕਾਲਜ ਦੇ ਐਪਲਾਈਡ ਸਾਇੰਸ ਵਿਭਾਗ ਵੱਲੋਂ ਕਰਵਾਇਆ ਗਿਆ। ਇਸ ਡ੍ਰਾਈਵ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵਿਅੰਗ ਲੋਕਾਂ ਦੀਆਂ ਵਿਲੱਖਣ ਜੀਵਨ ਦ੍ਰਿਸ਼ਟੀਆਂ ਅਤੇ ਚੁਣੌਤੀਆਂ ਬਾਰੇ ਜਾਗਰੂਕ ਕਰਨਾ ਸੀ, ਤਾਂ ਜੋ ਸਮਾਜ ਵਿੱਚ ਇੱਕ ਸਮੇਟਣਯੋਗ ਅਤੇ ਸਹਾਇਕ ਮਾਹੌਲ ਬਣ ਸਕੇ। ਸੈਮੀਨਾਰ ਦੀ ਥੀਮ 'ਸਾਥ ਮਿਲ ਕੇ ਅਸੀਂ ਕਰ ਸਕਦੇ ਹਾਂ' ਵਿਦਿਆਰਥੀਆਂ ਦੇ ਮਨ ਨੂੰ ਬਹੁਤ ਪ੍ਰਭਾਵਿਤ ਕਰ ਗਈ ਅਤੇ ਉਨ੍ਹਾਂ ਨੂੰ ਵਿਭਿੰਨਤਾ ਨੂੰ ਸਵੀਕਾਰ ਕਰਨ ਅਤੇ ਸਮੂਹਕ ਤਰੱਕੀ ਵੱਲ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।ਸੈਮੀਨਾਰ ਵਿੱਚ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਖੇਡਾਂ ਅਤੇ ਇਕ ਕਿਉਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਜੇਤੂਆਂ ਨੂੰ ਇਨਾਮ ਵੀ ਦਿੱਤੇ ਗਏ। ਡਾ. ਦੀਪਿਕਾ ਸਾਗਰ ਅਤੇ ਉਨ੍ਹਾਂ ਦੀ ਟੀਮ ਨੇ ਇਹਨਾਂ ਰੁਚਿਕਰ ਸੈਸ਼ਨਾਂ ਰਾਹੀਂ ਵਿਦਿਆਰਥੀਆਂ ਵਿੱਚ 'ਜਿੱਥੇ ਚਾਹ ਉੱਥੇ ਰਾਹ' ਦਾ ਸੁਨੇਹਾ ਦੇ ਕੇ ਹੌਂਸਲਾ ਅਤੇ ਸੰਘਰਸ਼ ਦੀ ਪ੍ਰੇਰਣਾ ਭਰੀ।ਕਾਰਜਕ੍ਰਮ ਦੇ ਅੰਤ 'ਤੇ ਐਪਲਾਈਡ ਸਾਇੰਸ ਵਿਭਾਗ ਦੀ ਮੁਖੀ ਸ੍ਰੀਮਤੀ ਮੰਜੂ ਨੇ ਡਾ. ਦੀਪਿਕਾ ਸਾਗਰ ਅਤੇ ਉਨ੍ਹਾਂ ਦੀ ਟੀਮ ਨੂੰ ਉਤਕ੍ਰਿਸ਼ਟ ਯੋਗਦਾਨ ਲਈ ਧੰਨਵਾਦ ਦੇਣ ਵਾਸਤੇ ਇੱਕ ਸਨਮਾਨ ਚਿੰਨ੍ਹ ਭੇਟ ਕੀਤਾ। ਸ੍ਰੀਮਤੀ ਮੰਜੂ ਨੇ ਟੀਮ ਦਾ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੇ ਮਨੋਬਲ ਨੂੰ ਵਧਾਉਣ ਲਈ ਧੰਨਵਾਦ ਵੀ ਕੀਤਾ। ਸਾਰਾ ਪ੍ਰੋਗਰਾਮ ਮਿਸ ਰੀਆ ਅਤੇ ਮਿਸ ਪ੍ਰਤਿਭਾ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਸਾਂਝਾ ਕੀਤਾ ਗਿਆ। ਹੋਰ ਸਟਾਫ ਮੈਂਬਰ ਜਿਵੇਂ ਕਿ ਮਿਸਟਰ ਅਨਕੁਸ਼, ਮਿਸਟਰ ਕਮਲਕਾਂਤ, ਮਿਸ ਅੰਜੂ ਅਤੇ ਮਿਸ ਮਨਵੀਰ ਵੀ ਇਸ ਮੌਕੇ 'ਤੇ ਮੌਜੂਦ ਸਨ।

# ਬਿਜਲੀ ਕਾਮਿਆਂ ਵੱਲੋਂ ਤਿੰਨ ਰੋਜ਼ਾ ਹੜਤਾਲ ਦੀ ਸ਼ੁਰੂਆਤ

**ਨੰਗਲ (ਸੁਰਜੀਤ ਢੇਰ)**

ਬਿਜਲੀ ਬੋਰਡ ਦਫ਼ਤਰ ਭਲਾਣ ਵਿਖੇ ਮੁਲਾਜ਼ਮ ਜਥੇਬੰਦੀਆਂ ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਦਿੱਤੇ ਸੰਘਰਸ਼ ਅਨੁਸਾਰ ਸਾਥੀਆਂ ਵੱਲੋਂ ਮਿਤੀ 11-12-13 ਅਗਸਤ



ਤਿੰਨ ਦਿਨ ਦੀ ਸਮੂਹਿਕ ਛੁੱਟੀ ਭਰੀ ਗਈ ਤੇ ਇਸ ਸਬੰਧ ਵਿੱਚ ਸਾਥੀਆਂ ਵੱਲੋਂ ਬਿਜਲੀ ਬੋਰਡ ਦਫਤਰ ਭਲਾਣ ਵਿਖੇ ਗੇਟ ਰੈਲੀ ਕੀਤੀ ਗਈ। ਇਸ ਗੇਟ ਰੈਲੀ ਦੀ ਪ੍ਰਧਾਨਗੀ ਮੁਕੇਸ਼ ਕੁਮਾਰ ਦਗੋੜ ਸਬ ਡਿਵੀਜ਼ਨ ਪ੍ਰਧਾਨ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਕੀਤੀ ਗਈ। ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਦੱਸਿਆ ਕਿ ਬਿਜਲੀ ਬੋਰਡ ਦੀ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਪੰਜਾਬ ਨਾਲ ਮਿਤੀ 02-06-2025 ਨੂੰ ਹੋਏ ਸਮਝੌਤੇ ਅਨੁਸਾਰ ਮਨੀਆਂ ਮੰਗਾ ਨੂੰ ਲਾਗੂ ਨਹੀਂ ਕੀਤਾ ਗਿਆ। ਇਸ ਸੰਬੰਧੀ ਮੈਨੇਜਮੈਂਟ ਨੇ ਮੁਲਾਜ਼ਮ ਜੱਥੇਬੰਦੀਆਂ ਤੋਂ 10 ਦਿਨ ਦਾ ਸਮਾਂ ਮੰਗਿਆ ਸੀ।ਪਰੰਤੂ ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਮੰਗਾਂ ਤੇ ਮਸਲੇ ਜਿਉਂ ਦੇ ਤਿਉਂ ਹਨ ਜਿਸ ਦੇ ਰੋਸ ਵਜੋਂ ਬਿਜਲੀ ਮੁਲਾਜ਼ਮਾਂ ਵੱਲੋਂ ਤਿੰਨ ਦਿਨ ਦੀ ਮਾਸ ਲੀਵ ਭਰੀ ਗਈ ਤੇ ਆਉਣ ਵਾਲੀ 15 ਅਗਸਤ ਨੂੰ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਪੰਜਾਬ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ ਤੇ ਰੋਸ ਮਾਰਚ ਕੀਤੇ ਜਾਣਗੇ। ਬਿਜਲੀ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਵਿੱਚ ਮਿਤੀ 20-07-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾ ਨੂੰ ਛੇਵਾਂ ਪੇ ਕਮਿਸ਼ਨ ਦੇਣਾ, ਡੀ ਏ ਦਾ 13% ਬਕਾਇਆ ਦੇਣਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨੀ, ਖਾਲੀ ਪਈਆਂ ਅਸਾਮੀਆਂ ਦੀ ਤੁਰੰਤ ਰੈਗੂਲਰ ਭਰਤੀ ਕਰਨੀ, ਬਿਜਲੀ ਬੋਰਡ ਦਾ ਚੋਰੀ ਛਿਪੇ ਕੀਤਾ ਜਾ ਰਿਹਾ ਨਿੱਜੀਕਰਨ ਬੰਦ ਕਰਨਾ ਆਦਿ ਮੁੱਖ ਮੰਗਾਂ ਹਨ। ਇਸ ਰੈਲੀ ਨੂੰ ਸੰਬੋਧਨ ਮੋਹਿਤ ਸ਼ਰਮਾ ਡਿਵੀਜ਼ਨ ਸਕੱਤਰ ਅਨੰਦਪੁਰ ਸਾਹਿਬ, ਬਜਿੰਦਰ ਪੰਡਤ ਸਾਬਕਾ ਜ਼ੋਨ ਪ੍ਰਧਾਨ, ਅਜਮੇਰ ਸਿੰਘ, ਵੱਲਵ ਸਿੰਘ ਝੱਜ ਮਲੂਕਪੁਰ, ਬਹਾਦਰ ਸਿੰਘ ਪ੍ਰਧਾਨ ਨੰਗਲ, ਗੌਰਵ ਕਾਲੀਆ, ਬਲਰਾਮ ਸ਼ਰਮਾ ਆਦਿ ਸਾਥੀਆਂ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਅਜੇ ਕੁਮਾਰ, ਸੰਜੀਵ ਕੁਮਾਰ, ਚਮਨ ਲਾਲ, ਵਿਜੇ ਕੁਮਾਰ, ਲਛਮਣ ਸਿੰਘ, ਪ੍ਰਦੀਪ ਕੁਮਾਰ, ਚਮਨ ਲਾਲ, ਮਨੀਸ਼ ਕੁਮਾਰ, ਰਜਿੰਦਰ ਕੁਮਾਰ ਸਮੇਤ ਹੋਰ ਬਿਜਲੀ ਕਾਮੇ ਹਾਜ਼ਰ ਸਨ।

# ਸੰਜੀਵਨ ਦੇ ਨਾਟਕ 'ਸੁੰਨਾ ਵਿਹੜਾ' ਦਾ ਸਫ਼ਲ ਮੰਚਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਉੱਤਰੀ ਖੇਤਰ ਸਭਿਆਚਾਰ ਕੇਂਦਰ, ਪਟਿਆਲਾ ਦੇ ਨਿਰਦੇਸ਼ਕ ਐਮ. ਫੁਰਖਾਨ ਖਾਨ ਦੀ ਰਹਿਨੁਮਾਈ ਹੇਠ ਰੰਗਮੰਚ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਹਰ ਮਹੀਨੇ ਦੇ ਦੂਸਰੇ ਸ਼ਨੀਚਰਵਾਰ ਨੂੰ ਕਰਵਾਏ ਜਾਣ ਵਾਲੇ ਨਾਟਕਾਂ ਦੇ ਮੰਚਨ ਦਾ ਅਗਾਜ਼ ਸੰਜੀਵਨ ਸਿੰਘ ਦੇ ਦੋ ਘੰਟੇ ਅਵਧੀ ਵਾਲੇ ਨਾਟਕ 'ਸੁੰਨਾ-ਵਿਹੜਾ' ਦਾ ਬੁੱਧੀਜੀਵੀਆਂ, ਆਲੋਚਕਾਂ, ਵਿਦਵਾਨਾਂ, ਅਦੀਬਾਂ, ਰੰਗਮੰਚ ਅਤੇ



ਫਿਲਮਾਂ ਦੇ ਚਰਚਿੱਤ ਅਦਾਕਾਰਾਂ ਦੀ ਮੌਜੂਦਗੀ ਵਿਚ ਕਾਲੀਦਾਸ ਆਡੀਟੋਰੀਅਮ ਵਿਖੇ ਹੋਇਆ।ਇਸ ਮੌਕੇ ਰੰਗਮੰਚ ਅਤੇ ਫਿਲਮਾਂ ਦੀ ਚਰਿਚਤ ਅਦਾਕਾਰਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਮੁਖੀ ਡਾ. ਸੁਨੀਤਾ ਧੀਰ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਪੇਂਡੂ ਪੰਜਾਬੀ ਖੁਸ਼ਹਾਲ ਕਿਸਾਨ ਪ੍ਰੀਵਾਰ ਦੇ ਬੇਔਲਾਦ ਜੋੜੇ ਦੀ ਮਾਨਿਸਕ ਅਤੇ ਸਮਾਜਿਕ ਸਥਿਤੀ/ਪ੍ਰਸਥਿਤੀ ਬਿਆਨਦਾ ਨਾਟਕ ਸੁੰਨਾ-ਵਿਹੜਾ ਵਿਚ ਨਿੱਕੇ ਬੱਚੇ ਪੀਤੇ ਨੇ ਮੇਲਾ ਲੁੱਟ ਲੈ ਗਿਆ। ਬੜੈਲੋ ਦਾ ਕਿਰਦਾਰ ਕਰਨ ਵਾਲੀ ਸ਼ੁਧਾ ਮਹਿਤਾ ਨੇ ਨੈਗੇਟਿਵ ਕਿਰਦਾਰ ਨੂੰ ਕਮਾਲ ਦਾ ਨਿਭਾਇਆ। ਜਦ ਪੰਜਾਬੀ ਰੰਗਮੰਚ ਇਕ ਦੋ ਅਦਾਕਾਰਾਂ ਤੱਕ ਸਿਮਟਦਾ ਜਾ ਰਿਹਾ ਹੈ, ਅਜਿਹੇ ਸਮਿਆਂ ਵਿਚ ਵੀਹ-ਪੱਚੀ ਬੰਦਿਆਂ ਦੀ ਟੀਮ ਨੂੰ ਜੋੜੀ ਰੱਖਣਾ ਬਹੁਤ ਵੱਡੀ ਚੁਣੌਤੀ ਹੈ। ਸੰਗੀਤ ਦੀ ਰਿਕਾਰਡਿੰਗ ਨਰਿੰਦਰ ਨਸਰੀਨ ਦੀਆਂ ਧੀਆਂ ਗੁੰਜਨਦੀਪ ਅਤੇ ਗੁਰਮਨਦੀਪ ਦੇ ਸੋਨੀਆਜ਼ ਸਟੂਡੀਓ ਵਿਚ ਸੁਰੇਸ਼ ਨੇ ਕੀਤੀ।ਨਾਟਕ ਦੇ ਮੰਚਣ ਨੂੰ ਸਫ਼ਲ ਬਣਾਉਣ 'ਚ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਕਮਲੇਸ਼ ਸ਼ਰਮਾ ਅਤੇ ਆਫਿਸ ਸੈਕਟਰੀ ਜਗਜੀਤ ਸਿੰਘ ਭਾਟੀਆ ਨੇ ਦਿਨ-ਰਾਤ ਇੱਕ ਕਰ ਦਿੱਤਾ।

# ਹਰਮੇਸ਼ ਸਿੰਘ ਭੱਟੀ ਤੇ ਸਰਪੰਚ ਸੁਨੀਤਾ ਰਾਣੀ ਨੇ ਸਾਥੀਆਂ ਸਮੇਤ ਫੜਿਆ 'ਆਪ' ਦਾ ਪੱਲਾ



**ਬਲਾਚੌਰ (ਜਸਵਿੰਦਰ ਬੈਂਸ, ਕੁਲਵਿੰਦਰ ਦੁਰਗਾਪੁਰੀਆ)**

ਭਗਵੰਤ ਮਾਨ ਮੁੱਖ ਮੰਤਰੀ ਪੰਜਾਬ, ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਹਲਕਾ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਔਲੀਅ ਪੁਰ ਦੇ ਸਾਬਕਾ ਬਲਾਕ ਸੰਮਤੀ ਮੈਂਬਰ ਹਰਮੇਸ਼ ਸਿੰਘ ਭੱਟੀ ਅਤੇ ਸਰਪੰਚ ਸੁਨੀਤਾ ਰਾਣੀ ਆਦਿ ਸਾਥੀਆਂ ਸਮੇਤ 'ਆਪ' 'ਚ ਸ਼ਾਮਲ ਹੋਏ। ਕਟਾਰੀਆ ਨੇ ਇਨ੍ਹਾਂ ਦਾ ਨਿੱਘਾ ਸਵਾਗਤ ਮਫਲਰ ਪਾ ਕੇ ਕੀਤਾ ਤੇ ਕਿਹਾ ਕਿ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਸ਼ਾਮਲ ਹੋਏ ਸਾਥੀਆਂ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਲੋਕ ਰਵਾਇਤੀ ਪਾਰਟੀਆਂ ਦੇ ਲੋਕ ਲੁਭਾਵਣੇ ਝੂਠੇ ਵਾਅਦਿਆਂ ਤੋਂ ਦੁਖੀ ਸਨ। ਇਸ ਮੌਕੇ ਬਲਾਕ ਪ੍ਰਧਾਨ ਰਨਵੀਰ ਸਿੰਘ ਜੱਟਪੁਰ, ਸਰਪੰਚ ਸੰਤੋਖ ਸਿੰਘ, ਹਰਦੇਵ ਸੈਣੀ , ਕਮਲਜੀਤ ਸਿੰਘ,ਸਰਪੰਚ ਝਰਮਲ ਸਿੰਘ ਕਰਨੈਲ ਸਿੰਘ ਹੀਰ, ਹਰਜਿੰਦਰ ਸਿੰਘ ਪੰਚ, ਸਰਬਜੀਤ ਕੌਰ ਪੰਚ,ਮੀਨੂੰ ਪੰਚ, ਮੋਹਣ ਲਾਲ ਪੰਚ,ਡਾ.ਰਾਮਜੀ ਬੱਧਣ, ਰਾਮ ਲਾਲ, ਜਸਵਿੰਦਰ ਸਿੰਘ, ਸੁਰਿੰਦਰ ਸਿੰਘ ਓਰੋਬਾਈਟ, ਪ੍ਰਮਜੀਤ, ਨਿਰਮਲ ਸਿੰਘ, ਕ੍ਰਿਸ਼ਨ ਲਾਲ, ਸ੍ਰੀਮਤੀ ਜਸਵਿੰਦਰ ਕੌਰ, ਸ੍ਰੀਮਤੀ ਬਲਵੀਰ ਕੌਰ, ਨਿਰਮਲ ਸਿੰਘ ਨੰਬਰਦਾਰ, ਸ਼ਾਮ ਲਾਲ, ਸੁਰਿੰਦਰ ਸਿੰਘ ਨੰਬਰਦਾਰ, ਅਜੀਤ ਰਾਮ, ਸੁੱਖਵਿੰਦਰ ਸਿੰਘ,ਸੁਰਿੰਦਰ ਬੰਗਾ, ਗੁਰਜੀਤ ਕੌਰ, ਸੁੱਚਾ ਸਿੰਘ, ਗੁਰਮੀਤ ਸਿੰਘ, ਹਰਪ੍ਰੀਤ ਬੰਗਾ, ਕੁਲਦੀਪ ਬੱਧਣ,ਸੀਪਾ ਬੱਧਣ, ਰਵੀ ਬੱਧਣ, ਗੁਰਪ੍ਰੀਤ ਭੱਟੀ, ਹਰਜਿੰਦਰ ਕੌਰ, ਗੁਰਨਾਮ, ਸਤਨਾਮ ਬੱਧਣ, ਜਸਪਾਲ ਕੌਰ, ਸਤਨਾਮ ਬੰਗਾ ਆਦਿ ਪਿੰਡ ਵਾਸੀ ਅਤੇ ਪਾਰਟੀ ਵਲੰਟੀਅਰ ਹਾਜਰ ਸਨ

# ਸ਼ਿਵ ਸੈਨਾ ਸੂਰੀਆ ਵੰਸ਼ੀ ਨੇ ਜਨਰਲ ਵੈਦਾਂ ਨੂੰ ਦਿੱਤੀ ਸ਼ਰਧਾਂਜਲੀ

**ਅੱਡਾ ਸਰਾਂ, (ਜਸਵੀਰ ਕਾਜਲ)**-ਸ਼ਿਵ ਸੈਨਾ ਸੂਰੀਆਂ ਵੰਸ਼ੀ ਦੇ ਚੈਅਰਮੈਨ ਸੁਨੀਲ ਭਸੀਨ, ਰਾਸ਼ਟਰੀ ਪ੍ਰਧਾਨ ਰਾਕੇਸ਼ ਭਸੀਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਰਾਸ਼ਟਰੀ ਪ੍ਰਭਾਰੀ ਆਲ ਇੰਡੀਆ ਵਾਇਸ ਚੈਅਰਮੈਨ ਮੁਨੀਸ਼ ਘਈ, ਹਰ ਬਿਲਾਸ ਵਰਮਾ, ਉੱਤਰ ਭਾਰਤ ਵੱਲੋਂ ਜਰਨਲ ਵੈਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਤੰਨੂ ਰਾਧਕਾ, ਕਾਕਾ ਪ੍ਰਦੀਪ ਕੁਮਾਰ, ਹਰੀ ਵਿਪਨ, ਪੱਪੂ ਕੁਮਾਰ ਆਦਿ ਹਾਜ਼ਰ ਸਨ।



# ਕੰਟੇਨਰ ਦੇ ਪਰਖੱਚੇ ਉੱਡੇ



**ਫਿਲੌਰ, (ਨਿਰਮਲ)**

ਫਿਲੌਰ ਮੁੱਖ ਮਾਰਗ 'ਤੇ ਨਜ਼ਦੀਕ ਧਾਰਮਿਕ ਸਥਾਨ ਨੇੜੇ ਇੱਕ ਸਕਰੈਪ ਨਾਲ ਭਰਿਆ ਟਰੱਕ ਨੇ ਅਣਪਛਾਤੇ ਵਾਹਨ ਨੂੰ ਪਿੱਛੋਂ ਮਾਰੀ ਟੱਕਰ ਅਤੇ ਕੰਟੇਨਰ ਦੇ ਉੱਡੇ ਪਰਖੱਚੇ। ਇਸ ਸੰਬੰਧੀ 'ਚ ਜਾਣਕਾਰੀ ਦਿੰਦੇ ਹੋਏ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐਸ ਆਈ ਸਰਬਜੀਤ ਸਿੰਘ ਨੇ ਦੱਸਿਆ ਕਿ ਸਾਨੂੰ ਕਿਸੇ ਰਾਹਗੀਰ ਵੱਲੋਂ ਸੂਚਨਾ ਦਿੱਤੀ।ਜਦੋਂ ਮੌਕੇ 'ਤੇ ਜਾ ਕੇ ਵੇਖਿਆ ਤਾਂ ਇੱਕ ਟਰੱਕ ਡਰਾਈਵਰ ਜੋ ਕਿ ਟਰੱਕ ਵਿੱਚ ਫਸਿਆ ਹੋਇਆ ਸੀ ਅਤੇ ਪਬਲਿਕ ਦੀ ਮਦਦ ਨਾਲ ਅਸੀਂ ਉਸ ਨੂੰ ਬਾਹਰ ਕੱਢਿਆ। ਜਿਸ ਦੀ ਪਹਿਚਾਨ ਅਮਿਤ ਸ਼ਰਮਾ ਅਤੇ ਲੇਲੈਂਡ 32 ਫੁੱਟਾ ਕੰਟੇਨਰ ਦਾ ਟਰੱਕ ਡਰਾਈਵਰ ਵਜੋਂ ਹੋਈ ਹੈ ਜੋ ਕਿ ਜੰਮੂ ਤੋਂ ਪਾਣੀਪਤ ਸਾਈਡ ਵੱਲ ਨੂੰ ਸਕਰੈਪ ਲੈ ਕੇ ਜਾ ਰਿਹਾ ਸੀ। ਐਕਸੀਡੈਂਟ ਦੌਰਾਨ ਗੰਭੀਰ ਹਾਲਤ ਵਿੱਚ ਜ਼ਖਮੀ ਹੋ ਗਿਆ ਸੀ, ਜਿਸ ਨੂੰ ਸਰਕਾਰੀ ਗੱਡੀ ਰਾਹੀਂ ਫਿਲੌਰ ਦੇ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ।ਇਸ ਬਾਰੇ ਵਿੱਚ ਥਾਣਾ ਫਿਲੌਰ ਦੇ ਡਿਊਟੀ ਅਫ਼ਸਰ ਏ ਐਸ ਆਈ ਜਸਵਿੰਦਰ ਸਿੰਘ ਨੂੰ ਸੂਚਨਾ ਦੇ ਦਿੱਤੀ ਸੀ ਅਤੇ ਟਰਾਂਸਪੋਰਟ ਦੇ ਮਾਲਕ ਨੂੰ ਵੀ ਇਸ ਬਾਰੇ ਸੂਚਨਾ ਕੀਤੀ ਗਈ ਅਤੇ ਟਰਾਂਸਪੋਰਟ ਦੇ ਮਾਲਕ ਨੂੰ ਦੱਸਿਆ ਗਿਆ ਕਿ ਡਰਾਈਵਰ ਬਹੁਤ ਹੀ ਜ਼ਿਆਦਾ ਗੰਭੀਰ ਜ਼ਖਮੀ ਹੈ।ਜਿਸ ਨੂੰ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾ ਦਿੱਤਾ ਗਿਆ ਹੈ।

## ਮੇਹਲੀ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਬੰਗਾ (ਅਵਤਾਰ ਕਲੇਰ)**-ਬੰਗਾ ਹਲਕੇ ਦੇ ਪਿੰਡ ਮੇਹਲੀ ਵਿਖੇ ਤੀਆਂ ਦਾ ਤਿਉਹਾਰ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਰਪੰਚ ਸਤਨਾਮ ਵੱਲੋਂ ਰਿਬਨ ਕੱਟ ਕੇ ਕੀਤੀ। ਛੋਟੇ ਬੱਚਿਆਂ ਗੋਲਡੀ, ਬ੍ਰਿਟਨੀ, ਖੁਸ਼ੀ, ਮੁਸਕਾਨ, ਮਨੀਸ਼ਾ, ਬਨੀਤਾ, ਸਰਿਤਾ, ਨਾਇਰਾ, ਅਮਨਦੀਪ,ਨਤਾਸ਼ਾ ਨੇ ਸੱਭਿਆਚਾਰ ਗੀਤਾਂ ਤੇ ਡਾਂਸ ਕੀਤਾ ਅਤੇ ਬੀਬੀਆਂ ਵਲੋਂ ਗਿੱਧਾ ਪਾਇਆ ਗਿਆ। ਸੰਗਤਾਂ ਨੂੰ ਕੋਲਡ ਡਰਿੰਕ ਅਤੇ ਖੀਰ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਅਵਤਾਰ ਕਲੇਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਤਨਾਮ ਸਰਪੰਚ ਮੇਹਲੀ, ਸਰਬਜੀਤ ਕੌਰ ਪੰਚ, ਗੁਰਸ਼ਰਨ ਕੌਰ, ਲਖਵੀਰ ਰਾਮ ਪੰਚ, ਕਮਲਜੀਤ ਕੌਰ, ਹਰਜੀਤ ਕੌਰ, ਕਸ਼ਮੀਰ ਕੌਰ ਆਦਿ ਹਾਜ਼ਰ ਸਨ।

## ਬਲਾਕ ਮਹਿਤਪੁਰ 'ਚ ਡੀਵਾਰਮਿੰਗ ਦਿਵਸ ਮਨਾਇਆ

**ਮਹਿਤਪੁਰ (ਰਾਜਾ)**-ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਹੇਠ, ਬਲਾਕ ਮਹਿਤਪੁਰ ਦੇ ਅਧੀਨ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਰਾਸ਼ਟਰੀ ਡੀਵਾਰਮਿੰਗ ਦਿਵਸ ਮਨਾਇਆ ਗਿਆ। ਇਸ ਮੁਹਿੰਮ ਦੇ ਤਹਿਤ ਕਲਾਸ ਨਰਸਰੀ ਤੋਂ ਲੈ ਕੇ 18 ਸਾਲ ਤੱਕ ਦੇ ਵਿਦਿਆਰਥੀਆਂ ਨੂੰ ਪੇਟ ਦੇ ਕੀੜਿਆਂ ਤੋਂ ਬਚਾਅ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਐਲਬੈਂਡਾਜੋਲ ਦੀ ਦਵਾਈ ਵੀ ਵੰਡੀ ਗਈ।




ਇਸ ਦੌਰਾਨ ਆਰ ਬੀ ਐੱਸ ਕੇ ਟੀਮ 'ਚੋਂ ਡਾ. ਵਿਸ਼ਾਲ, ਡਾ. ਮਨਜੀਤ ਅਤੇ ਡਾ. ਰਾਜਦੀਪ ਵੱਲੋਂ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਵਿਦਿਆਰਥੀਆਂ ਨੂੰ ਡੀਵਾਰਮਿੰਗ ਦੇ ਲਾਭ ਅਤੇ ਨੁਕਸਾਨ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ।ਡਾਕਟਰਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੇਟ ਦੇ ਕੀੜੇ ਸਰੀਰ ਵਿੱਚ ਖੂਨ ਦੀ ਕਮੀ, ਭੁੱਖ ਨਾ ਲੱਗਣਾ, ਥਕਾਵਟ, ਬਦਹਜ਼ਮੀ ਤੇ ਵਿਕਾਸ ਵਿੱਚ ਰੁਕਾਵਟ ਪੈਦਾ ਕਰ ਸਕਦੇ ਹਨ।

# ਪਿੰਡ ਦੇ ਲੋਕ ਤੀਜ ਤਿਉਹਾਰਾਂ ਰਾਹੀਂ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਨੂੰ ਸੰਭਾਲ ਰਹੇ : ਪਰਗਟ ਸਿੰਘ

**ਜਲੰਧਰ, (ਰਾਜੇਸ਼ ਥਾਪਾ)**

ਵਿਧਾਇਕ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਪਦਮਸ਼੍ਰੀ ਪਰਗਟ ਸਿੰਘ ਵਿਧਾਨ ਸਭਾ ਜਲੰਧਰ ਛਾਉਣੀ ਵਿੱਚ ਜੰਡਿਆਲਾ ਦੇ ਪਿੰਡ ਰਾਮ ਕੀ ਪੱਤੀ ਵਿੱਚ ਤੀਜ ਤਿਉਹਾਰ ਸਮਾਰੋਹ



ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪਿੰਡ ਦੇ ਸਰਪੰਚ ਕਮਲਜੀਤ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਪਦਮਸ਼੍ਰੀ ਪਰਗਟ ਸਿੰਘ ਦਾ ਸ਼ਾਨਦਾਰ ਸਵਾਗਤ ਕੀਤਾ।ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਤੀਜ ਤਿਉਹਾਰ ਖਾਸ ਕਰਕੇ ਔਰਤਾਂ ਦਾ ਤਿਉਹਾਰ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਪਿੰਡਾਂ ਵਿੱਚ ਤੀਜ ਦਾ ਤਿਉਹਾਰ ਬਹੁਤ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸ ਰਾਹੀਂ ਸਾਡੀ ਪੰਜਾਬੀ ਵਿਰਾਸਤ ਨੂੰ ਸੁਰੱਖਿਅਤ ਰੱਖਿਆ ਜਾ ਰਿਹਾ ਹੈ। ਉਨ੍ਹਾਂ ਸਾਵਣ ਦੇ ਪਵਿੱਤਰ ਤੀਜ ਤਿਉਹਾਰ 'ਤੇ ਸਾਰੀਆਂ ਔਰਤਾਂ ਅਤੇ ਕੁੜੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ।ਇਸ ਦੌਰਾਨ ਪਿੰਡ ਦੀਆਂ ਕੁੜੀਆਂ ਅਤੇ ਔਰਤਾਂ ਨੇ ਮਿਲ ਕੇ ਸੱਭਿਆਚਾਰਕ ਅਤੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ। ਉਨ੍ਹਾਂ ਨੇ ਤੀਜ ਨਾਲ ਸਬੰਧਤ ਗੀਤਾਂ 'ਤੇ ਪੇਸ਼ਕਾਰੀ ਕੀਤੀ ਅਤੇ ਗਿੱਧਾ ਵੀ ਪਾਇਆ ਤੇ ਤੀਜ ਦੇ ਸ਼ੁਭ ਮੌਕੇ 'ਤੇ ਝੂਲੇ ਵੀ ਝੂਟੇ। ਅੰਤ ਵਿੱਚ ਪੰਚਾਇਤ ਤੇ ਔਰਤਾਂ ਨੇ ਮਿਲ ਕੇ ਵਿਧਾਇਕ ਪ੍ਰਗਟ ਸਿੰਘ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਬਲਾਕ ਪ੍ਰਧਾਨ ਜਗਤਾਰ ਸਿੰਘ, ਜੰਡਿਆਲਾ ਪ੍ਰਧਾਨ ਗੁਰਪ੍ਰੀਤ ਸਿੰਘ ਗੋਪੀ ਅਤੇ ਪੰਚ ਮੱਖਣ ਸਿੰਘ ਤੇ ਹੋਰ ਸਾਥੀ ਮੌਜੂਦ ਸਨ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀ ਬਾਜ਼ੀ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**—ਪੰਜਾਬ ਦੇ ਸਕੂਲਾਂ ਵਿੱਚ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਦਬਦਬਾ ਬਣਾਉਣ ਤੋਂ ਇਲਾਵਾ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਡੇਰਾਬੱਸੀ ਨੇ ਸੀਬੀਐੱਸਈ ਕਲੱਸਟਰ 2025 ਮੁਕਾਬਲਿਆਂ ਵਿੱਚ ਆਪਣੀ ਬੇਮਿਸਾਲ ਖੇਡ ਮੁਹਾਰਤ ਸਾਬਤ ਕਰਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹੋਲੀ ਹਾਰਟ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਆਪਣੇ ਪਹਿਲੇ ਅੰਡਰ-14 ਗਰਲਜ ਕਬੱਡੀ ਟੂਰਨਾਮੈਂਟ ਵਿੱਚ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ। ਜਿਸ ਵਿੱਚ ਹਰਮਨ ਕੌਰ (9ਵੀਂ ਜਮਾਤ) ਨੇ ਆਪਣੇ ਬੇਮਿਸਾਲ ਬਚਾਅ ਲਈ ਵੱਕਾਰੀ ਸਰਵੋਤਮ ਕਬੱਡੀ ਜਾਫੀ ਪੁਰਸਕਾਰ ਜਿੱਤਿਆ। ਆਪਣੀ ਜਿੱਤ ਦੀ ਲੜੀ ਜਾਰੀ ਰੱਖਦੇ ਹੋਏ ਕੁੜੀਆਂ ਦੀ ਖੋ-ਖੋ ਟੀਮ ਨੇ ਡੀਏਵੀ ਸਕੂਲ ਲਹਿਰਾਗਾਗਾ ਵਿਖੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਨੇ ਪੰਜਾਬ ਦੇ ਸਕੂਲਾਂ ਵਿੱਚ ਟੂਰਨਾਮੈਂਟਾਂ ਵਿੱਚ ਕਈ ਤਗਮੇ ਜਿੱਤਣ ਦਾ ਜਸ਼ਨ ਮਨਾਇਆ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਉਪ-ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਖਿਡਾਰੀਆਂ ਦੇ ਸਮਰਪਣ ਦੀ ਸਲਾਘਾ ਕੀਤੀ। ਪ੍ਰਿੰਸੀਪਲ ਕਵਿਤਾ ਅੱਤਰੀ ਨੇ ਕੋਚ ਜੁਪਿੰਦਰ ਸਿੰਘ ਅਤੇ ਸੁਨੇਹਾ ਦੀ ਰਣਨੀਤਕ ਪ੍ਰਤਿਭਾ ਅਤੇ ਪ੍ਰੇਰਕ ਮਾਰਗ ਦਰਸ਼ਨ ਲਈ ਪ੍ਰਸ਼ੰਸਾ ਕੀਤੀ ਜਿਸਨੇ ਸਖਤ ਮਿਹਨਤ ਨੂੰ ਮਹਿਮਾ ਵਿੱਚ ਬਦਲ ਦਿੱਤਾ।

# ਲੈਂਡ ਪੂਲਿੰਗ ਸਕੀਮ ਰਾਹੀਂ ਕਿਸਾਨਾਂ ਨਾਲ ਧੱਕਾ ਬਰਦਾਸ਼ਤ ਨਹੀਂ : ਸੁਰਿੰਦਰ ਜਾਜਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਲੈਂਡ ਪੂਲਿੰਗ ਸਕੀਮ ਚਾਲੂ ਕਰਕੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਹੱਕਾਂ ਨਾਲ ਕੀਤੇ ਜਾ ਰਹੇ ਖਿਲਵਾੜ ਨੂੰ ਰੋਕਣ ਅਤੇ ਕਿਸਾਨਾਂ ਦਾ ਸਾਥ ਦੇਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਭਾਵਾਧਸ



ਪੰਜਾਬ ਦੇ ਕਨਵੀਨਰ ਸੁਰਿੰਦਰ ਜਾਜਾ ਦੀ ਅਗਵਾਈ 'ਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਸਮਾਜਿਕ ਸੰਸਥਾਵਾਂ ਤੋਂ ਇਲਾਵਾ ਸਮੂਹ ਭਾਵਾਧਸ ਮੈਂਬਰਾਂ ਨੇ ਭਾਗ ਲਿਆ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਚਾਲੂ ਕਰਕੇ ਕਿਸਾਨਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਉਸ ਨੂੰ ਭਾਵਾਧਸ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਤਹਿਤ ਪੰਜਾਬ ਦੀ ਕਰੀਬ 155 ਏਕੜ ਜ਼ਮੀਨ ਪ੍ਰਭਾਵਿਤ ਹੋਵੇਗੀ ਜਿਸ ਕਾਰਨ ਕਿਸਾਨਾਂ ਦੇ ਨਾਲ-ਨਾਲ ਖੇਤ-ਮਜ਼ਦੂਰ, ਡੇਅਰੀ ਫਾਰਮ, ਮੱਛੀ ਪਾਲਣ, ਦੁਕਾਨਦਾਰ ਤੋਂ ਇਲਾਵਾ ਹੋਰ ਕਈ ਛੋਟੇ ਵੱਡੇ ਵਪਾਰੀ ਵੀ ਪ੍ਰਭਾਵਿਤ ਹੋਣਗੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਸਕੀਮ ਨੂੰ ਜਲਦ ਰੱਦ ਕਰੇ, ਨਹੀਂ ਤਾਂ ਭਾਵਾਧਸ ਪੰਜਾਬ ਭਰ ਵਿੱਚ ਧਰਨੇ ਤੇ ਰੋਸ ਰੈਲੀਆਂ ਸ਼ੁਰੂ ਕਰੇਗਾ। ਇਸ ਮੌਕੇ ਸੁਰਜੀਤ ਰਾਜਾ, ਬੋਬੀ ਰਾਜਪੁਰ, ਸੋਢੀ ਨੰਗਲ ਖੂੰਗਾ, ਰਜੇਸ਼ ਬੰਟੀ, ਕਰਨ ਕੁਮਾਰ, ਜਸਵੰਤ ਢਡਿਆਲਾ, ਮਨਸਾ ਰਾਵਾਂ, ਮੋਦਨੀ ਸੰਧੂ, ਭੂਪਾਲ ਸਿੰਘ ਤੇ ਹੋਰ ਹਾਜ਼ਰ ਸਨ।

## ਵਿਦਿਆਰਥੀਆਂ ਵੱਲੋਂ ਡ੍ਰੀਮਲੈਂਡ ਦਾ ਵਿਸ਼ੇਸ਼ ਟਰਿੱਪ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਡਿਪਸ ਭੋਗਪੁਰ ਵਲੋਂ ਵਿਦਿਆਰਥੀਆਂ ਦੇ ਡ੍ਰੀਮਲੈਂਡ ਜਾਣ ਲਈ ਵਿਸ਼ੇਸ਼ ਟ੍ਰਿੱਪ ਦਾ ਆਯੋਜਨ ਕੀਤਾ ਗਿਆ। ਇਸ ਟ੍ਰਿੱਪ ਲਈ ਵਿਦਿਆਰਥੀਆਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ ਉਨਾਂ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਡ੍ਰੀਮਲੈਂਡ ਵਿਖੇ ਮਨੋਰੰਜਨ ਦੇ ਵੱਖ-ਵੱਖ ਸਾਧਨਾਂ ਜਿਵੇਂ



ਵਾਟਰ ਪਾਰਕ,ਇਲੈਕਟ੍ਰਾਨਿਕ ਰਾਇਡ, ਚੰਡੋਲ, ਬੋਟ ਰਾਇਡ ਆਦਿ ਨਾਲ ਖੂਬ ਅਨੰਦ ਮਾਣਿਆ। ਸਵੇਰ ਦਾ ਨਾਸ਼ਤਾ ਅਤੇ ਦੁਪਹਿਰ ਦੇ ਭੋਜਨ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਵਿਦਿਆਰਥੀ ਅਨੁਸ਼ਾਸਨ ਦੇ ਨਾਲ- ਨਾਲ ਖੁਸ਼ੀ ਦੇ ਰੌਅ ਵਿੱਚ ਵਿਖਾਈ ਦੇ ਰਹੇ ਸਨ। ਇਸ ਮੌਕੇ 'ਤੇ ਡਿਪਸ ਵਿਦਿਆਲਿਆ ਦੇ ਐਮ.ਡੀ. ਤਰਵਿੰਦਰ ਸਿੰਘ, ਸੀ.ਈ.ਓ ਮੋਨੀਕਾ ਮੰਡੋਤਰਾ, ਸੀ.ਏ.ਓ ਰਮਣੀਕ, ਸੀ. ਏ.ਓ ਜਸਨ ਸਿੰਘ, ਚੇਅਰਪਰਸਨ ਸ੍ਰੀਮਤੀ ਜਸਵਿੰਦਰ ਕੌਰ, ਵਾਇਸ ਚੇਅਰਪਰਸਨ ਪ੍ਰੀਤਿੰਦਰ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਗੁਰਵੀਨ ਕੌਰ ਨੇ ਡ੍ਰੀਮਲੈਂਡ ਟ੍ਰਿੱਪ ਦੌਰਾਨ ਵਿਦਿਆਰਥੀਆਂ ਨੂੰ ਉਨਾਂ ਵਲੋਂ ਵਿਖਾਏ ਅਨੁਸ਼ਾਸਨ ਦੀ ਸਲਾਹਨਾ ਕਰਦਿਆਂ ਵਧੀਆ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

# ਸ਼ਹਿਰ ਦੀ ਸੁੰਦਰਤਾ ਨੂੰ ਮਿਲੇਗੀ ਨਵੀਂ ਪਹਿਚਾਣ : ਜਿੰਪਾ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**

ਹੁਸ਼ਿਆਰਪੁਰ ਦੇ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੀ ਪਟੀਸ਼ਨ ਕਮੇਟੀ ਦੇ ਚੇਅਰਮੈਨ ਬ੍ਰਮ ਸ਼ੰਕਰ ਜਿੰਪਾ ਨੇ ਸ਼ਹਿਰ ਦੇ ਸੁੰਦਰੀਕਰਨ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਚੁੱਕਦੇ ਹੋਏ



ਇਨਡੋਰ ਸਟੇਡੀਅਮ ਤੋਂ ਮੋਨਾ ਮੈਮੋਰੀਅਲ ਚਰਚ ਅਤੇ ਮੁੱਖ ਡਾਕਘਰ ਨੂੰ ਜੋੜਨ ਵਾਲੀ ਸੜਕ ਦੇ ਸੁੰਦਰੀਕਰਨ ਦੇ ਕੰਮ ਦਾ ਉਦਘਾਟਨ ਕਰਕੇ ਸ਼ਹਿਰ ਦੀ ਕਾਇਆ ਕਲਪ ਵੱਲ ਇਕ ਮਹੱਤਵਪੂਰਨ ਕਦਮ ਚੁੱਕਿਆ। ਇਹ ਪ੍ਰੋਜੈਕਟ ਇੰਟਰਨੈਸ਼ਨਲ ਟਰੈਕਟਰਜ਼ ਲਿਮਟਿਡ ਸੋਨਾਲੀਕਾ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ, ਜੋ ਕਿ ਸ਼ਹਿਰ ਦੇ ਵਿਕਾਸ ਵਿਚ ਲਗਾਤਾਰ ਯੋਗਦਾਨ ਪਾ ਰਿਹਾ ਹੈ।ਜਿੰਪਾ ਨੇ ਕਿਹਾ ਕਿ ਇਸ ਇਲਾਕੇ ਵਿਚ ਆਧੁਨਿਕ ਸਟਰੀਟ ਲਾਈਟਾਂ ਲਗਾਈਆਂ ਜਾਣਗੀਆਂ ਅਤੇ ਸੜਕ ਦੇ ਦੋਵੇਂ ਪਾਸੇ ਸੁੰਦਰੀਕਰਨ ਦਾ ਕੰਮ ਕੀਤਾ ਜਾਵੇਗਾ, ਜਿਸ ਨਾਲ ਸਥਾਨਕ ਨਾਗਰਿਕਾਂ ਨੂੰ ਬਿਹਤਰ ਵਾਤਾਵਰਨ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਰਸਤਾ ਸਵੇਰ ਅਤੇ ਸ਼ਾਮ ਦੀ ਸੈਰ ਕਰਨ ਵਾਲਿਆਂ ਲਈ ਇਕ ਪ੍ਰਮੁੱਖ ਸਥਾਨ ਹੈ ਅਤੇ ਇਸ ਦਾ ਸੁੰਦਰੀਕਰਨ ਲੋਕਾਂ ਨੂੰ ਇਕ ਸੁਹਾਵਣਾ ਅਨੁਭਵ ਦੇਵੇਗਾ।ਵਿਧਾਇਕ ਨੇ ਮੋਨਾ ਮੈਮੋਰੀਅਲ ਚਰਚ ਦੇ ਇਤਿਹਾਸਕ ਮਹੱਤਵ 'ਤੇ ਵੀ ਚਾਨਣਾ ਪਾਇਆ ਅਤੇ ਕਿਹਾ ਕਿ ਇਸ ਖੇਤਰ ਦਾ ਵਿਕਾਸ ਸੱਭਿਆਚਾਰਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਮਹੱਤਵਪੂਰਨ ਹੈ। ਸੋਨਾਲੀਕਾ ਇੰਡਸਟਰੀਜ਼ ਦੇ ਮਿੱਤਲ ਪਰਵਾਰ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਵਿਚ ਉਨ੍ਹਾਂ ਦਾ ਸਹਿਯੋਗ ਸ਼ਲਾਘਾਯੋਗ ਹੈ ਅਤੇ ਭਵਿੱਖ ਵਿਚ ਵੀ ਉਨ੍ਹਾਂ ਦਾ ਸਹਿਯੋਗ ਲਿਆ ਜਾਵੇਗਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੋਨਾਲੀਕਾ ਦੇ ਸੀ.ਐਸ.ਆਰ ਹੈਂਡ ਜੇ.ਐਸ ਚੌਹਾਨ, ਅਤੁਲ ਸ਼ਰਮਾ, ਜੇਸਨ ਮੈਥਿਊ, ਰਾਜੀਵ ਰੰਗਾ, ਸਟੀਫਨ, ਵਿਕਟਰ ਅਤੇ ਹੋਰ ਬਹੁਤ ਸਾਰੇ ਪਤਵੰਤੇ ਮੌਜੂਦ ਸਨ।

# ਇੰਡੀਆ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਅੱਜ ਤੋਂ

**ਜਲੰਧਰ (ਸ਼ੈਲੀ ਐਲਬਰਟ)**-15ਵੀਂ ਹਾਕੀ ਇੰਡੀਆ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ 12 ਅਗਸਤ ਤੋਂ 23 ਅਗਸਤ ਤੱਕ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਕਰਵਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿਚ ਪੰਜਾਬ ਸਹਿਤ ਦੇਸ਼ ਭਰ ਦੀਆਂ 30 ਟੀਮਾਂ ਭਾਗ ਲੈਣਗੀਆਂ।

## ਬਲਾਕ ਸੰਮਤੀ ਤੇ ਜਿਲਾ ਪ੍ਰੀਸ਼ਦ ਚੋਣਾਂ ਲੋਕ ਪੱਖੀ ਧਿਰਾਂ ਰਲ ਕੇ ਲੜਨਗੀਆਂ : ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਜਿਨ੍ਹਾਂ ਸਰਕਾਰਾਂ ਨੇ ਕਿਸਾਨਾਂ ਦੀ ਜ਼ਮੀਨ ਹੜੱਪਣ ਤੇ ਪੇਂਡੂ ਰੁਜ਼ਗਾਰ ਤੇ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਵਿਰੁੱਧ ਲੋਕ ਹਰ ਫਰੰਟ ਤੇ ਲੜਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਸਿੰਘ ਰਾਣਾ ਮੈਂਬਰ ਸੂਬਾ ਵਰਕਿੰਗ ਕਮੇਟੀ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਪਿੰਡ ਨੱਥਾ ਨੰਗਲ 'ਚ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ 'ਚ ਲੋਕ ਪੱਖੀ ਧਿਰਾਂ ਦਾ ਇੱਕ ਸਾਂਝਾ ਮੋਰਚਾ ਦਾ ਗਠਨ ਕੀਤਾ ਜਾਵੇਗਾ ਜਿਸ ਦੀ ਸ਼ੁਰੂਆਤ ਛੇਤੀ ਕੀਤੀ ਜਾ ਰਹੀ ਹੈ। ਹਾਕਮ ਧਿਰਾਂ ਨੇ ਲੋਕ ਵਿਰੋਧੀ ਲੈਂਡ ਪੂਲਿੰਗ ਸਕੀਮ ਲਿਆਂਦੀ, ਮਨਰੇਗਾ ਦੇ ਕੰਮ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਉਹਨਾਂ ਵਿਰੁੱਧ ਹਰ ਫਰੰਟ ਤੇ ਲੜਾਈ ਹੋਵੇਗੀ।

# ਆਜ਼ਾਦੀ ਦਿਹਾੜੇ 'ਤੇ ਤਰੁਨਪ੍ਰੀਤ ਸਿੰਘ ਸੌਂਦ ਲਹਿਰਾਉਣਗੇ ਕੌਮੀ ਝੰਡਾ

**ਜਲੰਧਰ, (ਸੈਲੀ ਐਲਬਰਟ, ਸੁਰਿੰਦਰ ਕੁਮਾਰ)**

ਆਜ਼ਾਦੀ ਦਿਹਾੜੇ ਮੌਕੇ 15 ਅਗਸਤ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਰੋਹ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ,



ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਰੋਹ ਦੀ ਚੱਲ ਰਹੀ ਰਿਹਰਸਲ ਦਾ ਜਾਇਜ਼ਾ ਲਿਆ ਅਤੇ ਸਮਾਗਮ ਦੌਰਾਨ ਭਾਗ ਲੈਣ ਵਾਲੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਡਾ. ਅਗਰਵਾਲ ਨੇ ਦੱਸਿਆ ਕਿ ਸਮਾਗਮ ਦੌਰਾਨ ਆਈ.ਟੀ.ਬੀ.ਪੀ., ਪੰਜਾਬ ਪੁਲਸ (ਪੁਰਸ਼ ਤੇ ਮਹਿਲਾ), ਪੀ.ਏ.ਪੀ., ਪੰਜਾਬ ਹੋਮਗਾਰਡਜ਼, ਐਨ.ਸੀ.ਸੀ. ਲੜਕੇ ਤੇ ਲੜਕੀਆਂ ਦੀਆਂ ਟੁਕੜੀਆਂ ਵਲੋਂ ਮਾਰਚ ਪਾਸਟ ਕੀਤਾ ਜਾਵੇਗਾ। ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਪੀ.ਟੀ. ਸ਼ੋਅ ਤੋਂ ਇਲਾਵਾ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਦੇਣਗੇ। ਉਨ੍ਹਾਂ ਅੱਗੇ ਦੱਸਿਆ ਕਿ ਸਮਾਰੋਹ ਦੌਰਾਨ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਅਤੇ ਵੱਖ-ਵੱਖ ਵਿਭਾਗਾਂ ਦੇ ਬਿਹਤਰੀਨ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਆਜ਼ਾਦੀ ਦਿਹਾੜੇ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਹੋਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ, ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਐਸ.ਡੀ.ਐਮ. ਰਣਦੀਪ ਸਿੰਘ ਹੀਰ, ਐਸ.ਡੀ.ਐਮ. ਸ਼ਾਇਰੀ ਮਲਹੋਤਰਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਮੌਜੂਦ ਸਨ।

## ਸੂਬੇ ਦੇ ਵਿਕਾਸ 'ਚ ਭਾਗੀਦਾਰੀ ਲਈ ਤਿਆਰ ਹਨ ਨੌਜਵਾਨ : ਡਾ. ਰਾਜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੀਤੇ ਦਿਨੀਂ ਡਾ. ਰਾਜ ਕੁਮਾਰ ਚੱਬੇਵਾਲ ਲੋਕ ਸਭਾ ਮੈਂਬਰ ਹੁਸ਼ਿਆਰਪੁਰ ਵੱਲੋਂ ਆਪਣੇ ਹਲਕੇ ਦੇ ਯੂਥ ਵਿੰਗ ਦੇ ਮੈਂਬਰਾਂ ਨਾਲ ਇੱਕ ਮੀਟਿੰਗ ਕੀਤੀ ਗਈ ।ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਸਾਥੀਆਂ ਨੇ ਹਿੱਸਾ ਲਿਆ ਜਿਸ ਵਿੱਚ



ਪਾਰਟੀ ਵੱਲੋ ਯੂਥ ਕੋਆਰਡਨੇਟਰ ਬਣਾਏ ਗਏ। ਮੀਟਿੰਗ ਦੌਰਾਨ ਡਾ. ਰਾਜ ਨੇ ਦੱਸਿਆ ਕਿ ਯੂਥ ਵਿੰਗ ਦੇ ਬਲਾਕ ਕੋਆਰਡੀਨੇਟਰ ਅਤੇ ਪਿੰਡ ਕੋਆਰਡੀਨੇਟਰ ਦੇ ਇੱਕ 21-21 ਮੈਂਬਰਾਂ ਦਾ ਕਲੱਬ ਰਜਿਸਟਰ ਕੀਤਾ ਜਾਵੇਗਾ। ਇਸ ਕਲੱਬ ਦੇ ਮੈਂਬਰ ਹਰ ਬਲਾਕ ਅਤੇ ਪਿੰਡਾਂ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰਨਗੇ। ਡਾ. ਰਾਜ ਨੇ ਨੌਜਵਾਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਰਗਰਮ ਭੂਮਿਕਾ ਪਿੰਡਾਂ ਤੇ ਸੂਬੇ ਦੇ ਵਿਕਾਸ ਲਈ ਬਹੁਤ ਮੱਹਤਵਪੂਰਨ ਹੈ।ਉਹਨਾਂ ਖੁਸ਼ੀ ਜਾਹਿਰ ਕੀਤੀ ਕਿ ਇਹ ਨੌਜਵਾਨ ਆਪਣੇ ਸੂਬੇ ਦੇ ਵਿਕਾਸ ਵਿੱਚ ਭਾਗੀਦਾਰੀ ਪਾਉਣ ਲਈ ਤਿਆਰ ਹਨ।